@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 30 September 2024

VISIT:
www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸੋਮਵਾਰ 30 ਸਤੰਬਰ 2024, 15 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 325, qpatrika@gmail.com ਫੋਨ : 9971359517 www.qaumipatrika.org

## ਪੰਜਾਬ ਸਰਕਾਰ ਦੀ ਬੱਲੇ-ਬੱਲੇ, ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ’ਚ ਬਣਾਇਆ ਰਿਕਾਰਡ

ਚੰਡੀਗੜ੍ਹ 29 ਸਤੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮਿਸ਼ਨ ਰੁਜਗਾਰ ਪੰਜਾਬ ਦੇ ਬੇਰੁਜਗਾਰ ਨੌਜਵਾਨਾਂ ਲਈ ਆਸ ਦੀ ਕਿਰਨ ਬਣ ਗਿਆ ਹੈ। ਇਸ ਮਿਸਨ ਤਹਿਤ ਪੰਜਾਬ ਸਰਕਾਰ ਵੱਲੋਂ ਹੁਣ ਤੱਕ 45,708 ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸਵਤ ਜਾਂ ਸਿਆਸੀ ਸਿਫਾਰਸ ਅਤੇ ਯੋਗਤਾ ਦੇ ਆਧਾਰ ’ਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਦੇ ਅਸਰ ਹੈ ਕਿ ਹੁਣ ਬਹੁਤ ਸਾਰੇ ਨੌਜਵਾਨ



ਵਿਦੇਸੀ ਧਰਤੀ ਨੂੰ ਅਲਵਿਦਾ ਕਹਿ ਕੇ ਇੱਥੇ ਸਰਕਾਰੀ ਨੌਕਰੀ ਹਾਸਲ ਕਰਨ ਲਈ ਤਿਆਰੀ ਕਰ ਰਹੇ ਹਨ। ਪੰਜਾਬ ਸਰਕਾਰ ਲਗਾਤਾਰ ਵੱਖ-ਵੱਖ ਅਹੁਦਿਆਂ ਦੀਆਂ ਖਾਲ੍ਹੀ ਅਸਾਮੀਆਂ ‘ਤੇ ਭਰਤੀਆਂ ਕਰ ਰਹੀ ਹੈ। ਜਿ਼ਕਰਯੋਗ ਹੈ ਕਿ ਪੰਜਾਬ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਬੇਰੁਜਗਾਰੀ ਇਕ ਵੱਡਾ ਮੁੱਦਾ ਤੇ ਸਮੱਸਿਆ ਬਣੀ ਹੋਈ ਸੀ। ਹਰ ਸਾਲ ਲੱਖਾਂ ਨੌਜਵਾਨ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਨੌਕਰੀ ਦੀ ਭਾਲ ਕਰਦੇ ਹਨ। ਇਸ ਸਮੇਂ ਦੇਸ ਵਿਚ ਬੇਰੁਜਗਾਰੀ ਦੀ ਦਰ ਸਿਖਰ ‘ਤੇ ਹੈ ਪਰ ਪੰਜਾਬ ਸਰਕਾਰ ਨੇ ਇਸ ਸਮੱਸਿਆ ਨਾਲ ਦੋ-ਦੋ ਹੱਥ ਕਰਨ ਲਈ ਵੱਡੇ ਪੱਧਰ ‘ਤੇ ਮੁਹਿੰਮ ਵਿੱਢੀ ਹੈ। ਸੂਬਾ ਸਰਕਾਰ ਨੇ ਸਿਰਫ ਢਾਈ ਸਾਲਾਂ ‘ਚ ਹੀ 45,708 ਨੌਕਰੀਆਂ ਦੇ ਕੇ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ ਅਤੇ ਨੌਕਰੀਆਂ ਦੇਣ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਇਸਦਾ ਨਤੀਜਾ ਇਹ ਸਾਹਮਣੇ ਆਇਆ ਹੈ ਕਿ ਨੌਜਵਾਨ ਵਿਦੇਸਾਂ ਨੂੰ ਛੱਡ ਕੇ ਆਪਣੇ ਪੰਜਾਬ ਦੀ ਧਰਤੀ ਉਤੇ ਵਾਪਸ ਆ ਰਹੇ ਹਨ। ਦੱਸਣਯੋਗ ਹੈ ਕਿ ਸੱਤਾ ਵਿਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਗਾਰੰਟੀਆਂ ਦਿੱਤੀਆਂ ਸਨ, ਜਿਨ੍ਹਾਂ ‘ਚੋਂ ਜਿ਼ਆਦਾਤਰ ਨੂੰ ਪੂਰਾ ਕਰ ਦਿੱਤਾ ਗਿਆ ਹੈ। ਨੌਕਰੀਆਂ ਦੇਣ ਦਾ ਵਾਅਦਾ ਵੀ ਇਨ੍ਹਾਂ ਵਿੱਚੋਂ ਇਕ ਸੀ। ਸੂਬੇ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਗਾਰੰਟੀ ਪੂਰੀ ਕਰਨ ਦੇ ਮਕਸਦ ਨੂੰ ਜਾਰੀ ਰੱਖਦੇ ਹੋਏ ਮਾਨ ਸਰਕਾਰ ਨੇ ਸਿਰਫ ਢਾਈ ਸਾਲਾਂ ‘ਚ ਹੀ 45,708 ਨੌਕਰੀਆਂ ਦੇ ਕੇ ਪੰਜਾਬ ਦੀ ਜਵਾਨੀ ਦੇ ਸੁਨਿਹਰੇ ਭਵਿੱਖ ਦੀ ਆਸ ਜਗਾਈ ਹੈ।

## ਰਾਹੁਲ ਗਾਂਧੀ ਨੇ ਐਕਸ ’ਤੇ ਪੋਸਟ ਕਰ ਭਾਜਪਾ ਸਰਕਾਰ ‘ਤੇ ਵਿਨ੍ਹੇ ਨਿਸ਼ਾਨੇ

ਨਵੀਂ ਦਿੱਲੀ 29 ਸਤੰਬਰ। ਲੋਕ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਨੀਵਾਰ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੇ ਗਏ ਕਾਂਗਰਸ ਦੇ ਚੋਣ ਮਨੋਰਥ ਪੱਤਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਸੂਬੇ ‘ਚ ‘ਦਹਾਕੇ ਦਾ ਦਰਦ’ ਖਤਮ ਕਰੇਗੀ। ਕਾਂਗਰਸ ਦੀ ਹਰਿਆਣਾ ਇਕਾਈ ਨੇ ਸਨੀਵਾਰ ਨੂੰ ਰਾਜ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ, ਜਿਸ ਵਿੱਚ ਕਿਸਾਨਾਂ ਦੀ ਭਲਾਈ ਲਈ ਇੱਕ ਕਮਿਸਨ ਦਾ ਗਠਨ, ਸਹੀਦ ਸੈਨਿਕਾਂ ਦੇ ਪਰਿਵਾਰਾਂ ਲਈ 2 ਕਰੋੜ ਰੁਪਏ, ਰੁਜਗਾਰ ਸਿਰਜਣ ਸਮੇਤ ਕਈ ਵਾਅਦੇ ਕੀਤੇ ਗਏ ਹਨ। ਰਾਹੁਲ ਗਾਂਧੀ ਨੇ ‘ਐਕਸ’ ‘ਤੇ ਪੋਸਟ ਕੀਤਾ, “ਭਾਜਪਾ ਨੇ ਇਕ ਦਹਾਕੇ ‘ਚ ਹਰਿਆਣਾ ਦੀ ਖੁਸਹਾਲੀ, ਉਸ ਦੇ ਸੁਫਨੇ ਅਤੇ ਸੱਤਾ ਖੋਹ ਲਈ। ਅਗਨੀਵੀਰ ਤੋਂ ਦੇਸ ਭਗਤ ਨੌਜਵਾਨਾਂ ਦੀਆਂ ਅਕਾਂਖਿਆਵਾਂ ਖੋਹ ਲਈਆਂ ਗਈਆਂ,



ਬੇਰੋਜਗਾਰੀ ਨਾਲ ਪਰਿਵਾਰਾਂ ਦਾ ਹਾਸਾ ਖੋਹ, ਔਰਤਾਂ ਦੀ ਆਤਮ ਨਿਰਭਰਤਾ ਮਹਿੰਗਾਈ ਨੇ ਖੋਹ ਲਈ।“ ਉਨ੍ਹਾਂ ਦੋਸ ਲਾਇਆ ਕਿ ਭਾਜਪਾ ਨੇ ਕਾਲੇ ਕਾਨੂੰਨ ਲਿਆ ਕੇ ਕਿਸਾਨਾਂ ਦੇ ਹੱਕ ਖੋਹਣ ਦੀ ਕੋਸਿ਼ਸ ਕੀਤੀ। ਫਿਰ ਨੋਟਬੰਦੀ ਅਤੇ ਗਲਤ ਜੀਐਸਟੀ ਰਾਹੀਂ ਲੱਖਾਂ ਛੋਟੇ ਵਪਾਰੀਆਂ ਦਾ ਮੁਨਾਫਾ ਖੋਹ ਲਿਆ। ਆਪਣੇ ਚੁਣੇ ਹੋਏ ‘ਦੋਸਤਾਂ’ ਨੂੰ ਲਾਭ ਪਹੁੰਚਾਉਣ ਲਈ ਉਹਨਾਂ ਨੇ ਹਰਿਆਣੇ ਦਾ ਸਵੈ-ਮਾਣ ਵੀ ਖੋਹ ਲਿਆ। ਸਾਬਕਾ ਪਾਰਟੀ ਪ੍ਰਧਾਨ ਨੇ ਕਿਹਾ, “ਆਉਣ ਵਾਲੀ ਕਾਂਗਰਸ ਸਰਕਾਰ ‘ਦਰਦ ਦੇ ਦਹਾਕੇ’ ਨੂੰ ਖਤਮ ਕਰੇਗੀ – ਇਹ ਹਰ ਹਰਿਆਣਾ ਵਾਸੀ ਦੀਆਂ ਉਮੀਦਾਂ, ਇੱਛਾਵਾਂ ਅਤੇ ਸੁਫਨਿਆਂ ਨੂੰ ਪੂਰਾ ਕਰਨ ਦਾ ਸਾਡਾ ਸੰਕਲਪ ਹੈ।“ ਉਨ੍ਹਾਂ ਕਿਹਾ ਕਿ ਬੱਚਤ ਤੋਂ ਲੈ ਕੇ ਸਿਹਤ, ਅਧਿਕਾਰਾਂ ਦੀ ਰਾਖੀ ਤੋਂ ਲੈ ਕੇ ਸਮਾਜਿਕ ਸੁਰੱਖਿਆ, ਰੁਜਗਾਰ ਸਿਰਜਣਾ, ਹਰ ਪਰਿਵਾਰ ਹੱਸਦਾ-ਖੇਡਦਾ, ਇਹੀ ਕਾਂਗਰਸ ਦੀ ਗਾਰੰਟੀ ਹੈ।

# ਕੋਰੋਨਾ ਦੌਰਾਨ ਜਾਨ ਗੁਆਉਣ ਵਾਲੇ ਯੋਧਿਆਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਦੇਣ ਦਾ ਐਲਾਨ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 29 ਸਤੰਬਰ। ਦਿੱਲੀ ਸਰਕਾਰ ਨੇ ਕੋਵਿਡ-19 ਮਹਾਮਾਰੀ ਦੌਰਾਨ ਜਾਨ ਗੁਆਉਣ ਵਾਲੇ 5 ਕੋਰੋਨਾ ਯੋਧਿਆਂ ‘ਚੋਂ ਹਰੇਕ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਫਾਰਮਾਸਿਸਟ ਸੰਜੇ ਮਨਚੰਦਾ, ਮੌਲਾਨਾ ਆਜਾਦ ਮੈਡੀਕਲ ਕਾਲਜ ‘ਚ ਜੂਨੀਅਰ ਅਸਿਸਟੈਂਟ ਰਵੀ ਕੁਮਾਰ ਸਿੰਘ, ਸੈਨੀਟੇਸਨ ਵਰਕਰ ਵਰਿੰਦਰ ਕੁਮਾਰ, ਦਿੱਲੀ ਪੁਲਸ ਅਧਿਕਾਰੀ ਭਵਾਨੀ ਚੰਦਰ ਅਤੇ ਪ੍ਰਾਇਮਰੀ ਅਧਿਆਪਕ ਮੁਹੰਮਦ ਯਾਸੀਨ ਦੇ ਪਰਿਵਾਰ ਨੂੰ ਇਹ ਰਾਸ਼ੀ ਦਿੱਤੀ ਜਾਵੇਗੀ। ਮਹਾਮਾਰੀ ਦੌਰਾਨ ਆਪਣੇ ਕਰੱਤਵਾਂ ਦਾ ਪਾਲਣ ਕਰਦਿਆਂ ਸਾਰੇ 5 ਲੋਕਾਂ ਦੀ ਮੌਤ ਹੋ ਗਈ। ਓਧਰ ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਵਿੱਤੀ ਮੁਆਵਜਾ ਪਰਿਵਾਰਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਨਹੀਂ ਕਰ ਸਕਦਾ ਪਰ ਉਨ੍ਹਾਂ ਨੂੰ ਸਨਮਾਨ ਨਾਲ ਜਿਊਣ ‘ਚ ਮਦਦ ਕਰੇਗਾ। ਉਨ੍ਹਾਂ ਨੇ ਕਿਹਾ ਕਿ ਦਿੱਲੀ ਵਿਚ ਕੋਰੋਨਾ ਯੋਧਿਆਂ ਨੇ ਮਹਾਮਾਰੀ ਦੌਰਾਨ ਮਨੁੱਖਤਾ ਅਤੇ ਸਮਾਜ ਦੀ ਰਾਖੀ ਕੀਤੀ ਅਤੇ ਆਪਣੇ ਬਾਰੇ ਸੋਚੇ ਬਿਨਾਂ ਆਪਣੀ ਜਿ਼ਦਗੀ ਕੁਰਬਾਨ ਕਰ ਦਿੱਤੀ। ਦਿੱਲੀ ਸਰਕਾਰ ਉਨ੍ਹਾਂ ਦੀ ਭਾਵਨਾ ਦਾ ਸਨਮਾਨ ਕਰਦੀ ਹੈ। ਆਤਿਸ਼ੀ ਨੇ ਅੱਗੇ ਕਿਹਾ ਕਿ ਸਰਕਾਰ



ਹਮੇਸ਼ਾ ਇਨ੍ਹਾਂ ਕੋਰੋਨਾ ਯੋਧਿਆਂ ਦੇ ਪਰਿਵਾਰਾਂ ਦਾ ਸਮਰਥਨ ਕਰੇਗੀ। ਕੋਵਿਡ-19 ਮਹਾਮਾਰੀ ਸਾਰਿਆਂ ਲਈ ਇਕ ਗੰਭੀਰ ਸੰਕਟ ਸੀ। ਇਸ ਨੇ ਲੋਕਾਂ ‘ਚ ਡਰ ਪੈਦਾ ਕੀਤਾ ਪਰ ਸਾਡੇ ਕੋਰੋਨਾ ਯੋਧਿਆਂ ਨੇ ਦਿੱਲੀ ਨੂੰ ਬਚਾਉਣ ਲਈ ਜੋਖਮ ਚੁੱਕਿਆ। ਹਜਾਰਾਂ ਕੋਰੋਨਾ ਯੋਧਿਆਂ, ਜਿਵੇਂ ਡਾਕਟਰ, ਮੈਡੀਕਲ ਸਟਾਫ, ਸਹਾਇਕ ਕਰਮੀ ਅਤੇ ਸਫਾਈ ਕਰਮੀਆਂ ਨੇ ਮਹਾਮਾਰੀ ਨਾਲ ਲੜਨ ਲਈ ਦਿਨ-ਰਾਤ ਕੰਮ ਕੀਤਾ। ਉਨ੍ਹਾਂ ਵਿਚੋਂ ਕਈਆਂ ਨੇ ਸੇਵਾ ਕਰਦਿਆਂ ਆਪਣੀ ਜਾਨ ਗੁਆ ਦਿੱਤੀ।

## ਕੀ ਬਿਹਾਰ ’ਚ ‘ਆਪ’ ਵਾਂਗ ਸਫਲ ਹੋਣਗੇ ਪ੍ਰਸ਼ਾਂਤ ਕਿਸ਼ੋਰ?

ਨਵੀਂ ਦਿੱਲੀ 29 ਸਤੰਬਰ। 2 ਅਕਤੂਬਰ ਨੂੰ ਇਕ ਨਵੀਂ ਸਿਆਸੀ ਪਾਰਟੀ ‘ਜਨ ਸੁਰਾਜ ਪਾਰਟੀ’ ਜਨਮ ਲੈਣ ਲਈ ਤਿਆਰ ਹੈ। ਚੋਣ ਸਲਾਹਕਾਰ ਤੋਂ ਨੇਤਾ ਬਣੇ ਪ੍ਰਸ਼ਾਂਤ ਕਿਸ਼ੋਰ ਇਕ ਆਦਰਸ਼ ਸ਼ਾਸਨ ਅਤੇ ਵਿਕਾਸ ਮਾਡਲ ਸਬੰਧੀ ਆਪਣੇ ਪਾਲੀਟਿਕਲ ਵਿਜਨ ਨੂੰ ਸਭ ਦੇ ਸਾਹਮਣੇ ਲਿਆਉਣਗੇ। ਉਨ੍ਹਾਂ ਪਹਿਲਾਂ ਹੀ ਇਹ ਐਲਾਨ ਕਰ ਕੇ ਹਲਚਲ ਮਚਾ ਦਿੱਤੀ ਸੀ ਕਿ ਉਹ ਨਿਤੀਸ਼ ਕੁਮਾਰ ਦੇ ਗਰੀਬ ਵਿਰੋਧੀ ਸ਼ਰਾਬਬੰਦੀ ਕਾਨੂੰਨ ਨੂੰ ਖਤਮ ਕਰ ਦੇਣਗੇ। ਪ੍ਰਸ਼ਾਂਤ ਕਿਸ਼ੋਰ ਨੇ ਭਾਜਪਾ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਲਈ ਜਿੱਤ ਦੀ ਰਣਨੀਤੀ ਤਿਆਰ



ਕਰਦੇ ਹੋਏ ਕਈ ਸੂਬਿਆਂ ’ਚ ਸਫਲਤਾਪੂਰਵਕ ਵੱਖ-ਵੱਖ ਮਾਡਲ ‘ਵੇਚੇ’ ਸਨ। ਉਨ੍ਹਾਂ ਦਾ ਮੰਨਣਾ ਹੈ ਕਿ ਬਿਹਾਰ ਨੂੰ ਨਵੇਂ ਚਿਹਰੇ ਦੀ ਲੋੜ ਹੈ, ਕਿਉਂਕਿ ਲੋਕ ਲਾਲੂ, ਨਿਤੀਸ਼ ਅਤੇ ਹੋਰ ਪਾਰਟੀਆਂ ਤੋਂ ਤੰਗ ਆ ਚੁੱਕੇ ਹਨ। ਕਿਸੇ ਨੂੰ ਇਸ ਦਾ ਪੂਰਾ ਭਰੋਸਾ ਨਹੀਂ ਹੈ ਕਿ ਕਿਸ਼ੋਰ ਵਿਧਾਨ ਸਭਾ ਚੋਣਾਂ ’ਚ ਕਿਸ ਨੂੰ ਟੱਕਰ ਦੇਣਗੇ। ਉਹ ਜਾਤੀ-ਧਰਮ ਤੋਂ ਉੱਪਰ ਉੱਠਣ ਦੀ ਲੋੜ ਬਾਰੇ ਗੱਲਾਂ ਕਰ ਰਹੇ ਸਨ ਪਰ ਹੁਣ ਉਹ ਵੱਖ-ਵੱਖ ਜਾਤੀਆਂ ਦੀ ਆਬਾਦੀ ਦੇ ਅਨੁਪਾਤ ’ਚ ਟਿਕਟ ਵੰਡਣ ਅਤੇ ਵਾਰੀ-ਵਾਰੀ ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਪਾਰਟੀ ਦੀ ਕਮਾਨ ਦੇਣ ਵਰਗੀਆਂ ਇਨ੍ਹਾਂ ਗੱਲਾਂ ਅੱਗੇ ਝੁਕ ਗਏ ਹਨ। ਕੀ ਉਹ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਵਾਂਗ ਸਫਲ ਹੋਣਗੇ, ਇਹ ਦੇਖਣ ਵਾਲੀ ਗੱਲ ਹੋਵੇਗੀ। ਕਈ ਲੋਕਾਂ ਦਾ ਕਹਿਣਾ ਹੈ ਕਿ ਉਹ ਵਿਰੋਧੀ ਪਾਰਟੀ ਦੇ ਵੋਟ ਬੈਂਕ ’ਚ ਸੰਨ੍ਹ ਲਾਉਣਗੇ, ਜਿਸ ਨਾਲ ਆਖਿਰਕਾਰ ਭਾਜਪਾ ਨੂੰ ਮਦਦ ਮਿਲ ਸਕਦੀ ਹੈ।

## ਸੈਨਿਕ ਕਤਲੇਆਮ: ਐੱਨ. ਆਈ. ਏ. ਨੇ ਛੱਤੀਸਗੜ੍ਹ ‘ਚ ਅੱਠ ਥਾਵਾਂ ‘ਤੇ ਕੀਤੀ ਛਾਪੇਮਾਰੀ

ਕਾਂਕੇਰ 29 ਸਤੰਬਰ। ਰਾਸਟਰੀ ਜਾਂਚ ਏਜੰਸੀ (ਐੱਨ. ਆਈ. ਏ.) ਸਾਲ 2023 ਵਿਚ ਫੌਜ ਦੇ ਇਕ ਜਵਾਨ ਦੇ ਕਤਲ ਮਾਮਲੇ ਵਿਚ ਛੱਤੀਸਗੜ੍ਹ ਦੇ ਕਾਂਕੇਰ ਜਿ਼ਲ੍ਹੇ ਦੇ ਅਮਬੇਦਾ ਥਾਣਾ ਖੇਤਰ ਦੇ ਉਸਲੀ, ਗੁਮਝਿਰ, ਬਡੇ ਤੇਵਰਾ ਅਤੇ ਅੱਪਰ ਕਾਮਟਾ ‘ਚ ਅੱਠ ਤੋਂ ਜਿ਼ਆਦਾ ਥਾਵਾਂ ‘ਤੇ ਛਾਪੇਮਾਰੀ ਕਰ ਰਹੀ



ਹੈ। ਦੱਸਿਆ ਜਾਂਦਾ ਹੈ ਕਿ ਐੱਨਆਈਏ ਦੀ ਇਹ ਕਾਰਵਾਈ ਸਾਲ 2023 ਵਿੱਚ ਫੌਜ ਦੇ ਇੱਕ ਜਵਾਨ ਦੀ ਹੱਤਿਆ ਦੇ ਮਾਮਲੇ ਵਿੱਚ ਕੀਤੀ ਜਾ ਰਹੀ ਹੈ। 25 ਫਰਵਰੀ, 2023 ਵਿਚ ਅਣਪਛਾਤੇ ਹਥਿਆਰਬੰਦ ਨਕਾਬਪੋਸ ਮਾਓਵਾਦੀਆਂ ਨੇ ਉਸਲੀ ਦੇ ਸਾਲਾਨਾ ਮੇਲੇ ਵਿੱਚ ਘੁੰਮ ਰਹੇ ਇੱਕ ਫੌਜੀ ਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਜਵਾਨ ਦਾ ਨਾਂ ਮੋਤੀ ਰਾਮ ਆਚਲਾ ਸੀ ਅਤੇ ਉਹ ਪਿੰਡ ਬੇਦ ਤੇਵੜਾ ਦਾ ਰਹਿਣ ਵਾਲਾ ਸੀ। ਦੱਸਿਆ ਜਾ ਰਿਹਾ ਹੈ ਕਿ ਇਸ ਕਤਲ ਕੇਸ ਦੀ ਜਾਂਚ ਵਿੱਚ ਐੱਨਆਈਏ ਛਾਪੇਮਾਰੀ ਕਰ ਰਹੀ ਹੈ। ਉਸੇਲੀ ‘ਚ ਪੱਤਰਕਾਰਾਂ ਅਤੇ ਕਾਰੋਬਾਰੀਆਂ, ਗੁਮਝੇਰ ‘ਚ ਕਿਸਾਨ, ਬਾਡੇ ਤੇਵੜਾ ‘ਚ ਜਿ਼ਲ੍ਹਾ ਪੱਧਰੀ ਨੇਤਾਵਾਂ ਅਤੇ ਅੱਪਰ ਕਮਟਾ ‘ਚ ਇਕ ਪਿੰਡ ਵਾਸੀ ਸਮੇਤ ਕਰੀਬ ਅੱਠ ਥਾਵਾਂ ‘ਤੇ ਕਾਰਵਾਈ ਚੱਲ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਐੱਨਆਈਏ ਨੇ ਘੱਟੋ-ਘੱਟ ਸਾਰੀਆਂ ਥਾਵਾਂ ‘ਤੇ ਛਾਪੇਮਾਰੀ ਕੀਤੀ ਹੈ ਪਰ ਐਨਆਈਏ ਵੱਲੋਂ ਕੋਈ ਅਧਿਕਾਰਤ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਪ੍ਰਧਾਨ ਮੰਤਰੀ ਮੋਦੀ ਦੀ ਸੌਗਾਤ, 11,200 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਕੀਤਾ ਉਦਘਾਟਨ

**ਏਜੰਸੀਆਂ**

ਪੁਣੇ 29 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਵੀਡੀਓ ਕਾਨਫਰੰਸ ਜਰੀਏ ਮਹਾਰਾਸਟਰ ‘ਚ 11,200 ਕਰੋੜ ਰੁਪਏ ਦੇ ਵੱਖ-ਵੱਖ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਪ੍ਰਧਾਨ ਮੰਤਰੀ ਮੋਦੀ ਦੀ 26 ਸਤੰਬਰ ਨੂੰ ਹੋਣ ਵਾਲੀ ਪੁਣੇ ਫੇਰੀ ਸਹਿਰ ‘ਚ ਭਾਰੀ ਮੀਂਹ ਕਾਰਨ ਰੱਦ ਕਰ ਦਿੱਤੀ ਗਈ। ਪ੍ਰਧਾਨ ਮੰਤਰੀ ਮੋਦੀ ਨੇ ਆਨਲਾਈਨ ਮਾਧਿਅਮ ਰਾਹੀਂ ਜਿ਼ਲ੍ਹਾ ਅਦਾਲਤ ਤੋਂ ਸਵਾਰਗੇਟ ਤੱਕ ਪੁਣੇ ਮੈਟਰੋ ਸੈਕਸਨ ਦਾ ਉਦਘਾਟਨ ਕੀਤਾ। ਅਧਿਕਾਰੀਆਂ ਮੁਤਾਬਕ ਜਿ਼ਲ੍ਹਾ ਅਦਾਲਤ ਤੋਂ ਸਵਾਰਗੇਟ ਵਿਚਕਾਰ ਭੂਮੀਗਤ ਸੈਕਸਨ ਦੀ ਲਾਗਤ ਕਰੀਬ 1,810 ਕਰੋੜ ਰੁਪਏ ਹੈ। ਪ੍ਰਧਾਨ ਮੰਤਰੀ ਮੋਦੀ ਨੇ ਪੁਣੇ ਮੈਟਰੋ ਫੇਜ-1 ਦੇ ਸਵਾਰਗੇਟ-ਕਟਰਾਜ ਵਿਸਥਾਰ ਦਾ ਨੀਂਹ ਪੱਥਰ ਵੀ ਰੱਖਿਆ, ਜਿਸ ‘ਤੇ ਲਗਭਗ 2,955 ਕਰੋੜ ਰੁਪਏ ਦੀ ਲਾਗਤ ਆਵੇਗੀ। ਅਧਿਕਾਰੀਆਂ ਮੁਤਾਬਕ 5.46 ਕਿਲੋਮੀਟਰ ਦਾ ਇਹ ਦੱਖਣੀ ਵਿਸਥਾਰ ਪੂਰੀ ਤਰ੍ਹਾਂ ਭੂਮੀਗਤ ਹੈ ਅਤੇ ਇਸ ‘ਚ ਤਿੰਨ ਸਟੇਸਨ ਸਾਮਲ ਹਨ – ਮਾਰਕੀਟ ਯਾਰਡ, ਪਦਮਾਵਤੀ ਅਤੇ ਕਟਰਾਜ।



ਪ੍ਰਧਾਨ ਮੰਤਰੀ ਨੇ ਨੈਸਨਲ ਇੰਡਸਟਰੀਅਲ ਕੋਰੀਡੋਰ ਡਿਵੈਲਪਮੈਂਟ ਪ੍ਰੋਗਰਾਮ ਦੇ ਤਹਿਤ 7,855 ਏਕੜ ਦੇ ਖੇਤਰ ਵਿਚ ਫੈਲੇ ਬਿਡਕਿਨ ਉਦਯੋਗਿਕ ਖੇਤਰ ਦਾ ਵੀ ਉਦਘਾਟਨ ਕੀਤਾ। ਇਹ ਮਹਾਰਾਸਟਰ ਵਿਚ ਛਤਰਪਤੀ ਸੰਭਾਜੀਨਗਰ ਤੋਂ 20 ਕਿਲੋਮੀਟਰ ਦੱਖਣ ਵਿਚ ਸਥਿਤ ਹੈ। ਅਧਿਕਾਰੀਆਂ ਨੇ ਕਿਹਾ ਕਿ ਦਿੱਲੀ-ਮੁੰਬਈ ਇੰਡਸਟਰੀਅਲ ਕੋਰੀਡੋਰ ਤਹਿਤ ਵਿਕਸਿਤ ਇਹ ਪ੍ਰਾਜੈਕਟ ਮਰਾਠਵਾੜਾ ਖੇਤਰ ‘ਚ ਇਕ ਜੀਵੰਤ ਆਰਥਿਕ ਹੱਬ ਵਜੋਂ ਅਪਾਰ ਸੰਭਾਵਨਾਵਾਂ ਪੈਦਾ ਕਰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨ ਪੜਾਵਾਂ ਵਿਚ ਵਿਕਸਿਤ ਕੀਤੇ ਜਾਣ ਵਾਲੇ ਇਸ ਪ੍ਰਾਜੈਕਟ ਲਈ 6400 ਕਰੋੜ ਰੁਪਏ ਤੋਂ ਵੱਧ ਦੀ ਰਾਸੀ ਮਨਜ਼ੂਰ ਕੀਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸੋਲਾਪੁਰ ਹਵਾਈ ਅੱਡੇ ਦਾ ਵੀ ਉਦਘਾਟਨ ਕੀਤਾ, ਜਿਸ ਨਾਲ ਕਨੈਕਟੀਵਿਟੀ ‘ਚ ਮਹੱਤਵਪੂਰਨ ਸੁਧਾਰ ਹੋਵੇਗਾ ਅਤੇ ਸੋਲਾਪੁਰ ਨੂੰ ਸੈਲਾਨੀਆਂ ਅਤੇ ਨਿਵੇਸਕਾਂ ਲਈ ਵਧੇਰੇ ਪਹੁੰਚਯੋਗ ਬਣਾਇਆ ਜਾਵੇਗਾ। ਅਧਿਕਾਰੀਆਂ ਨੇ ਦੱਸਿਆ ਕਿ ਸੋਲਾਪੁਰ ਵਿਖੇ ਮੌਜੂਦਾ ਟਰਮੀਨਲ ਭਵਨ ਦਾ ਨਵੀਨੀਕਰਨ ਕੀਤਾ ਗਿਆ ਹੈ, ਤਾਂ ਹਰ ਸਾਲ ਲਗਭਗ 4.1 ਲੱਖ ਯਾਤਰੀਆਂ ਨੂੰ ਸੇਵਾਵਾਂ ਦਿੱਤੀਆਂ ਜਾ ਸਕਣ।

# ਭਗਤ ਸਿੰਘ ਦੀ ਆਜਾਦੀ ਲਈ ਕੁਰਬਾਨੀ ਤੇ ਸਮਰਪਣ ਹਮੇਸ਼ਾ ਅਮਰ ਰਹੇਗਾ: ਯੋਗੀ ਆਦਿੱਤਿਆਨਾਥ

**ਨਵਦੀਪ ਸਿੰਘ ਸਾਹਨੀ**

ਲਖਨਊ 29 ਸਤੰਬਰ। ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਸਮੇਤ ਕਈ ਨੇਤਾਵਾਂ ਨੇ ਕ੍ਰਾਂਤੀਕਾਰੀ ਅਤੇ ਆਜਾਦੀ ਘੁਲਾਟੀਏ ਭਗਤ ਸਿੰਘ ਨੂੰ ਉਨ੍ਹਾਂ ਦੇ ਜਨਮਦਿਨ ‘ਤੇ ਸਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਆਜਾਦੀ ਲਈ ਉਨ੍ਹਾਂ ਦੀ ਕੁਰਬਾਨੀ ਅਤੇ ਸਮਰਪਣ ਹਮੇਸਾ ਅਮਰ ਰਹੇਗਾ। ਆਦਿਤਿਆਨਾਥ ਨੇ ਸੋਸਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਇਕ ਪੋਸਟ ਵਿਚ ਕਿਹਾ ਕਿ ਮਹਾਨ ਆਜਾਦੀ ਘੁਲਾਟੀਏ ਅਤੇ ਬਹਾਦਰ ਕ੍ਰਾਂਤੀਕਾਰੀ ਭਗਤ ਸਿੰਘ ਨੂੰ ਉਨ੍ਹਾਂ ਦੀ ਜਯੰਤੀ ‘ਤੇ ਨਿਮਰ ਸਰਧਾਂਜਲੀ! ਉਨ੍ਹਾਂ ਕਿਹਾ ਕਿ ਭਾਰਤ ਮਾਤਾ ਦੀ ਆਜਾਦੀ ਲਈ ਉਨ੍ਹਾਂ ਦੀ ਕੁਰਬਾਨੀ ਅਤੇ ਸਮਰਪਣ ਹਮੇਸਾ ਅਮਰ ਰਹੇਗਾ। ਆਦਿਤਿਆਨਾਥ ਨੇ ਕਿਹਾ, “ਭਾਰਤ ਦੀ ਏਕਤਾ-ਅਖੰਡਤਾ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਅਦੁੱਤੀ ਕੁਰਬਾਨੀ ਸਾਨੂੰ ਸਦੀਆਂ ਤੱਕ ਪ੍ਰੇਰਿਤ ਕਰਦੀ ਰਹੇਗੀ।“ ਉਪ ਮੁੱਖ ਮੰਤਰੀ ਕੇਸਵ ਪ੍ਰਸਾਦ ਮੌਰਿਆ ਨੇ ਐਕਸ ‘ਤੇ ਇਕ ਪੋਸਟ ਵਿਚ ਸਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਸਾਂਝੇ ਕਰਦੇ ਹੋਏ ਲਿਖਿਆ, ‘ਮਰ ਕੇ ਵੀ ਮੇਰੇ



ਦਿਲ ਤੋਂ ਵਤਨ ਦੀ ਉਲਫਤ ਨਹੀਂ ਨਿਕਲੇਗੀ, ਮੇਰੀ ਮਿੱਟੀ ਤੋਂ ਵੀ ਵਤਨ ਦੀ ਖ਼ੁਸ਼ਬੂ ਆਵੇਗੀ।‘ ਮੌਰੀਆ ਨੇ ਕਿਹਾ, ‘ਸਦੀਪਕ ਸਤਿਕਾਰ ਨਾਲ ਅਸੀਂ ਭਗਤ ਸਿੰਘ ਜੀ ਨੂੰ ਉਹਨਾਂ ਦੀ ਜਯੰਤੀ ਉੱਤੇ ਸਰਧਾਂਜਲੀ ਭੇਂਟ ਕਰਦੇ ਹਾਂ! ਉਨ੍ਹਾਂ ਦੀ ਹਿੰਮਤ, ਉਨ੍ਹਾਂ ਦੀ ਭਾਵਨਾ, ਉਨ੍ਹਾਂ ਦੀ ਸਹਾਦਤ – ਹਮੇਸਾ ਸਾਨੂੰ ਸਾਡੇ ਦੇਸ ਪ੍ਰਤੀ ਸਾਡੀ ਜਿ਼ੰਮੇਵਾਰੀ ਦੀ ਯਾਦ ਦਿਵਾਉਂਦੀ ਹੈ।‘ ਦੂਜੇ ਉਪ ਮੁੱਖ ਮੰਤਰੀ ਬ੍ਰਜੇਸ ਪਾਠਕ ਨੇ ਆਪਣੇ ਐਕਸ ਖਾਤੇ ‘ਤੇ ਲਿਖਿਆ, ‘ਭਾਰਤ ਮਾਤਾ ਦੇ ਬਹਾਦਰ ਸਪੁੱਤਰ ਅਤੇ ਭਾਰਤ ਦੇ ਅਜਾਦੀ ਸੰਗਰਾਮ ਵਿੱਚ ਆਪਣੀ ਜਾਨ ਕੁਰਬਾਨ ਕਰਨ ਵਾਲੇ ਅਮਰ ਸਹੀਦ ਸਰਦਾਰ ਭਗਤ ਸਿੰਘ ਨੂੰ ਉਹਨਾਂ ਦੇ ਜਨਮ ਦਿਹਾੜੇ ਤੇ ਕੋਟਿ ਕੋਟਿ ਪ੍ਰਣਾਮ। ਸੂਬਾ ਕਾਂਗਰਸ ਪ੍ਰਧਾਨ ਅਜੈ ਰਾਏ ਨੇ ‘ਐਕਸ’ ‘ਤੇ ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਭਗਤ ਸਿੰਘ ਨੂੰ ਦਿੱਤੀ ਸਰਧਾਂਜਲੀ ਦਾ ਸੰਦੇਸ ਸਾਂਝਾ ਕੀਤਾ, ਜਿਸ ਵਿਚ ਵਾਡਰਾ ਨੇ ਕਿਹਾ, ‘ਸਹੀਦ-ਏ-ਆਜਮ ਭਗਤ ਸਿੰਘ ਜੀ ਨੇ ਆਪਣੇ ਵਿਚਾਰਾਂ ਅਤੇ ਸਹਾਦਤ ਰਾਹੀਂ ਪੂਰੇ ਦੇਸ਼ ਨੂੰ ਜਾਗਰਿਤ ਕੀਤਾ।‘

## ਉਡਾਣ ਭਰਦਿਆਂ ਹੀ ਫੇਲ੍ਹ ਹੋਇਆ ਹੈਲੀਕਾਪਟਰ ਦਾ ਇੰਜਣ, 6 ਲੋਕਾਂ ਦੀ ਮੌਤ

ਪਿਸ਼ਾਵਰ 29 ਸਤੰਬਰ। ਪਾਕਿਸਤਾਨ ਦੇ ਉੱਤਰੀ-ਪੱਛਮੀ ਖੈਬਰ ਪਖਤੂਨਖਵਾ ਸੂਬੇ ‘ਚ ਇਕ ਹੈਲੀਕਾਪਟਰ ਇੰਜਣ ਫੇਲ੍ਹ ਹੋਣ ਕਾਰਨ ਹਾਦਸਾਗ੍ਰਸਤ ਹੋ ਗਿਆ, ਜਿਸ ਵਿਚ ਸਵਾਰ 6 ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਅਫਗਾਨਿਸਤਾਨ ਦੀ ਸਰਹੱਦ ਦੇ ਨੇੜੇ ਉੱਤਰੀ ਵਜੀਰਿਸਤਾਨ ਜਿ਼ਲ੍ਹੇ ਵਿਚ ਵਾਪਰੀ। ਅਧਿਕਾਰੀਆਂ ਨੇ ਦੱਸਿਆ ਕਿ ਹੈਲੀਕਾਪਟਰ ਵਿਚ 14 ਲੋਕ ਸਵਾਰ ਸਨ। ਇਕ ਤੇਲ ਕੰਪਨੀ ਦਾ ਇਕ ਵਿਸੇਸ ਹੈਲੀਕਾਪਟਰ ਤਕਨੀਕੀ ਨੁਕਸ ਕਾਰਨ ਉਡਾਣ ਭਰਨ ਤੋਂ ਤੁਰੰਤ ਬਾਅਦ ਹਾਦਸਾਗ੍ਰਸਤ ਹੋ ਗਿਆ। ਉਨ੍ਹਾਂ ਦੱਸਿਆ ਕਿ ਇਸ ਹਾਦਸੇ ਵਿਚ ਘੱਟੋ-ਘੱਟ 6 ਲੋਕਾਂ ਦੀ ਮੌਤ ਹੋ ਗਈ ਅਤੇ 8 ਹੋਰ ਜਖਮੀ ਹੋ ਗਏ। ਹੈਲੀਕਾਪਟਰ ਮਰੀ ਪੈਟਰੋਲੀਅਮ ਕੰਪਨੀ ਦਾ ਸੀ। 8 ਜਖਮੀਆਂ ਵਿਚ ਤਿੰਨ ਰੂਸੀ ਪਾਇਲਟ ਸਾਮਲ ਹਨ ਜਿਨ੍ਹਾਂ ਨੂੰ ਸੰਯੁਕਤ ਮਿਲਟਰੀ ਹਸਪਤਾਲ (ਸੀਐੱਮਐੱਚ) ਵਿਚ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਜਾਂਚ ਸੁਰੂ ਕਰ ਦਿੱਤੀ ਗਈ ਹੈ। ਇਸ ਘਟਨਾ ‘ਤੇ ਦੁੱਖ ਪ੍ਰਗਟ ਕਰਦੇ ਹੋਏ ਖੈਬਰ ਪਖਤੂਨਖਵਾ ਸੂਬੇ ਦੇ ਗਵਰਨਰ ਫੈਜਲ ਕਰੀਮ ਖੁੰਡੀ ਨੇ ਸਬੰਧਤ ਅਧਿਕਾਰੀਆਂ ਤੋਂ ਹੈਲੀਕਾਪਟਰ ਹਾਦਸੇ ਦੀ ਰਿਪੋਰਟ ਮੰਗੀ ਹੈ।

# ਉੜੀਸਾ ਦੇ ਮੁੱਖ ਮੰਤਰੀ ਨੇ ਪੁਲਸ ਨੂੰ ਕਿਹਾ ‘ਔਰਤਾਂ ਦੀ ਸੁਰੱਖਿਆ ਯਕੀਨੀ ਕਰੋ’

**ਤੇਜਿੰਦਰ ਕੌਰ ਬੱਬਰ**

ਭੁਵਨੇਸਵਰ 29 ਸਤੰਬਰ। ਓਡੀਸਾ ‘ਚ ਔਰਤਾਂ ਨਾਲ ਛੇੜਛਾੜ ਦੇ ਮਾਮਲਿਆਂ ‘ਚ ਵਾਧੇ ਦੇ ਮੱਦੇਨਜਰ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਸਨੀਵਾਰ ਨੂੰ ਪੁਲਸ ਨੂੰ ਸੜਕਾਂ ‘ਤੇ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ। ਮਾਝੀ ਨੇ ਜਿ਼ਲ੍ਹਾ ਮੈਜਿਸਟਰੇਟਾਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ 22 ਸਾਲਾਂ ਵਿੱਚ ਔਰਤਾਂ ਖਿ਼ਲਾਫ ਅਪਰਾਧਾਂ ਵਿੱਚ ਸਜਾਵਾਂ ਦੀ ਦਰ ਘੱਟ ਰਹੀ ਹੈ। ਉਨ੍ਹਾਂ ਦੀ ਸਰਕਾਰ ਇਸ ਨੂੰ ਬਰਦਾਸਤ ਨਹੀਂ ਕਰੇਗੀ। ਉਨ੍ਹਾਂ ਕਿਹਾ, “ਰਿਕਾਰਡ ਤੋਂ ਦੇਖਿਆ ਜਾ ਸਕਦਾ ਹੈ ਕਿ ਓਡੀਸਾ ਵਿੱਚ ਔਰਤਾਂ ਨਾਲ ਛੇੜਛਾੜ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ। ਪੁਲਸ ਵਿਭਾਗ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੜਕੀਆਂ, ਵਿਦਿਆਰਥੀ ਅਤੇ ਔਰਤਾਂ ਰਾਜ ਭਰ ਵਿੱਚ ਖੁੱਲ੍ਹ ਕੇ ਘੁੰਮ ਸਕਣ।“ ਮਾਝੀ ਨੇ ਕਿਹਾ, “ਔਰਤਾਂ ਦੇ ਖਿ਼ਲਾਫ ਅਪਰਾਧਾਂ ਵਿੱਚ ਤੁਹਾਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਦੇ ਅੰਕੜਿਆਂ ਤੋਂ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ ਜਾਂ ਤਾਂ ਪੁਲਸ ਜਾਂਚ ਵਿੱਚ ਖਾਮੀਆਂ ਹਨ ਜਾਂ ਵਿਭਾਗ ਦੀ ਤੇਜੀ ਨਾਲ ਸੁਣਵਾਈ ਲਈ ਇਰਾਦੇ ਦੀ ਘਾਟ ਹੈ।“ ਕਾਨਫਰੰਸ ਵਿੱਚ ਵੱਖ-ਵੱਖ ਜਿ਼ਲ੍ਹਿਆਂ ਦੇ ਪੁਲਸ ਸੁਪਰਡੈਂਟ ਅਤੇ ਸੀਨੀਅਰ ਪੁਲਸ ਅਧਿਕਾਰੀ ਵੀ ਮੌਜੂਦ ਸਨ। ਉਹਨਾਂ ਨੇ ਕਿਹਾ, “ਮੈਂ ਡੀਜੀਪੀ (ਡਾਇਰੈਕਟਰ ਜਨਰਲ ਆਫ ਪੁਲਸ) ਨੂੰ ਇੱਕ ਹਫਤੇ ਦੇ ਅੰਦਰ



ਔਰਤਾਂ ਵਿਰੁੱਧ ਕੇਸਾਂ, ਲੰਬਿਤ ਸਜਾ ਦੀ ਸਥਿਤੀ ਅਤੇ ਹੋਰ ਅੰਕੜੇ ਦੇ ਜਿ਼ਲ੍ਹਾ-ਵਾਰ ਅੰਕੜੇ ਪ੍ਰਦਾਨ ਕਰਨ ਦੀ ਅਪੀਲ ਕਰਦਾ ਹਾਂ। ਕਾਨੂੰਨੀ ਸਲਾਹ-ਮਸਵਰੇ ਤੋਂ ਬਾਅਦ ਭਵਿੱਖ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ।“ ਔਰਤਾਂ ਅਤੇ ਬੱਚਿਆਂ ਦੇ ਖਿ਼ਲਾਫ ਅਪਰਾਧਾਂ ਨੂੰ ਬਰਦਾਸ਼ਤ ਨਾ ਕਰਨ ਦੀ ਸੂਬਾ ਸਰਕਾਰ ਦੀ ਨੀਤੀ ‘ਤੇ ਜੋਰ ਦਿੰਦੇ ਹੋਏ ਸਾਂਝੀ ਨੇ ਕਿਹਾ ਜੇਕਰ ਪ੍ਰਭਾਵਸਾਲੀ ਲੋਕ ਵੀ ਇਸ ਵਿੱਚ ਸਾਮਲ ਪਾਏ ਗਏ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਪੁਲਸ ਨੂੰ ਕਿਹਾ ਕਿ ਉਹ ਥਾਣਿਆਂ ਵਿੱਚ ਔਰਤਾਂ ਦਾ ਸਤਿਕਾਰ ਕਰਨ, ਉਨ੍ਹਾਂ ਦੀਆਂ ਸਿ਼ਕਾਇਤਾਂ ਨੂੰ ਧੀਰਜ ਨਾਲ ਸੁਣਨ ਅਤੇ ਤੁਰੰਤ ਕਾਰਵਾਈ ਕਰਨ। ਮਾਝੀ ਨੇ ਕਿਹਾ, “ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸਿ਼ਕਾਇਤ ਦਿਨ ਵੇਲੇ ਮਿਲਣ ਜਾਂ ਰਾਤ ਦੇ ਸਮੇਂ। ਸਾਡੀ ਡਿਊਟੀ ਸਿਰਫ 8 ਤੋਂ 10 ਘੰਟਿਆਂ ਤੱਕ ਸੀਮਤ ਨਹੀਂ ਹੈ। ਪੀੜਤਾਂ ਦੀ ਗੱਲ ਸੁਣ ਕੇ ਪੁਲਸ ਲੋਕਾਂ ਦਾ ਵਿਸਵਾਸ ਜਿੱਤ ਸਕਦੀ ਹੈ ਅਤੇ ਉਹਨਾਂ ਦੀ ਦੋਸਤ ਵੀ ਬਣ ਸਕਦੀ ਹੈ।“ ਮੁੱਖ ਮੰਤਰੀ ਨੇ ਕਿਹਾ, “ਓਡੀਸਾ ਨੂੰ ਬਹੁਤੇ ਪੁਲਸ ਕਰਮਚਾਰੀਆਂ ਦੇ ਸਮਰਪਿਤ ਕੰਮ ਕਰਕੇ ਇੱਕ ਸਾਂਤੀਪੂਰਨ ਰਾਜ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ।“ ਉਨ੍ਹਾਂ ਕਿਹਾ ਕਿ ਪੁਲਸ ਨੇ ਸਾਂਤੀਪੂਰਵਕ ਚੋਣਾਂ, ਨਿਰਵਿਘਨ ਰੱਥ ਯਾਤਰਾ ਦਾ ਆਯੋਜਨ ਕੀਤਾ ਅਤੇ ਨਕਸਲਵਾਦ ‘ਤੇ ਵੀ ਲਗਾਮ ਲਗਾਈ। ਮਾਝੀ ਨੇ ਕਿਹਾ, “ਸੂਬਾ ਸਰਕਾਰ ਸੂਬੇ ਨੂੰ ਖੱਬੇ ਪੱਖੀ ਕੱਟੜਵਾਦ ਤੋਂ ਮੁਕਤ ਕਰਨ ਲਈ ਸਮਰਪਣ ਨਾਲ ਕੰਮ ਕਰ ਰਹੀ ਹੈ ਅਤੇ ਇਸ ਲਈ ਸਾਰੇ ਲੋੜੀਂਦੇ ਮਨੁੱਖੀ ਸਕਤੀ ਅਤੇ ਹੋਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਵੇਗਾ।“

## ਹਿਮਾਚਲ ਦੇ 2 ਮੰਤਰੀਆਂ ਨੂੰ ਹਾਈ ਕਮਾਨ ਦੀ ਫਟਕਾਰ

ਸ਼ਿਮਲਾ 29 ਸਤੰਬਰ। ਹਿਮਾਚਲ ਦੀ ਸੁੱਖੂ ਸਰਕਾਰ ਦੇ 2 ਕੈਬਨਿਟ ਮੰਤਰੀਆਂ ਨੂੰ ਕਾਂਗਰਸ ਹਾਈ ਕਮਾਨ ਨੇ ਫਟਕਾਰ ਲਗਾਈ ਹੈ। ਸ਼ਹਿਰੀ ਵਿਕਾਸ ਮੰਤਰੀ ਵਿਕਰਮਾਦਿਤਿਆ ਸਿੰਘ ਅਤੇ ਪੰਚਾਇਤੀਰਾਜ ਮੰਤਰੀ ਅਨਿਰੁੱਧ ਸਿੰਘ ਨੂੰ ਵੀ ਭਵਿੱਖ ‘ਚ ਸੋਚ ਸਮਝ ਕੇ ਬਿਆਨਬਾਜੀ ਕਰਨ ਦੀ ਨਸੀਹਤ ਦਿੱਤੀ ਗਈ ਹੈ। ਵਿਕਰਮਾਦਿਤਿਆ ਸਿੰਘ ਨੇ ਉੱਤਰ ਪ੍ਰਦੇਸ਼ ਸਰਕਾਰ ਦੀ ਤਰਜ ‘ਤੇ ਰੈਸਟੋਰੈਂਟ ‘ਚ ਪਛਾਣ ਪੱਤਰ ਜਰੂਰੀ ਕਰਨ ਨੂੰ ਲੈ ਕੇ ਬਿਆਨ ਦਿੱਤਾ ਸੀ, ਜਦੋਂ ਕਿ ਅਨਿਰੁੱਧ ਸਿੰਘ ਨੇ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ‘ਚ ਸ਼ਿਮਲਾ ਰੋਹਿੰਗੀਆ ਮੁਸਲਮਾਨ ਦੀ ਗੱਲ ਕਹੀ ਸੀ। ਹਰਿਆਣਾ ਅਤੇ ਜੰਮੂ ਕਸ਼ਮੀਰ ‘ਚ ਚੱਲ ਰਹੇ ਵਿਧਾਨ ਸਭਾ ਚੋਣਾਂ ਦਰਮਿਆਨ ਦੋਹਾਂ ਮੰਤਰੀਆਂ ਦੇ ਬਿਆਨ ਨਾਲ ਕਾਂਗਰਸ ਨੂੰ ਨੁਕਸਾਨ ਹੋਣ ਦਾ ਖਦਸ਼ਾ ਹੈ। ਦੱਸਣਯੋਗ ਹੈ ਕਿ ਵਿਕਰਮਾਦਿਤਿਆ ਸਿੰਘ ਨੇ ਬੀਤੀ 25 ਸਤੰਬਰ ਨੂੰ ਸ਼ਿਮਲਾ ‘ਚ ਮੀਡੀਆ ਨਾਲ ਗੱਲਬਾਤ ‘ਚ ਕਿਹਾ ਕਿ ਰੈਸਟੋਰੈਂਟ ‘ਚ ਆਈ-ਕਾਰਡ ਲਗਾਉਣਾ ਜਰੂਰੀ ਕਰ ਦਿੱਤਾ ਗਿਆ ਹੈ। ਮੰਤਰੀ ਦੇ ਇਸ ਬਿਆਨ ਨਾਲ ਕਾਂਗਰਸ ਬੇਕਫੁਟ ‘ਤੇ ਆ ਗਈ, ਕਿਉਂਕਿ ਕਾਂਵੜ ਯਾਤਰਾ ਦੌਰਾਨ ਉੱਤਰ ਪ੍ਰਦੇਸ਼ ‘ਚ ਵੀ ਆਈ ਕਾਰਡ ਜਰੂਰੀ ਕੀਤੇ ਗਏ। ਉਦੋਂ ਕਾਗਰਸ ਨੇ ਉੱਤਰ ਪ੍ਰਦੇਸ਼ ਸਰਕਾਰ ਦੇ ਫੈਸਲੇ ਦਾ ਵਿਰੋਧ ਕੀਤਾ ਸੀ। ਉੱਥੇ ਹੀ ਪੰਚਾਇਤੀਰਾਜ ਮੰਤਰੀ



ਅਨਿਰੁੱਧ ਸਿੰਘ ਦੇ ਬਿਆਨ ‘ਤੇ ਵੀ ਕਾਂਗਰਸ ਹਾਈ ਕਮਾਨ ਨਾਰਾਜ ਹੈ। ਉਨ੍ਹਾਂ ਨੇ ਮਸਜਿਦ ਵਿਵਾਦ ਤੋਂ ਬਾਅਦ ਵਿਧਾਨ ਸਭਾ ਦੇ ਅੰਦਰ ਦੂਜੇ ਪ੍ਰਦੇਸ਼ ਆਉਣ ਵਾਲੇ ਲੋਕਾਂ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ ਅਤੇ ਸ਼ਿਮਲਾ ‘ਚ ਰੋਹਿੰਗੀਆ ਮੁਸਲਮਾਨਦੀ ਗੱਲ ਕਹੀ ਸੀ। ਇਸ ਤੋਂ ਬਾਅਦ ਸ਼ਿਮਲਾ ‘ਚ ਮਸਜਿਦ ਮਾਮਲਾ ਜਿ਼ਆਦਾ ਵਧ ਗਿਆ।

## ਬਾਹਰ ਕਬਾਬ, ਅੰਦਰ ਸ਼ਰਾਬ, ਪੁਲਸ ਦਾ ਕਰੀਬੀ ਦੱਸ ਕੇ ਥਾਣਾ ਨੰਬਰ 1 ਦੇ ਬਾਹਰ ਚਲਾ ਰਿਹਾ ਨਾਜਾਇਜ ਬਾਰ

ਜਲੰਧਰ 29 ਸਤੰਬਰ। ਜਲੰਧਰ ਸ਼ਹਿਰ ਦੇ ਥਾਣਾ ਡਿਵੀਜਨ ਨੰਬਰ 1 ਦੇ ਬਾਹਰ ਨਾਜਾਇਜ ਤਰੀਕੇ ਨਾਲ ਰੈਸਟੋਰੈਂਟ ਦੀ ਆੜ ਵਿਚ ਬਾਰ ਚਲਾਇਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਬਾਰ ਵਾਲੇ ਸ਼ਰੇਆਮ ਕਹਿੰਦੇ ਹਨ ਕਿ ਪੁਲਸ ਮੁਲਾਜਮਾਂ ਲਈ ਇਥੇ ਸਭ ਕੁਝ ਫ੍ਰੀ ਹੈ ਕਿਉਂਕਿ ਉਨ੍ਹਾਂ ਕਾਰਨ ਹੀ ਸਾਡਾ ਸਿਸਟਮ ਚੱਲ ਰਿਹਾ ਹੈ। ਇਸ ਨਾਜਾਇਜ ਸ਼ਰਾਬਖਾਨੇ ਨੂੰ ਲੈ ਕੇ ਪ੍ਰਸ਼ਾਸਨ ਵੀ ਬੇਖਬਰ ਹੈ ਪਰ ਬਾਰ ਵਾਲੇ ਅਧਿਕਾਰੀਆਂ ਦੇ ਨਾਂ ਲੈ ਕੇ ਉਨ੍ਹਾਂ ਨੂੰ ਬਦਨਾਮ ਕਰ ਰਹੇ ਹਨ, ਜਿਨ੍ਹਾਂ ਦੀ ਦੇਖ-ਰੇਖ ਵਿਚ ਐਕਸਾਈਜ ਵਿਭਾਗ ਨੂੰ ਵੀ ਚੂਨਾ ਲਗਾ ਕੇ ਸ਼ਰਾਬ ਦੇ ਨਾਲ-ਨਾਲ ਕਬਾਬ ਆਦਿ ਵੀ ਵੇਚਿਆ ਜਾ ਰਿਹਾ ਹੈ। ਇਥੇ ਕੁਝ ਵਾਲੇ ਅਧਿਕਾਰੀਆਂ ਦੇ ਨਾਂ ਲੈ ਕੇ ਉਨ੍ਹਾਂ ਨੂੰ ਬਦਨਾਮ ਕਰ ਰਹੇ ਹਨ, ਜਿਨ੍ਹਾਂ ਦੀ ਦੇਖ-ਰੇਖ ਵਿਚ ਐਕਸਾਈਜ ਵਿਭਾਗ ਨੂੰ ਵੀ ਚੂਨਾ ਲਗਾ ਕੇ ਸ਼ਰਾਬ ਦੇ ਨਾਲ-ਨਾਲ ਕਥਿਤ ਪਾਰਟੀਆਂ ਦੇ ਵਰਕਰਾਂ ਅਤੇ ਪਾਰਟੀ ਨੂੰ ਵੋਟ ਪੁਆਉਣ ਲਈ ਵੋਟਰਾਂ ਨੂੰ ਵੀ ਲੁਭਾਉਣ ਲਈ ਲਿਆਂਦਾ ਜਾਂਦਾ ਹੈ। ਇਸ ਤਰ੍ਹਾਂ ਦੀ ਚੱਲ ਰਹੀ ਧਾਂਦਲੀ ਦੇ ਬਾਵਜੂਦ ਇਲੈਕਸ਼ਨ ਕਮਿਸ਼ਨ ਬੇਖਬਰ ਹੈ। ਬਦਬੂਦਾਰ ਖਾਣਾ ਖੁਆਉਣ ਵਾਲੇ ਇਸ ਰੈਸਟੋਰੈਂਟ ਦੇ ਮਾਲਕ ਖੁਦ ਨੂੰ ਨੇਤਾ ਵੀ ਦੱਸਦੇ ਹਨ ਪਰ ਬਿਨਾਂ ਲਾਇਸੈਂਸ ਦੇ ਚੱਲ ਰਹੇ ਇਸ ਬਾਰ 'ਤੇ ਕਿਸੇ ਦੀ ਨਜਰ ਨਹੀਂ ਪਈ ਅਤੇ ਇਹ ਲੋਕ ਸ਼ਰੇਆਮ ਕਹਿੰਦੇ ਹਨ ਕਿ ਅਸੀਂ ਪੁਲਸ ਨੂੰ ਫ੍ਰੀ ਵਿਚ ਖਾਣਾ ਦਿੰਦੇ ਹਾਂ। ਜਦੋਂ ਸ਼ਟਰ ਚੁੱਕ ਕੇ ਵੇਖਿਆ ਤਾਂ ਕਈ ਬੁਕੀ ਆਦਿ ਉਥੇ ਡੇਰਾ ਜਮਾਈ ਬੈਠੇ ਸਨ।

# 6.5 ਬੈਂਡ ਵਾਲੀ ਕੁੜੀ ਨਾਲ ਵਿਆਹ ਤੇ ਕੈਨੇਡਾ ਭੇਜਣ 'ਤੇ ਖਰਚੇ 36 ਲੱਖ, ਹੁਣ ਕਰਨ ਲੱਗੀ 25 ਲੱਖ ਦੀ ਹੋਰ ਡਿਮਾਂਡ

ਮੋਗਾ 29 ਸਤੰਬਰ। ਫਿਰੋਜ਼ਪੁਰ ਜ਼ਿਲੇ ਦੇ ਪਿੰਡ ਵਾੜਾ ਭਾਈ ਘੱਲ ਖੁਰਦ ਦੇ ਵਸਨੀਕ ਜਗਤਾਰ ਸਿੰਘ ਦੇ ਪੁੱਤਰ ਜਸਪ੍ਰੀਤ ਸਿੰਘ ਨੂੰ ਵਿਆਹ ਕਰਵਾ ਕੇ ਕੈਨੇਡਾ ਲਿਜਾਣ ਦਾ ਝਾਂਸਾ ਦੇ ਕੇ ਉਸ ਦੀ ਪਤਨੀ ਮਨਪ੍ਰੀਤ ਕੌਰ ਨੇ ਆਪਣੇ ਪਰਿਵਾਰ ਵਾਲਿਆਂ ਨਾਲ ਕਥਿਤ ਮਿਲੀਭੁਗਤ ਕਰਕੇ 36 ਲੱਖ 85 ਹਜ਼ਾਰ ਰੁਪਏ ਹੜੱਪਣ ਤੋਂ ਇਲਾਵਾ ਆਪਣੇ ਪਤੀ ਨੂੰ ਕੈਨੇਡਾ 'ਚ ਪੱਕਾ ਕਰਵਾਉਣ ਦੇ ਨਾਂ 'ਤੇ 25 ਲੱਖ ਰੁਪਏ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਜਾਂਚ ਤੋਂ ਬਾਅਦ ਕਥਿਤ ਦੋਸ਼ੀਆਂ ਖਿ਼ਲਾਫ ਥਾਣਾ ਬੱਧਨੀ ਕਲਾਂ 'ਚ ਮਾਮਲਾ ਦਰਜ ਕਰ ਲਿਆ ਹੈ। ਜ਼ਿਲਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ 'ਚ ਜਗਤਾਰ ਸਿੰਘ ਨੇ ਕਿਹਾ ਕਿ ਉਸ ਦੇ ਪੁੱਤਰ ਜਸਪ੍ਰੀਤ ਸਿੰਘ ਦਾ ਵਿਆਹ ਮਨਪ੍ਰੀਤ ਕੌਰ ਨਿਵਾਸੀ ਪਿੰਡ ਬੁੱਟਰ ਖੁਰਦ ਦੇ ਨਾਲ 20 ਨਵੰਬਰ, 2022 ਨੂੰ ਤਲਵੰਡੀ ਭਾਈ 'ਚ ਹੋਇਆ ਸੀ, ਜਿਸ ਦਾ ਸਾਰਾ ਖਰਚਾ ਮੁੰਡੇ ਵਾਲਿਆਂ ਵਲੋਂ ਕੀਤਾ ਗਿਆ। ਮਨਪ੍ਰੀਤ ਕੌਰ ਦੇ ਆਈਲੈੱਟਸ 'ਚੋਂ 6.5 ਬੈਂਡ ਆਏ ਸਨ, ਜਿਸ 'ਤੇ ਕੁੜੀ ਦੇ ਪਰਿਵਾਰ ਵਾਲਿਆਂ ਨੇ ਮੁੰਡੇ ਵਾਲਿਆਂ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਧੀ ਦਾ ਸਾਰਾ ਖਰਚਾ ਮੁੰਡੇ ਵਾਲੇ ਕਰਨਗੇ ਤੇ ਉਹ ਕੈਨੇਡਾ ਜਾ ਕੇ ਮੁੰਡੇ ਨੂੰ ਉਥੇ ਬੁਲਾ ਲਵੇਗੀ ਤੇ ਪੀ. ਆਰ. ਵੀ ਦਿਵਾਏਗੀ, ਜਿਸ 'ਤੇ ਮੁੰਡੇ ਵਾਲਿਆਂ ਨੇ ਕਰੀਬ 36 ਲੱਖ ਰੁਪਏ ਖਰਚ ਦਿੱਤੇ। ਵਿਆਹ ਤੋਂ ਬਾਅਦ 25 ਦਸੰਬਰ, 2022 ਨੂੰ ਮਨਪ੍ਰੀਤ ਕੌਰ ਕੈਨੇਡਾ ਚਲੀ ਗਈ ਤੇ 5 ਮਹੀਨਿਆਂ ਬਾਅਦ ਉਸ ਨੇ ਆਪਣੇ ਪਤੀ ਜਸਪ੍ਰੀਤ ਸਿੰਘ ਨੂੰ ਵੀ ਕੈਨੇਡਾ ਬੁਲਾ ਲਿਆ। ਜਗਤਾਰ ਸਿੰਘ ਨੇ ਕਿਹਾ ਕਿ ਮੇਰੇ ਮੁੰਡੇ ਜਸਪ੍ਰੀਤ ਸਿੰਘ ਨੂੰ ਹੁਣ ਉਸ ਦੀ ਪਤਨੀ ਮਨਪ੍ਰੀਤ ਕੌਰ ਕੈਨੇਡਾ 'ਚ ਪੀ. ਆਰ. ਦਿਵਾਉਣ 'ਤੇ 25 ਲੱਖ ਰੁਪਏ ਦੀ ਮੰਗ ਕਰ ਰਹੀ ਹੈ ਤੇ ਪੈਸੇ ਨਾ ਦੇਣ 'ਤੇ ਉਹ ਉਸ ਨੂੰ ਵਾਪਸ ਭੇਜਣ ਦੀਆਂ ਧਮਕੀਆਂ ਦੇਣ ਲੱਗੀ, ਜਿਸ 'ਤੇ ਅਸੀਂ ਪੰਚਾਇਤ ਦੇ ਰਾਹੀਂ ਮਨਪ੍ਰੀਤ ਕੌਰ ਦੇ ਪਿਤਾ ਗੁਰਚਰਨ ਸਿੰਘ ਤੇ ਮਾਤਾ ਸੁਖਵਿੰਦਰ ਕੌਰ ਦੇ ਨਾਲ ਗੱਲਬਾਤ ਕੀਤੀ ਤੇ ਕਿਹਾ ਕਿ ਤੁਸੀਂ ਕਿਹਾ ਸੀ ਕਿ ਜਦੋਂ ਉਨ੍ਹਾਂ ਦੀ ਲੜਕੀ ਕੈਨੇਡਾ ਪਹੁੰਚ ਜਾਵੇਗੀ ਤਾਂ ਉਹ ਆਪਣੇ ਪਤੀ ਨੂੰ ਬੁਲਾ ਕੇ ਪੀ. ਆਰ. ਕਰਵਾਏਗੀ ਪਰ ਹੁਣ ਉਹ 25 ਲੱਖ ਰੁਪਏ ਮੰਗ ਰਹੀ ਹੈ ਤਾਂ ਉਨ੍ਹਾਂ ਨੇ ਵੀ ਕਿਹਾ ਕਿ ਇਸ ਸਬੰਧੀ ਉਹ ਕੁਝ ਨਹੀਂ ਕਰ ਸਕਦੇ। ਜਾਂਚ ਅਧਿਕਾਰੀ ਨੇ ਦੋਵਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ। ਜਾਂਚ ਸਮੇਂ ਮਨਪ੍ਰੀਤ ਕੌਰ ਦੇ ਪਿਤਾ ਗੁਰਚਰਨ ਸਿੰਘ ਨੇ ਕਿਹਾ ਕਿ ਜਸਪ੍ਰੀਤ ਸਿੰਘ ਕੈਨੇਡਾ 'ਚ ਉਸ ਦੀ ਧੀ ਨੂੰ ਤੰਗ-ਪ੍ਰੇਸ਼ਾਨ ਕਰਦਾ ਸੀ, ਜਿਸ ਕਾਰਨ ਉਹ ਵੱਖ ਹੋ ਗਈ ਤੇ ਉਨ੍ਹਾਂ ਸ਼ਿਕਾਇਤਕਰਤਾ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਉਕਤ ਮਾਮਲੇ 'ਚ ਜਾਂਚ ਅਧਿਕਾਰੀ ਵਲੋਂ ਕਾਨੂੰਨੀ ਰਾਏ ਹਾਸਲ ਕਰਨ ਤੋਂ ਬਾਅਦ ਕਥਿਤ ਮੁਲਜ਼ਮਾਂ ਮਨਪ੍ਰੀਤ ਕੌਰ, ਉਸ ਦੇ ਪਿਤਾ ਗੁਰਚਰਨ ਸਿੰਘ ਤੇ ਮਾਤਾ ਸੁਖਵਿੰਦਰ ਕੌਰ ਸਾਰੇ ਨਿਵਾਸੀ ਪਿੰਡ ਬੁੱਟਰ ਖੁਰਦ ਖ਼ਿਲਾਫ਼ ਧੋਖਾਧੜੀ ਤੇ ਮਿਲੀਭੁਗਤ ਦਾ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਨੇ ਜਾਂਚ 'ਚ ਕਿਹਾ ਕਿ ਕਥਿਤ ਦੋਸ਼ੀਆਂ ਨੇ ਮਿਲੀਭੁਗਤ ਕਰਕੇ ਆਪਣੀ ਧੀ ਨੂੰ ਕੈਨੇਡਾ ਭੇਜ ਕੇ 36 ਲੱਖ 82 ਹਜ਼ਾਰ ਰੁਪਏ ਖਰਚਾ ਕਰਵਾ ਕੇ 25 ਲੱਖ ਰੁਪਏ ਦੀ ਹੋਰ ਮੰਗ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਸਹਾਇਕ ਥਾਣੇਦਾਰ ਹਰਪ੍ਰੀਤ ਸਿੰਘ ਵਲੋਂ ਕੀਤੀ ਜਾ ਰਹੀ ਹੈ।

## ਇਕ ਵਾਰ ਫਿਰ ਕਿਸਾਨਾਂ ਤੇ ਹਰਿਆਣਾ ਪੁਲਸ ਦਾ ਪਿਆ ਪੇਚਾ

ਅੰਬਾਲਾ ਸਹਿਰ 29 ਸਤੰਬਰ। ਕਿਸਾਨ ਅੰਦੋਲਨ ਕਾਰਨ ਇਕ ਵਾਰ ਫਿਰ ਪੁਲਸ ਅਤੇ ਕਿਸਾਨ ਆਹਮੋ-ਸਾਹਮਣੇ ਹੁੰਦੇ ਨਜਰ ਆ ਰਹੇ ਹਨ। ਇਸ ਵਾਰ ਅੰਬਾਲਾ ਪੁਲਸ ਨੇ ਕਿਸਾਨ ਅੰਦੋਲਨ 'ਚ ਅਹਿਮ ਭੂਮਿਕਾ ਨਿਭਾਅ ਰਹੇ ਭਾਰਤੀ ਕਿਸਾਨ ਯੂਨੀਅਨ ਸਹੀਦ ਭਗਤ ਸਿੰਘ ਸੰਗਠਨ ਦੇ ਨੇਤਾਵਾਂ ਅਤੇ ਅਧਿਕਾਰੀਆਂ ਨੂੰ ਕਾਨੂੰਨੀ ਨੋਟਿਸ ਭੇਜੇ ਹਨ, ਜਿਨ੍ਹਾਂ 'ਚ ਧਾਰਾ 107/150 ਤਹਿਤ ਉਨ੍ਹਾਂ ਨੂੰ ਦੋਸੀ ਮੰਨਿਆ ਗਿਆ ਹੈ। ਉਥੇ ਹੀ ਪੁਲਸ ਦੀ ਇਸ ਕਾਰਵਾਈ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਸਾਨਾਂ ਨੇ ਕਿਹਾ ਕਿ ਸਰਕਾਰ ਦੇ ਇਸਾਰੇ 'ਤੇ ਪੁਲਸ ਉਨ੍ਹਾਂ ਨੂੰ ਬਿਨਾਂ ਵਜ੍ਹਾ ਤੰਗ-ਪ੍ਰੇਸਾਨ ਕਰ ਰਹੀ ਹੈ, ਉਨ੍ਹਾਂ ਨੇ ਅਜਿਹਾ ਕੋਈ ਅਪਰਾਧ ਨਹੀਂ ਕੀਤਾ ਹੈ।

## ਨਾੜ ਨੂੰ ਅੱਗ ਲੱਗਣ ਕਾਰਨ ਕਿਸਾਨਾਂ ਦੇ ਆਸ਼ੀਆਨੇ ਹੋਏ ਤਬਾਹ, ਨਕਦੀ ਸਮੇਤ ਨਹੀਂ ਬਚਿਆ ਅਨਾਜ

ਬਮਿਆਲ/ਦੀਨਾਨਗਰ 29 ਸਤੰਬਰ। ਸਰਹੱਦੀ ਕਸਬਾ ਬਮਿਆਲ ਦੇ ਨਜਦੀਕੀ ਪਿੰਡ ਅਨਿਆਲ ਦੇ ਵਿੱਚ ਕਣਕ ਦੇ ਨਾੜ ਨੂੰ ਅੱਗ ਲੱਗਣ ਦੇ ਕਾਰਨ ਕਰੀਬ ਚਾਰ ਘਰਾਂ ਦਾ ਸਾਮਾਨ ਸੜ ਕੇ ਸਵਾਹ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ .ਪ੍ਰਾਪਤ ਜਾਣਕਾਰੀ ਅਨੁਸਾਰ ਇਹ ਅੱਗ ਨਜਦੀਕੀ ਪਿੰਡ ਮਨਵਾਲ ਤੋਂ ਕਿਸੇ ਅਣਪਛਾਤੇ ਕਿਸਾਨ ਵੱਲੋਂ ਆਪਣੀ ਫਸਲ ਦੀ ਨਾੜ ਨੂੰ ਲਗਾਈ ਗਈ ਸੀ ਜੋ ਕਿ ਹਵਾ ਤੇਜ ਹੋਣ ਕਾਰਨ ਇਨ੍ਹਾਂ ਕਿਸਾਨਾਂ ਦੇ ਖੇਤਾਂ 'ਚ ਪਹੁੰਚ ਗਈ ਅਤੇ ਕਿਸਾਨਾਂ ਵੱਲੋਂ ਖੇਤਾਂ ਦੇ ਵਿੱਚ ਬਣਾਏ ਗਏ ਘਰਾਂ ਨੂੰ ਅੱਗ ਲੱਗਣ ਕਾਰਨ ਘਰਾਂ ਵਿੱਚ ਪਿਆ ਕੀਮਤੀ



ਸਾਮਾਨ ਸੜ ਕੇ ਸਵਾਹ ਹੋ ਗਿਆ। ਇਸ ਦੇ ਨਾਲ ਹੀ ਲਗਭਗ 18 ਰਿਪਰ ਤੂੜੀ ਵੀ ਸੜ ਕੇ ਸਵਾਹ ਹੋ ਗਈ । ਪੀੜਤ ਕਿਸਾਨ ਤਿਲਕ ਰਾਜ ,ਚਰਨਜੀਤ ,ਗੁਲਸਨ ਕੁਮਾਰ, ਸਾਮ ਲਾਲ, ਜੋਨੀ ਸਰਮਾ ਅਤੇ ਤਿਲਕ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਚਾਰ ਇੰਜਨ ਵੀ ਸੜ ਕੇ ਸਵਾਹ ਹੋ ਗਏ ਹਨ .ਜਿਸ ਦੇ ਨਾਲ ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਖੇਤਾਂ 'ਚ ਬਣਾਈਆਂ ਗਈਆਂ ਝੌਂਪੜੀਆਂ ਨੂੰ ਅੱਗ ਲੱਗਣ ਕਾਰਨ ਝੌਂਪੜੀਆਂ 'ਚ ਪਏ ਸਾਮਾਨ ਸਮੇਤ ਨਗਦੀ ਵੀ ਸੜ ਕੇ ਸੁਆਹ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ । ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੇ ਖਾਣ ਲਈ ਜੋ ਕਣਕ ਰੱਖੀ ਹੋਈ ਸੀ ਉਹ ਵੀ ਸੜ ਕੇ ਸੁਆਹ ਹੋ ਗਈ ਕਿਸਾਨਾਂ ਨੇ ਦੱਸਿਆ ਕਿ ਇਸ ਵੇਲੇ ਉਹਨਾਂ ਕੋਲ ਪਸ਼ੂਆਂ ਨੂੰ ਪਾਉਣ ਯੋਗ ਚਾਰਾ ਵੀ ਨਹੀਂ ਬਚਿਆ ਹੈ ਅਤੇ ਨਾ ਹੀ ਘਰ ਵਿੱਚ ਖਾਣ ਲਈ ਅਨਾਜ ਬਚਿਆ ਹੈ। ਜਿਸ ਦੇ ਚਲਦੇ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਇਸ ਮੌਕੇ ਕਿਸਾਨਾਂ ਵੱਲੋਂ ਪ੍ਰਸਾਸਨ ਤੋਂ ਮੰਗ ਕੀਤੀ ਗਈ ਕਿ ਕਿਸਾਨਾਂ ਦਾ ਨੁਕਸਾਨ ਦੇਖਣ ਤੋਂ ਬਾਅਦ 'ਚ ਉਹਨਾਂ ਨੂੰ ਮੁਆਵਜਾ ਮੁਹਈਆ ਕਰਵਾਏ ਜਾਵੇ।

## ਫ਼ਿਰੋਜ਼ਪੁਰ ਦੀ ਕੇਂਦਰੀ ਜੇਲ੍ਹ 'ਚੋਂ ਫਿਰ ਬਰਾਮਦ ਹੋਇਆ ਮੋਬਾਈਲ ਫ਼ੋਨ, ਮਾਮਲਾ ਦਰਜ

ਫਿਰੋਜ਼ਪੁਰ 29 ਸਤੰਬਰ। ਕੇਂਦਰੀ ਜੇਲ੍ਹ ਫ਼ਿਰੋਜ਼ਪੁਰ 'ਚੋਂ ਬੀਤੇ ਦਿਨੀਂ ਜੇਲ੍ਹ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਚਲਾਈ ਤਲਾਸ਼ੀ ਮੁਹਿੰਮ ਦੌਰਾਨ ਜੇਲ੍ਹ ਦੇ ਲਾਕਅੱਪ ਵਿੱਚੋਂ ਇੱਕ ਮੋਬਾਈਲ ਫ਼ੋਨ ਬਰਾਮਦ ਹੋਇਆ ਹੈ। ਉਕਤ ਮਾਮਲੇ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ ਜੇਲ੍ਹ ਅਧਿਕਾਰੀ ਦੇ ਬਿਆਨਾਂ 'ਤੇ ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਜਸਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਸਾਥੀ ਮੁਲਾਜ਼ਮਾਂ ਸਮੇਤ ਬਲਾਕ ਨੰਬਰ 1 ਦੀ ਚੱਕੀ ਨੰਬਰ 1'ਚ ਦਾਖਲ ਹੋਏ ਸਨ। ਜਦੋਂ ਕੱਲ੍ਹ ਜੇਲ੍ਹ ਦੇ ਹਾਈ ਸਕਿਓਰਿਟੀ ਜ਼ੋਨ 'ਚ 3 ਵਿਅਕਤੀਆਂ ਦੀ ਤਲਾਸ਼ੀ ਲਈ ਗਈ ਤਾਂ ਹਿਰਾਸਤ 'ਚ ਲਏ ਬਲਰਾਜ ਸਿੰਘ ਉਰਫ ਬਰੀ ਪੁੱਤਰ ਅਨੋਖ ਸਿੰਘ ਵਾਸੀ ਬਸੰਤ ਕੋਟਲੀ ਕੋਲੋਂ 1 ਮੋਬਾਇਲ ਫੋਨ, ਜਿਸ 'ਚ ਟੁੱਟੀ ਹੋਈ ਓਪੋ ਟੱਚ ਸਕਰੀਨ ਸੀ ਬਰਾਮਦ ਹੋਇਆ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੁਖੀ ਗੁਰਮੇਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀਆਂ ਖਿ਼ਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ।

# 15,000 ਰੁਪਏ ਰਿਸਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ 29 ਸਤੰਬਰ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ 'ਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਬੁੱਧਵਾਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਲ ਹਲਕਾ ਪੰਡੋਰੀ ਸਰਕਲ 'ਚ ਬਤੌਰ ਪਟਵਾਰੀ ਤਾਇਨਾਤ ਰਮੇਸ ਕੁਮਾਰ ਨੂੰ 15,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮਾਲ ਅਧਿਕਾਰੀ ਨੂੰ ਹੁਸ਼ਿਆਰਪੁਰ ਦੇ ਪਿੰਡ ਤਨੂਲੀ ਦੀ ਵਸਨੀਕ ਜਸਵਿੰਦਰ ਕੌਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਸਨੇ ਅੱਗੇ ਦੱਸਿਆ ਕਿ ਉਕਤ ਸ਼ਿਕਾਇਤਕਰਤਾ ਨੇ ਆਪਣੇ ਪਤੀ ਸਮੇਤ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਗਾਇਆ ਕਿ ਉਕਤ ਪਟਵਾਰੀ ਉਸਦੀ ਨਨਾਣ ਨੂੰ ਜ਼ਿੰਦਾ ਹੋਣ ਸਬੰਧੀ ਸਰਟੀਫਿਕੇਟ ਜਾਰੀ ਕਰਨ ਬਦਲੇ 15,000 ਰੁਪਏ ਦੀ ਮੰਗ ਕਰ ਰਿਹਾ ਹੈ ਅਤੇ ਇਹ ਪੈਸੇ ਦੇਣ ਲਈ ਉਸਦੇ ਮੋਬਾਈਲ ਫੋਨ 'ਤੇ ਸੁਨੇਹਾ ਭੇਜਿਆ ਹੈ ਕਿ ਜੇਕਰ ਜਲਦ ਪੈਸੇ ਨਾ ਦਿੱਤੇ ਤਾਂ ਕੁਝ ਦਿਨਾਂ ਬਾਅਦ ਰਿਸਵਤ ਦੀ ਰਕਮ ਵਧ ਕੇ 20,000 ਰੁਪਏ ਹੋ ਜਾਵੇਗੀ। ਉਸਨੇ ਅੱਗੇ



ਦੱਸਿਆ ਕਿ ਉਕਤ ਪਟਵਾਰੀ ਨੇ ਉਸਦੀ ਫੋਨ ਕਾਲ ਦੌਰਾਨ 15,000 ਰੁਪਏ ਦੀ ਰਿਸਵਤ ਲੈਣ ਲਈ ਜੋਰ ਪਾਇਆ ਹੈ। ਸ਼ਿਕਾਇਤਕਰਤਾ ਨੇ ਅੱਗੇ ਇਹ ਵੀ ਦੱਸਿਆ ਕਿ ਉਕਤ ਪਟਵਾਰੀ ਨੇ ਪਹਿਲਾਂ ਉਨ੍ਹਾਂ ਦੀ ਜਮੀਨ ਦਾ ਇੰਤਕਾਲ ਮਾਲ ਰਿਕਾਰਡ 'ਚ ਦਰਜ ਕਰਨ ਬਦਲੇ ਉਸਦੇ ਪਤੀ ਤੋਂ 25,000 ਰੁਪਏ ਦੀ ਰਿਸਵਤ ਦੀ ਮੰਗ ਕੀਤੀ ਸੀ ਅਤੇ ਇਸ ਕੰਮ ਨੂੰ ਪੂਰਾ ਕਰਨ ਬਦਲੇ 15,000 ਰੁਪਏ ਦੀ ਰਿਸਵਤ ਲਈ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜਮ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ 'ਚ ਸ਼ਿਕਾਇਤਕਰਤਾ ਪਾਸੋਂ 15,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਉਸ ਕੋਲੋਂ ਰਿਸਵਤ ਦੀ ਰਕਮ ਵੀ ਮੌਕੇ ਉੱਤੇ ਹੀ ਬਰਾਮਦ ਕਰ ਲਈ। ਉਨ੍ਹਾਂ ਦੱਸਿਆ ਕਿ ਇਸ ਸਬੰਧ 'ਚ ਉਕਤ ਮੁਲਜਮ ਖ਼ਿਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਰੇਂਜ 'ਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੁਲਜਮ ਨੂੰ ਭਲਕੇ ਅਦਾਲਤ 'ਚ ਪੇਸ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਹਥਿਆਰਾਂ ਨਾਲ ਲੈੱਸ ਹੋ ਕੇ ਹਮਲਾ ਕਰਨ 'ਤੇ 9 ਲੋਕਾਂ ਖਿਲਾਫ ਮਾਮਲਾ ਦਰਜ

ਲੁਧਿਆਣਾ 29 ਸਤੰਬਰ। ਗੁਰੂ ਅਰਜਨ ਦੇਵ ਨਗਰ ਤੇ ਤਾਜਪੁਰ ਰੋਡ 'ਤੇ ਇਕ ਰੁਪਏ ਰੋਟੀ ਵਾਲੀ ਰੋਡ 'ਤੇ ਹਥਿਆਰਾਂ ਨਾਲ ਲੈਸ ਕੁਝ ਮੁਲਜਮਾਂ ਨੇ ਇਕ-ਦੂਜੇ 'ਤੇ ਹਮਲਾ ਕਰ ਕੇ ਕੁੱਟਮਾਰ ਕੀਤੀ। ਇਸ ਸਬੰਧੀ ਥਾਣਾ ਡਵੀਜਨ ਨੰ. 7 ਦੀ ਪੁਲਸ ਨੇ ਦੋ ਧਿਰਾਂ ਦੇ 9 ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਫਿਲਹਾਲ ਮੁਲਜਮਾਂ ਦੀ ਗ੍ਰਿਫਤਾਰੀ ਬਾਕੀ ਹੈ। ਇਸ ਸਬੰਧੀ ਜਦੋਂ ਗੁਰਮੀਤ ਸਿੰਘ 14 ਮਈ ਨੂੰ ਗੁਰੂ ਅਰਜਨ ਦੇਵ ਨਗਰ ਵਿਖੇ ਇਕ ਰੁਪਏ ਰੋਟੀ ਰੋਡ ਨੇੜੇ ਵਾਕ ਐਂਡ ਵੇਅਰ ਕੁਲੈਕਸਨ ਦੇ ਸਾਹਮਣੇ ਹੋਈ ਲੜਾਈ ਦੀ ਜਾਂਚ ਕਰਨ ਲਈ ਗਿਆ ਤਾਂ 9-10 ਮਈ ਦੀ ਰਾਤ ਨੂੰ ਕਿਸੇ ਨੇ ਬਿਆਨ ਦਿੱਤਾ ਹੈ। ਪੁਲਸ ਦੀ ਖੁਫੀਆ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਧਿਰਾਂ ਹਥਿਆਰਾਂ ਨਾਲ ਲੈੱਸ ਸਨ ਅਤੇ ਇਕ-ਦੂਜੇ 'ਤੇ ਹਮਲਾ ਕੀਤਾ ਸੀ। ਇਸ ਮਾਮਲੇ 'ਚ ਪੁਲਸ ਨੇ ਦੋਵਾਂ ਧਿਰਾਂ ਦੇ 9 ਮੁਲਜਮਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

## ਪਟਿਆਲਾ 'ਚ ਕੇਕ ਖਾਣ ਤੋਂ ਬਾਅਦ ਹੋਈ ਬੱਚੀ ਦੀ ਮੌਤ ਦੇ ਮਾਮਲੇ 'ਚ ਨਵਾਂ ਮੋੜ, ਸਾਹਮਣੇ ਆਈ ਫਾਈਨਲ ਰਿਪੋਰਟ

ਪਟਿਆਲਾ 29 ਸਤੰਬਰ। ਪਟਿਆਲਾ ਵਿਚ 10 ਸਾਲਾ ਬੱਚੀ ਮਾਨਵੀ ਦੀ ਆਪਣੇ ਹੀ ਜਨਮ ਦਿਨ 'ਤੇ ਕੇਕ ਖਾਣ ਨਾਲ ਹੋਈ ਮੌਤ ਦੇ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਪੁਲਸ ਵਲੋਂ ਲੈਬ ਵਿਚ ਭੇਜੇ ਗਏ ਕੇਕ ਦੇ ਸੈਂਪਲਾਂ ਦੀ ਫਾਈਨਲ ਰਿਪੋਰਟ ਆ ਗਈ ਹੈ। ਰਿਪੋਰਟ ਮੁਤਾਬਕ ਕੇਕ ਵਿਚ ਕੋਈ ਵੀ ਜਹਿਰੀਲਾ ਪਦਾਰਥ ਨਹੀਂ ਪਾਇਆ ਗਿਆ ਹੈ। ਦਰਅਸਲ ਪਿਛਲੀ 24 ਮਾਰਚ ਨੂੰ ਪਟਿਆਲਾ 'ਚ ਬੱਚੀ ਮਾਨਵੀ ਦਾ ਜਨਮ ਦਿਨ ਸੀ ਅਤੇ ਪਰਿਵਾਰ ਵਲੋਂ ਆਨਲਾਈਨ ਕੇਕ ਮੰਗਵਾਇਆ ਗਿਆ ਸੀ, ਜਿਸ ਨੂੰ ਖਾਣ ਤੋਂ ਬਾਅਦ ਪੂਰੇ ਪਰਿਵਾਰ ਦੀ ਸਿਹਤ ਵਿਗੜ ਗਈ ਸੀ ਜਿਸ ਵਿਚ 10 ਸਾਲਾ ਮਾਨਵੀ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਪਰਿਵਾਰ ਲਗਾਤਾਰ ਇਨਸਾਫ ਦੀ ਮੰਗ ਕਰਦਾ ਆ ਰਿਹਾ ਸੀ ਪਰ ਪਹਿਲਾਂ ਹੀ ਪੁਲਸ ਨੇ ਪਰਿਵਾਰ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਕੇਕ ਬਣਾਉਣ ਵਾਲੇ ਸਣੇ 2 ਮੁਲਜਮਾਂ ਨੂੰ ਕਾਬੂ ਕੀਤਾ ਸੀ ਪਰ ਬੇਕਰੀ ਦਾ ਮਾਲਕ ਮਾਮਲਾ ਦਰਜ ਹੋਣ ਮਗਰੋਂ ਫਰਾਰ ਹੋ ਗਿਆ ਸੀ ਜਿਸ ਨੂੰ ਅੱਜ 2 ਮਹੀਨੇ ਦਾ ਸਮਾਂ ਹੋ ਚੁੱਕਾ ਹੈ ਪਰ ਅੱਜ ਇਸ ਮਾਮਲੇ 'ਚ ਖਰੜ ਤੋਂ ਵਿਸਰਾ ਰਿਪੋਰਟ ਸਾਹਮਣੇ ਆਈ ਹੈ ਜਿਸ 'ਚ ਸਾਫ ਆਖਿਆ ਗਿਆ ਹੈ ਕਿ ਕੇਕ ਵਿਚ ਕੁਝ ਵੀ ਜਹਿਰੀਲਾ ਨਹੀਂ ਸੀ। ਦੂਜੇ ਪਾਸੇ ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਸਾਡਾ ਤਾਂ ਸਾਰਾ ਕੁਝ ਬਰਬਾਦ ਹੋ ਗਿਆ ਹੈ

## ਪਤੀ ਤੋਂ ਦੁਖੀ ਵਿਆਹੁਤਾ ਨੇ ਚੁੱਕਿਆ ਖੌਫਨਾਕ ਕਦਮ, ਨਹੀਂ ਪਤਾ ਸੀ ਹੋ ਜਾਵੇਗਾ ਇਹ ਕੁਝ

ਫਤਹਿਗੜ੍ਹ ਸਾਹਿਬ 29 ਸਤੰਬਰ। ਵਿਆਹੁਤਾ ਔਰਤ ਨੇ ਆਪਣੇ ਪਤੀ ਤੋਂ ਦੁਖੀ ਹੋ ਕੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮਾਮਲੇ 'ਚ ਪੁਲਸ ਵੱਲੋਂ ਮ੍ਰਿਤਕਾ ਦੇ ਪਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਮਾਮਲਾ ਸਰਹਿੰਦ ਮੰਡੀ ਦਾ ਹੈ, ਜਿੱਥੇ ਇੱਕ ਵਿਆਹੁਤਾ ਔਰਤ ਲਵਲੀਨ ਕੌਰ ਨੇ ਪੱਖੇ ਨਾਲ ਲਟਕ ਕੇ ਖੁਦਕਸ਼ੀ ਕਰ ਲਈ। ਮਾਮਲੇ 'ਚ ਪੁਲਸ ਵੱਲੋਂ ਉਸਦੇ ਪਤੀ ਨਰੇਸ਼ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੂਜੇ ਪਾਸੇ ਡੀ.ਐੱਸ.ਪੀ. ਸੁਖਨਾਜ਼ ਸਿੰਘ ਨੇ ਦੱਸਿਆ ਕਿ ਨਰੇਸ਼ ਕੁਮਾਰ ਆਪਣੀ ਪਤਨੀ ਲਵਲੀਨ ਕੌਰ ਨਾਲ ਲੜਾਈ ਝਗੜਾ ਕਰਦਾ ਰਹਿੰਦਾ ਸੀ। ਲਵਲੀਨ ਕੌਰ ਵੱਲੋਂ ਪਤੀ ਤੋਂ ਤੰਗ ਆ ਕੇ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਗਈ ਹੈ। ਮ੍ਰਿਤਕਾ ਦੇ ਭਰਾ ਰੁਪਿੰਦਰ ਸਿੰਘ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਨਰੇਸ਼ ਕੁਮਾਰ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਡੇਢ ਕਰੋੜ ਰੁਪਏ ਦੀ ਚਰਸ ਬਰਾਮਦ, ਨੇਪਾਲੀ ਮਹਿਲਾ ਤਸਕਰ ਗ੍ਰਿਫਤਾਰ

ਬਹਿਰਾਈਚ 29 ਸਤੰਬਰ। ਉੱਤਰ ਪ੍ਰਦੇਸ਼ ਦੇ ਬਹਿਰਾਈਚ ਜ਼ਿਲ੍ਹੇ 'ਚ ਭਾਰਤ-ਨੇਪਾਲ ਸਰਹੱਦੀ ਰੂਪਈਡੀਹਾ ਸਰਹੱਦ 'ਤੇ ਸਸ਼ਸਤਰ ਸੀਮਾ ਬਲ (ਐੱਸਐੱਸਬੀ) ਅਤੇ ਉੱਤਰ ਪ੍ਰਦੇਸ ਪੁਲਸ ਦੀ ਇਕ ਸਾਂਝੀ ਟੀਮ ਨੇ ਇਕ ਨੇਪਾਲੀ ਮਹਿਲਾ ਨਸਾ ਤਸਕਰ ਕੋਲੋਂ ਡੇਢ ਕਰੋੜ ਰੁਪਏ ਤੋਂ ਵੱਧ ਦਾ ਨਸੀਲਾ ਪਦਾਰਥ ਬਰਾਮਦ ਕਰਨ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ ਬਰਾਮਦ ਨਸੀਲਾ ਪਦਾਰਥ ਨੇਪਾਲ ਤੋਂ ਤਸਕਰੀ ਕਰ ਕੇ ਸ਼ਿਮਲਾ (ਹਿਮਾਚਲ ਪ੍ਰਦੇਸ) ਲਿਆਂਦਾ ਜਾ ਰਿਹਾ ਸੀ। ਸਸ਼ਸਤਰ ਸੀਮਾ ਬਲ 42ਵੀਂ ਕੋਰ ਦੇ ਡਿਪਟੀ ਕਮਾਂਡਰ ਦਿਲੀਪ ਕੁਮਾਰ ਨੇ ਦੱਸਿਆ ਕਿ ਸੋਮਵਾਰ ਸਾਮ ਨੂੰ ਠੋਸ ਅਤੇ ਭਰੋਸੇਮੰਦ ਖੁਫੀਆ ਸੂਚਨਾ ਦੇ ਆਧਾਰ 'ਤੇ ਐੱਸਐੱਸਬੀ ਅਤੇ ਉੱਤਰ ਪ੍ਰਦੇਸ ਪੁਲਸ ਦੀ ਸਾਂਝੀ ਟੀਮ ਜਾਂਚ ਅਤੇ ਤਲਾਸ 'ਚ ਲੱਗੀ ਹੋਈ ਸੀ। ਇਸ ਦੌਰਾਨ ਨੇਪਾਲ ਤੋਂ ਆਈ ਇਕ ਨੇਪਾਲੀ ਔਰਤ ਦੇ ਬੈਗ 'ਚੋਂ ਹਰੇ



ਕੱਪੜੇ 'ਚ ਲਪੇਟੇ 6 ਪਾਰਦਰਸੀ ਪਾਊਚ ਬਰਾਮਦ ਹੋਏ। ਡੌਗ ਸਕੁਐਡ ਅਤੇ ਖੋਜੀ ਕੁੱਤਿਆਂ ਨੇ ਬੈਗ 'ਚ ਰੱਖੇ ਕਾਲੇ ਰੰਗ ਦੇ ਪਦਾਰਥ ਨੂੰ ਨਸ਼ੀਲੇ ਪਦਾਰਥ ਹੋਣ ਵਰਗੀ ਪ੍ਰਤੀਕਿਰਿਆ ਦਿੱਤੀ ਅਤੇ ਬਾਅਦ 'ਚ ਵਿਸ਼ੇਸ਼ ਸਿਖਲਾਈ ਪ੍ਰਾਪਤ ਜਵਾਨਾਂ ਨੇ ਇਸ ਨੂੰ ਚਰਸ ਵਜੋਂ ਪਛਾਣਿਆ। ਫੜੀ ਗਈ ਨੇਪਾਲੀ ਨਾਗਰਿਕ ਦੀ ਪਛਾਣ ਦਿਲਬਹਾਦਰ ਬੁਧਾ ਦੀ ਧੀ ਰੇਖਾ ਬੁਧਾ ਵਜੋਂ ਹੋਈ ਹੈ। ਨਸ਼ੀਲੇ ਪਦਾਰਥ ਤਸਕਰ ਰੇਖਾ ਖ਼ਿਲਾਫ ਨਸ਼ੀਲੇ ਪਦਾਰਥ ਪਾਬੰਦੀ ਨਾਲ ਸੰਬੰਧਤ ਐੱਨ.ਡੀ.ਪੀ.ਐੱਸ. ਐਕਟ ਦੇ ਅਧੀਨ ਰੁਪਈਡੀਹਾ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਹੈ। ਡਿਪਟੀ ਕਮਾਂਡਰ ਨੇ ਦੱਸਿਆ ਕਿ ਕਰੀਬ 5 ਕਿਲੋਗ੍ਰਾਮ ਭਾਰੀ ਚਰਸ ਦੀ ਕੌਮਾਂਤਰੀ ਬਜਾਰ 'ਚ ਕੀਮਤ ਲਗਭਗ 1.6 ਕਰੋੜ ਰੁਪਏ ਦੱਸੀ ਜਾਂਦੀ ਹੈ। ਗ੍ਰਿਫਤਾਰੀ ਨੇਪਾਲੀ ਔਰਤ ਨੇ ਸ਼ੁਰੂਆਤੀ ਪੁੱਛ-ਗਿੱਛ 'ਚ ਦੱਸਿਆ ਕਿ ਉਸ ਨੇ ਨੇਪਾਲ 'ਚ ਰੁਕੁਮ ਜ਼ਿਲ੍ਹੇ ਦੇ ਕਾਕਰਾ ਪਿੰਡ ਸਥਿਤ ਆਪਣੇ ਘਰ 'ਤੇ ਉਕਤ ਚਰਸ ਤਿਆਰ ਕੀਤੀ ਸੀ ਅਤੇ ਘੱਟ ਸਮੇਂ 'ਚ ਵੱਧ ਤੋਂ ਵੱਧ ਪੈਸਾ ਕਮਾਉਣ ਦੇ ਲਾਲਚ 'ਚ ਉਹ ਇਸ ਨੂੰ ਵੇਚਣ ਦੇ ਮਕਸਦ ਨਾਲ ਭਾਰਤ ਦੇ ਸ਼ਿਮਲਾ (ਹਿਮਾਚਲ ਪ੍ਰਦੇਸ਼) ਲਿਜਾਉਣ ਵਾਲੀ ਸੀ।

# ਪਿੰਡ ਕੱਟਿਆਂ ਵਾਲਾ ਵਿਖੇ ਨਸ਼ਾ ਤਸਕਰਾਂ ਖਿਲਾਫ ਵੱਡੀ ਕਾਰਵਾਈ, 15 ਲੱਖ 67 ਹਜ਼ਾਰ ਦੀ ਪ੍ਰੋਪਰਟੀ ਕੀਤੀ ਸੀਲ

ਜਲਾਲਾਬਾਦ 27 ਸਤੰਬਰ। ਪੰਜਾਬ ਪੁਲਸ ਦੇ ਵੱਲੋਂ ਨਸ਼ਾ ਤਸਕਰਾਂ ਦੇ ਖ਼ਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਅੱਜ ਐੱਸ. ਐੱਸ. ਪੀ. ਫਾਜ਼ਿਲਕਾ ਦੇ ਦਿਸ਼ਾ-ਨਿਰਦੇਸ਼ਾਂ ਤੇ ਪਿੰਡ



ਕੱਟੀਆਂ ਵਾਲਾ ਵਿਖੇ ਇੱਕ ਨਸ਼ਾ ਤਸਕਰ ਦੀ 15 ਲੱਖ 67 ਹਜ਼ਾਰ ਦੀ ਪ੍ਰੋਪਰਟੀ ਸੀਲ ਕੀਤੀ ਗਈ ਹੈ। ਸਾਲ 2022 'ਚ ਅਬੋਹਰ ਸਿਟੀ 1 ਦੇ ਵਿਚ 92 ਕਿਲੋ ਚੂਰਾ ਪੋਸਤ ਦੇ ਨਾਲ ਬਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਕੱਟੀਆਂ ਵਾਲਾ ਨੂੰ ਕਾਬੂ ਕੀਤਾ ਗਿਆ ਸੀ ਅਤੇ ਉਸ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਜਿਸ ਤੋਂ ਬਾਅਦ ਹੁਣ ਉਸ ਦੀ ਪ੍ਰੋਪਰਟੀ ਅਟੈਚ ਕੀਤੀ ਗਈ ਸੀ ਅਤੇ ਬੀਤੇ ਦਿਨ ਥਾਣਾ ਵੈਰੋਕਾ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਬਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਪਿੰਡ ਕੱਟੀਆਂ ਵਾਲਾ ਪਹੁੰਚ ਉਸਦੀ ਪ੍ਰੋਪਰਟੀ ਦੇ ਬਾਹਰ ਸੀਜ਼ ਦਾ ਨੋਟਿਸ ਚਿਪਕਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਨਸ਼ਾ ਤਸਕਰ ਵੱਲੋਂ ਨਸ਼ੇ ਦੀ ਕਮਾਈ 'ਚ ਇਹ 2290 ਸਕੇਅਰ ਫੁੱਟ ਮਕਾਨ ਬਣਾਇਆ ਗਿਆ ਹੈ। ਹੁਣ ਨਾ ਤਾਂ ਨਸ਼ਾ ਤਸਕਰ ਇਸ ਮਕਾਨ ਨੂੰ ਵੇਚ ਸਕੇਗਾ ਅਤੇ ਨਾ ਹੀ ਕਿਸੇ ਨੂੰ ਗਿਫਟ ਕਰ ਸਕੇਗਾ। ਉਨ੍ਹਾਂ ਨੇ ਦੱਸਿਆ ਕਿ ਜਲਦ ਹੀ ਇਸ ਨਸ਼ਾ ਤਸਕਰ ਦੀ ਪ੍ਰੋਪਰਟੀ ਨਿਲਾਮ ਕੀਤੀ ਜਾਏਗੀ। ਇਸ ਮੌਕੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਥਾਣਾ ਵੈਰੋਕਾ ਦੇ ਇੰਚਾਰਜ ਗੁਰਜੰਟ ਸਿੰਘ ਨੇ ਦੱਸਿਆ ਦਫਤਰਾਂ ਦੇ ਹੁਕਮਾਂ ਤੋਂ ਬਾਅਦ ਇਹ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਆਉਂਦੇ ਸਮੇਂ ਦੇ ਵਿੱਚ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਲਗਾਤਾਰ ਜਾਰੀ ਰਹਿਣਗੀਆਂ। ਉਨ੍ਹਾਂ ਨੇ ਕਿਹਾ ਕਿ ਇਲਾਕੇ ਦੇ 'ਚ ਕਿਸੇ ਨੂੰ ਵੀ ਨਸ਼ਾ ਤਸਕਰੀ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ ਅਤੇ ਨਸ਼ਾ ਤਸਕਰਾਂ ਨਾਲ ਭਵਿੱਖ ਦੇ ਵਿੱਚ ਸਖਤੀ ਦੇ ਨਾਲ ਨਜਿੱਠਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਤੇ ਕਿਹਾ ਕਿ ਜੇਕਰ ਕੋਈ ਵੀ ਨਸ਼ਾ ਸਮਗਲਿੰਗ ਦੇ ਮਾਮਲੇ ਦੇ ਵਿੱਚ ਲਿਪਤ ਪਾਇਆ ਗਿਆ ਤਾਂ ਉਸ ਦੇ ਖ਼ਿਲਾਫ ਪੁਲਸ ਵੱਲੋਂ ਸਖਤ ਤੋਂ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਦੱਸ ਦਈਏ ਕਿ ਜ਼ਿਲ੍ਹਾ ਫਾਜ਼ਿਲਕਾ ਪੁਲਸ ਦੇ ਵੱਲੋਂ ਲਗਾਤਾਰ ਨਸ਼ਾ ਤਸਕਰਾਂ ਦੇ ਖ਼ਿਲਾਫ ਕਾਰਵਾਈਆਂ ਕੀਤੀਆਂ ਜਾ ਰਹੀਆਂ ਜਿਸ ਦੇ ਤਹਿਤ ਉਹਨਾਂ ਦੀਆਂ ਪ੍ਰੋਪਰਟੀਆਂ ਸੀਲ ਕੀਤੀਆਂ ਜਾ ਰਹੀਆਂ ਹਨ। ਇੱਥੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਜਲਾਲਾਬਾਦ ਦੇ ਪਿੰਡ ਕੱਟੀਆਂਵਾਲਾ ਵਿਖੇ ਪੁਲਸ ਦੀ ਇਹ ਕਾਰਵਾਈ ਦੇਖਣ ਨੂੰ ਮਿਲੀ ਹੈ। ਪੁਲਸ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਕਈ ਹੋਰ ਇਸੇ ਤਰ੍ਹਾਂ ਦੇ ਨਸ਼ਾ ਤਸਕਰ ਪਾਈਪਲਾਈਨ ਦੇ ਵਿੱਚ ਹਨ ਜਿਨਾਂ ਦੀਆਂ ਜਲਦ ਹੀ ਪ੍ਰੋਪਰਟੀਆਂ ਪੁਲਸ ਦੇ ਵੱਲੋਂ ਸੀਲ ਕੀਤੀਆਂ ਜਾਣਗੀਆਂ।

## ਸਾਧੂ ਦਾ ਭੇਸ ਬਣਾ ਕੇ ਠੱਗਣ ਵਾਲਾ ਔਰਤ ਸਣੇ ਗ੍ਰਿਫਤਾਰ

ਖੰਨਾ 29 ਸਤੰਬਰ। ਖੰਨਾ ਪੁਲਸ ਨੇ ਸਾਧੂ ਦਾ ਭੇਸ ਬਣਾ ਕੇ ਲੋਕਾਂ ਨੂੰ ਲੁੱਟਣ ਵਾਲੇ ਠੱਗਾਂ ਨੂੰ ਇਕ ਔਰਤ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਖੰਨਾ ਦੇ ਡੀ.ਐੱਸ.ਪੀ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਖੰਨਾ ਦੇ ਕ੍ਰਿਸ਼ਨਾ ਨਗਰ ਦੇ ਇਲਾਕੇ ਵਿਚ ਠੱਗਾਂ ਵੱਲੋਂ ਇਕ ਵਿਅਕਤੀ ਦੀਪਕ ਭਾਰਦਵਾਜ ਨੂੰ ਸਮੋਹਿਤ ਕਰਕੇ ਉਸ ਪਾਸੋਂ 2 ਸੋਨੇ ਦੀਆਂ ਮੁੰਦਰੀਆਂ, 5 ਤੋਲੇ ਦਾ ਇਕ ਬਰੈਸਲਟ ਅਤੇ 10 ਹਜ਼ਾਰ ਰੁਪਏ ਠੱਗ ਕੇ ਫਰਾਰ ਹੋ ਗਏ ਸਨ। ਡੀ.ਐੱਸ.ਪੀ. ਨੇ ਦੱਸਿਆ ਕਿ ਉਨ੍ਹਾਂ ਨੂੰ ਕਾਬੂ ਕਰਨ ਲਈ ਖੰਨਾ ਪੁਲਸ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਸਿਟੀ 1 ਦੇ ਇੰਸਪੈਕਟਰ ਅਸ਼ੋਕ ਕੁਮਾਰ ਅਤੇ ਸੀ.ਆਈ.ਏ. ਸਟਾਫ ਦੀਆਂ ਟੀਮਾਂ ਵੱਲੋਂ ਕਥਿਤ ਦੋਸ਼ੀਆਂ ਨੂੰ ਟਰੇਸ ਕਰਕੇ ਦੋ ਮੋਟਰਸਾਈਕਲਾਂ ਸਮੇਤ ਇਕ ਔਰਤ ਅਤੇ ਤਿੰਨ ਵਿਆਕਤੀਆਂ ਨੂੰ ਜ਼ਿਲ੍ਹਾ ਤਰਨਤਾਰਨ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਡੀ.ਐੱਸ.ਪੀ. ਖੰਨਾ ਨੇ ਦੱਸਿਆ ਕਿ ਕਥਿਤ ਦੋਸ਼ੀਆਂ ਵੱਲੋਂ ਲੁੱਟੇ ਗਹਿਣੇ ਅਤੇ ਪੈਸੇ ਖੁਰਦ-ਬੁਰਦ ਕਰ ਦਿੱਤੇ ਗਏ ਹਨ। ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲੈ ਕੇ ਪੁੱਛ ਗਿੱਛ ਕੀਤੀ ਜਾਵੇਗੀ।

## ਸਮੋਸਾ ਪਾਰਟੀ ਦੇਣ ਤੋਂ ਇਨਕਾਰ ਕਰਨ 'ਤੇ ਹੈਵਾਨ ਬਣੇ ਦੋਸਤ, ਬੇਰਹਿਮੀ ਨਾਲ ਕਰ 'ਤਾ ਕਤਲ

ਨੈਸਨਲ ਡੈਸਕ 29 ਸਤੰਬਰ। ਦਿੱਲੀ ਦੇ ਸਕਰਪੁਰ ਥਾਣਾ ਖੇਤਰ ਤੋਂ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਦੋਸਤਾਂ ਨੂੰ ਸਮੋਸਾ ਪਾਰਟੀ ਦੇਣ ਤੋਂ ਇਨਕਾਰ ਕਰਨ 'ਤੇ ਇਕ ਨੌਜਵਾਨ ਦਾ ਉਸ ਦੇ ਦੋਸਤਾਂ ਵਲੋਂ ਚਾਕੂ ਮਾਰ ਕੇ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਸ ਮਾਮਲੇ ਵਿੱਚ ਉਕਤ ਨੌਜਵਾਨਾਂ ਖ਼ਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਮੁੱਢਲੀ ਜਾਂਚ ਵਿੱਚ ਪੁਲਸ ਨੂੰ ਪਤਾ ਲੱਗਾ ਹੈ ਕਿ ਸਾਰੇ ਮੁਲਜਮ ਨਾਬਾਲਗ ਹਨ। ਦਰਅਸਲ ਨੌਵੀਂ ਜਮਾਤ ਵਿੱਚ ਪੜ੍ਹਦੇ ਸਚਿਨ (16) ਨੇ ਇੱਕ ਨਵਾਂ ਮੋਬਾਈਲ ਖਰੀਦਿਆ ਸੀ। ਮੋਬਾਈਲ ਖਰੀਦਣ ਦੀ ਪਾਰਟੀ ਕਰਨ ਦੀ ਜ਼ਿਦ ਕਰਦੇ ਹੋਏ ਉਸ ਦੇ ਤਿੰਨ ਦੋਸਤਾਂ ਨੇ ਉਸ ਨੂੰ ਸਮੋਸੇ ਖੁਆਉਣ ਲਈ ਕਿਹਾ, ਪਰ ਸਚਿਨ ਨੇ ਆਪਣੇ ਦੋਸਤਾਂ ਨੂੰ ਸਮੋਸੇ ਪਾਰਟੀ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਗੱਲ ਉਸ ਦੇ ਦੋਸਤਾਂ ਨੂੰ ਪਸੰਦ ਨਹੀਂ ਆਈ ਅਤੇ ਉਹਨਾਂ ਨੇ ਗੁੱਸੇ 'ਚ ਸਚਿਨ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਥਾਣਾ ਸਕਰਪੁਰ ਪੁਲਸ ਨੇ ਬੀਐੱਨਐੱਸ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਮ੍ਰਿਤਕ ਨੌਜਵਾਨ ਦੀ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਪੁਲਸ ਦੇ ਮੁਤਾਬਕ ਸਚਿਨ ਆਪਣੇ ਪਰਿਵਾਰ ਨਾਲ ਸਕਰਪੁਰ ਇਲਾਕੇ 'ਚ ਰਹਿੰਦਾ ਸੀ। ਉਹ ਸਰਕਾਰੀ ਸਕੂਲ ਵਿੱਚ ਨੌਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਆਪਣੇ ਇੱਕ ਦੋਸਤ ਨਾਲ ਨਵਾਂ ਮੋਬਾਈਲ ਖਰੀਦ ਕੇ ਵਾਪਸ ਆ ਰਿਹਾ ਸੀ ਤਾਂ ਰਾਮਜੀ ਨੇ ਆਪਣੇ ਤਿੰਨ ਦੋਸਤਾਂ ਨੂੰ ਸਮੋਸੇ ਦੀ ਦੁਕਾਨ ਕੋਲ ਖੜ੍ਹੇ ਦੇਖਿਆ।

## ਕੁੜੀ ਦੀਆਂ ਇਤਰਾਜਯੋਗ ਫੋਟੋਆਂ ਕੀਤੀਆਂ ਜਨਤਕ, ਪੰਚਾਇਤ ਨੇ ਦੋਸ਼ੀ ਨੂੰ ਚੱਪਲਾਂ ਨਾਲ ਕੁੱਟਣ ਦੀ ਦਿੱਤੀ ਸਜਾ

ਬਰੇਲੀ 29 ਸਤੰਬਰ। ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ ਦੇ ਨਵਾਬਗੰਜ ਥਾਣਾ ਖੇਤਰ ਦੇ ਇਕ ਪਿੰਡ ਦੀ ਪੰਚਾਇਤ ਨੇ ਇਕ ਕੁੜੀ ਦੀ ਫੋਟੋ ਐਡਿਟ ਕਰਕੇ ਜਨਤਕ ਕਰਨ ਦੇ ਦੋਸ ਵਿਚ ਇਕ ਵਿਅਕਤੀ ਨੂੰ ਚੱਪਲਾਂ ਨਾਲ ਕੁੱਟਣ ਦੀ ਸਜਾ ਦੇ ਕੇ ਮਾਮਲੇ ਦਾ ਨਿਪਟਾਰਾ ਕਰ ਦਿੱਤਾ। ਹਾਲਾਂਕਿ ਬਰੇਲੀ ਦੇ ਐੱਸਪੀ (ਉੱਤਰੀ) ਮੁਕੇਸ ਚੰਦਰ ਮਿਸਰਾ ਨੇ ਕਿਹਾ ਕਿ ਪੁਲਸ ਕੋਲ ਅਜਿਹੀ ਕਿਸੇ ਘਟਨਾ ਦੀ ਜਾਣਕਾਰੀ ਨਹੀਂ ਹੈ ਪਰ ਮਾਮਲੇ ਦੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਨੌਜਵਾਨ ਨੇ ਚੋਰੀ ਕੀਤੇ ਮੋਬਾਈਲ ਫੋਨ ਨਾਲ ਕੁੜੀ ਦੀ ਫੋਟੋ ਐਡਿਟ ਕਰਕੇ ਸੋਸਲ ਮੀਡੀਆ 'ਤੇ ਜਨਤਕ ਕਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਕੁੜੀ ਦੇ ਪਰਿਵਾਰ ਵਾਲਿਆਂ ਨੇ ਇਸ ਸਬੰਧੀ ਪੰਚਾਇਤ 'ਚ ਸ਼ਿਕਾਇਤ ਕੀਤੀ, ਜਿਸ ਨੇ ਨੌਜਵਾਨ ਨੂੰ ਚੱਪਲਾਂ ਨਾਲ ਕੁੱਟਣ ਦਾ ਫੈਸਲਾ ਸੁਣਾਉਂਦੇ ਹੋਏ ਮਾਮਲੇ ਦਾ ਨਿਪਟਾਰਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਪੰਚਾਇਤ ਦੇ ਫੈਸਲੇ ਤੋਂ ਬਾਅਦ ਪੀੜਤਾ ਦੀ ਮਾਂ ਨੇ ਚੱਪਲਾਂ ਨਾਲ ਨੌਜਵਾਨ ਦੀ ਕੁੱਟਮਾਰ ਕੀਤੀ। ਪੰਚਾਇਤ ਨੇ ਕਿਹਾ ਕਿ ਜੇਕਰ ਇਹ ਮਾਮਲਾ ਪੁਲਸ ਕੋਲ ਗਿਆ ਤਾਂ ਨੌਜਵਾਨ ਦਾ ਭਵਿੱਖ ਬਰਬਾਦ ਹੋ ਜਾਵੇਗਾ, ਇਸ



ਲਈ ਮੁਲਜਮ ਨੂੰ ਚੱਪਲਾਂ ਨਾਲ ਕੁੱਟ ਕੇ ਮਾਮਲਾ ਸੁਲਝਾ ਲਿਆ ਗਿਆ। ਨਵਾਬਗੰਜ ਬਲਾਕ ਮੁਖੀ ਪ੍ਰਿਆ ਗੰਗਵਾਰ ਨੇ ਮੰਗਲਵਾਰ ਨੂੰ ਦੱਸਿਆ ਕਿ ਇਹ ਘਟਨਾ ਉਨ੍ਹਾਂ ਦੇ ਬਲਾਕ ਦੇ ਹਰਦੁਆ ਪਿੰਡ 'ਚ ਵਾਪਰੀ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਨੇ ਪਿੰਡ ਦੀ ਇਕ ਕੁੜੀ ਦੀਆਂ ਇਤਰਾਜਯੋਗ ਤਸਵੀਰਾਂ ਜਨਤਕ ਕੀਤੀਆਂ ਸਨ, ਜਿਨ੍ਹਾਂ ਨੂੰ ਐਡਿਟ ਕੀਤਾ ਗਿਆ ਸੀ। ਗੰਗਵਾਰ ਨੇ ਕਿਹਾ ਕਿ ਪੰਚਾਇਤ 'ਚ ਨੌਜਵਾਨ ਦੇ ਭਵਿੱਖ ਨੂੰ ਦੇਖਦੇ ਹੋਏ ਰਾਜੀਨਾਮਾ ਕਰ ਦਿੱਤਾ ਗਿਆ ਸੀ ਪਰ ਕੁੜੀ ਦੀ ਮਾਂ ਨੇ ਸ਼ਰਤ ਰੱਖੀ ਸੀ ਕਿ ਜਦੋਂ ਤੱਕ ਉਹ ਨੌਜਵਾਨ ਨੂੰ ਚੱਪਲ ਨਾਲ ਨਹੀਂ ਕੁੱਟੇਗੀ, ਉਦੋਂ ਤੱਕ ਉਹ ਉਸ ਨੂੰ ਮੁਆਫ ਨਹੀਂ ਕਰੇਗੀ।

### ਲਿਤ ਪਰਿਵਾਰ ਦਾ ਕੀਤਾ ਬਾਈਕਾਟ, 16 ਲੋਕ ਗ੍ਰਿਫਤਾਰ

ਹੈਦਰਾਬਾਦ 29 ਸਤੰਬਰ। ਤੇਲੰਗਾਨਾ ਦੇ ਮੇਡਕ ਜ਼ਿਲ੍ਹੇ 'ਚ ਪਿੰਡ ਦੇ ਸਮਾਗਮ 'ਚ 'ਦੱਪੂ' (ਇਕ ਕਿਸਮ ਦਾ ਸੰਗੀਤਕ ਸਾਜ) ਵਜਾਉਣ ਤੋਂ ਇਨਕਾਰ ਕਰਨ 'ਤੇ ਦਲਿਤ ਪਰਿਵਾਰ ਦੇ ਮੈਂਬਰਾਂ ਦਾ ਕਥਿਤ ਤੌਰ 'ਤੇ ਸਮਾਜਿਕ ਬਾਈਕਾਟ ਕੀਤਾ ਗਿਆ। ਪੁਲਸ ਨੇ ਇਸ ਮਾਮਲੇ ਦੇ ਦੋਸ਼ 'ਚ 16 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦਰਅਸਲ ਇਸ ਪਰਿਵਾਰ ਨੇ ਪਿੰਡ ਦੇ ਰਿਵਾਜਾਂ ਅਨੁਸਾਰ ਇਕ ਰਵਾਇਤੀ ਸਾਜ ਵਜਾਉਣ ਤੋਂ ਇਨਕਾਰ ਕੀਤਾ। ਪਰਿਵਾਰ ਦੇ ਦੋ ਭਰਾ, ਜੋ ਹੈਦਰਾਬਾਦ ਵਿਚ ਨੌਕਰੀ ਕਰ ਰਹੇ ਹਨ, ਇਸ ਰਵਾਇਤੀ ਸਾਜ ਨੂੰ ਵਜਾਉਣ ਤੋਂ ਮੁਕਰ ਗਏ ਸਨ। ਇਸ ਤੋ ਬਾਅਦ ਪਿੰਡ ਵਿਚ ਕੁਝ ਲੋਕਾਂ ਨੇ ਸਮਾਜਕ ਬਾਈਕਾਟ ਦਾ ਐਲਾਨ ਕੀਤਾ। ਪਰਿਵਾਰ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ 16 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਲਗਾਤਾਰ ਨਵੇਂ ਰਿਕਾਰਡ ਬਣਾ ਰਿਹਾ ਸ਼ੇਅਰ ਬਾਜਾਰ

ਮੁੰਬਈ 29 ਸਤੰਬਰ। ਸੇਅਰ ਬਾਜਾਰ ਨੇ ਅੱਜ ਯਾਨੀ 27 ਸਤੰਬਰ ਨੂੰ ਲਗਾਤਾਰ 7ਵੇਂ ਦਿਨ ਸਭ ਤੋਂ ਉੱਚਾ ਪੱਧਰ ਬਣਾਇਆ। ਕਾਰੋਬਾਰ ਦੌਰਾਨ ਸੈਂਸੈਕਸ 666.25 ਅੰਕ ਭਾਵ 0.78 ਫੀਸਦੀ ਦੇ ਵਾਧੇ ਨਾਲ 85,836.12 ਦੇ ਪੱਧਰ ਨੂੰ ਛੂਹ ਗਿਆ। ਇਸ ਦੇ ਨਾਲ ਹੀ ਇਸ ਦੇ 26 ਸ਼ੇਅਰ ਵਾਧੇ ਅਤੇ 4 ਸ਼ੇਅਰ ਗਿਰਾਵਟ ਨਾਲ ਕਾਰੋਬਾਰ ਕਰ ਰਹੇ ਹਨ। ਦੂਜੇ ਪਾਸੇ ਨਿਫਟੀ 211.90 ਅੰਕ ਭਾਵ 0.81 ਫੀਸਦੀ ਦੇ ਵਾਧੇ ਨਾਲ 26,216 ਦੇ ਆਲ ਟਾਈਮ ਹਾਈ ਪੱਧਰ ਨੂੰ ਛੂਹ ਗਿਆ। ਇਸ ਦੇ 41 ਸ਼ੇਅਰ ਵਾਧੇ ਨਾਲ ਅਤੇ 9 ਸ਼ੇਅਰ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਅੱਜ ਏਸੀਆਈ ਬਾਜਾਰ 'ਚ ਤੇਜੀ ਹੈ। ਜਾਪਾਨ ਦਾ ਨਿੱਕੇਈ 2.49% ਅਤੇ ਹਾਂਗਕਾਂਗ ਦਾ ਹੈਂਗ ਸੇਂਗ ਸੂਚਕਾਂਕ 1.71% ਉੱਪਰ ਹੈ। ਚੀਨ ਦਾ ਸੰਘਾਈ ਕੰਪੋਜ਼ਿਟ ਇੰਡੈਕਸ ਵੀ 0.58% ਦੇ ਵਾਧੇ ਨਾਲ ਕਾਰੋਬਾਰ ਕਰ ਰਿਹਾ ਹੈ। 27 ਸਤੰਬਰ ਨੂੰ ਅਮਰੀਕੀ ਬਾਜਾਰ ਦਾ ਡਾਓ ਜੋਂਸ 0.70 ਫੀਸਦੀ ਡਿੱਗ ਕੇ 41,914 ਦੇ ਪੱਧਰ 'ਤੇ ਬੰਦ ਹੋਇਆ। ਜਦੋਂ ਕਿ ਨੈਸਡੈਕ 0.043% ਵਧ ਕੇ 18,082 'ਤੇ ਬੰਦ ਹੋਇਆ। × 500 0.19% ਘਟਿਆ. ਐਨਐਸਈ ਦੇ ਅੰਕੜਿਆਂ ਅਨੁਸਾਰ, ਵਿਦੇਸੀ ਨਿਵੇਸਕਾਂ (ਐਫਆਈਆਈ) ਨੇ 27 ਸਤੰਬਰ ਨੂੰ 973.94 ਕਰੋੜ ਰੁਪਏ ਦੇ ਸੇਅਰ ਵੇਚੇ। ਇਸ ਦੌਰਾਨ ਘਰੇਲੂ ਨਿਵੇਸਕਾਂ () ਨੇ 1,778.99 ਕਰੋੜ ਰੁਪਏ ਦੇ ਸੇਅਰ ਖਰੀਦੇ। ਡਿਫਿਊਜਨ ਇੰਜੀਨੀਅਰਜ ਲਿਮਟਿਡ ਦੀ ਸੁਰੂਆਤੀ ਜਨਤਕ ਪੇਸਕਸ ਯਾਨੀ ਅੱਜ ਖੁੱਲ੍ਹ ਗਈ ਹੈ। ਨਿਵੇਸਕ ਇਸ ਲਈ 30 ਸਤੰਬਰ ਤੱਕ ਬੋਲੀ ਲਗਾ ਸਕਦੇ ਹਨ। ਕੰਪਨੀ ਦੇ ਸੇਅਰ 4 ਅਕਤੂਬਰ ਨੂੰ ਬੰਬੇ ਸਟਾਕ ਐਕਸਚੇਂਜ (ਬੀਐਸਈ) ਅਤੇ ਨੈਸਨਲ ਸਟਾਕ ਐਕਸਚੇਂਜ (ਐਨਐਸਈ) ਵਿੱਚ ਸੂਚੀਬੱਧ ਕੀਤੇ ਜਾਣਗੇ। ਇਸ ਤੋਂ ਪਹਿਲਾਂ ਕੱਲ੍ਹ ਯਾਨੀ 27 ਸਤੰਬਰ ਨੂੰ ਸਟਾਕ ਮਾਰਕੀਟ ਨੇ ਲਗਾਤਾਰ ਛੇਵੇਂ ਦਿਨ ਸਭ ਤੋਂ ਉੱਚੀ ਪੱਧਰ ਬਣਾਈ ਸੀ। ਕਾਰੋਬਾਰ ਦੌਰਾਨ ਸੈਂਸੈਕਸ 85,247 ਦੇ ਪੱਧਰ ਨੂੰ ਛੂਹ ਗਿਆ ਅਤੇ ਨਿਫਟੀ 26,032 ਦੇ ਪੱਧਰ ਨੂੰ ਛੂਹ ਗਿਆ। ਇਸ ਤੋਂ ਬਾਅਦ ਸੈਂਸੈਕਸ 255 ਅੰਕਾਂ ਦੇ ਵਾਧੇ ਨਾਲ 85,169 ਦੇ ਪੱਧਰ 'ਤੇ ਬੰਦ ਹੋਇਆ। ਨਿਫਟੀ ਵੀ 63 ਅੰਕ ਵਧ ਕੇ 26,004 ਦੇ ਪੱਧਰ 'ਤੇ ਬੰਦ ਹੋਇਆ। ਆਟੋ, ਆਈ.ਟੀ., ਊਰਜਾ ਅਤੇ ਬੈਂਕਿੰਗ ਸੇਅਰਾਂ 'ਚ ਤੇਜੀ ਰਹੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ 'ਚ ਆਨਰ ਕਿਲਿੰਗ, ਸਹੁਰੇ ਨੇ ਕੁਹਾੜੀ ਮਾਰ-ਮਾਰ ਕਤਲ ਕੀਤਾ ਜਵਾਈ

ਲਹਿਰਾਗਾਗਾ 29 ਸਤੰਬਰ। ਥਾਣਾ ਲਹਿਰਾ ਅਧੀਨ ਆਉਂਦੇ ਪਿੰਡ ਭਾਈ ਕਿ ਪਿਸ਼ੌਰ ਵਿਚ ਇਕ ਕੁੜੀ ਨਾਲ ਪ੍ਰੇਮ ਵਿਆਹ ਕਰਵਾਉਣ ਵਾਲੇ ਨੌਜਵਾਨ ਗੁਰਦੀਪ ਸਿੰਘ ਉਰਫ ਘੋਗੜ (27) ਨੂੰ ਕੁੜੀ ਦੇ ਪਰਿਵਾਰ ਵੱਲੋਂ ਅਣਖ ਖਾਤਰ ਕਤਲ ਕੀਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਲਹਿਰਾਗਾਗਾ ਪੁਲਸ ਮੁਖੀ ਇੰਸਪੈਕਟਰ ਵਿਨੋਦ ਕੁਮਾਰ ਨੇ ਮ੍ਰਿਤਕ ਦੇ ਭਰਾ ਮਨਜੀਤ ਸਿੰਘ ਪੁੱਤਰ ਹਰਨੇਕ ਸਿੰਘ ਉਰਫ ਨੇਬ ਪੁੱਤਰ ਗੁਰਦਿਆਲ ਸਿੰਘ ਵਾਸੀ ਭਾਈ ਕਿ ਪਿਸ਼ੌਰ ਦੇ ਬਿਆਨ 'ਤੇ ਕੇਸ ਦਰਜ ਕਰ ਕੇ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿਚ ਭੇਜ ਦਿੱਤੀ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੇ ਭਰਾ ਮਨਜੀਤ ਸਿੰਘ ਨੇ ਦੱਸਿਆ ਕਿ ਗੁਰਦੀਪ ਸਿੰਘ ਨੇ ਕਰੀਬ 3 ਸਾਲ ਪਹਿਲਾਂ ਮੁਲਜ਼ਮ ਗੁਰਜੰਟ ਸਿੰਘ ਦੀ ਕੁੜੀ ਰਜਨੀ ਕੌਰ ਨਾਲ ਪ੍ਰੇਮ ਵਿਆਹ ਕਰਵਾਇਆ ਸੀ, ਜਿਸ ਕਾਰਨ ਰਜਨੀ ਕੌਰ ਦਾ ਪਰਿਵਾਰ ਗੁਰਦੀਪ ਤੋਂ ਨਾਰਾਜ਼ ਸੀ। ਲੰਘੀ ਸ਼ਾਮ ਮਨਜੀਤ ਸਿੰਘ ਸਮੇਤ ਆਪਣੇ ਭਰਾ ਗੁਰਦੀਪ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਕਿ ਪਿਸ਼ੌਰ ਠੇਕੇ ਤੋਂ ਸ਼ਰਾਬ ਲੈਣ ਆਏ ਸੀ ਤਾਂ ਠੇਕੇ ਕੋਲ ਗੁਰਜੰਟ ਸਿੰਘ ਬੈਠਾ ਸ਼ਰਾਬ ਪੀ ਰਿਹਾ ਸੀ ਅਤੇ ਉਸਦੇ ਨਾਲ ਦੋ/ਤਿੰਨ ਹੋਰ ਨਾਮਲੂਮ ਵਿਅਕਤੀ ਵੀ ਬੈਠੇ ਸੀ, ਜਿਨ੍ਹਾਂ ਦੇ ਹੱਥਾਂ ਵਿਚ ਮਾਰੂ ਹਥਿਆਰ ਸਨ। ਮੁਲਜ਼ਮ ਗੁਰਜੰਟ ਸਿੰਘ ਨੇ ਲਲਕਾਰੇ ਮਾਰਦਿਆਂ ਗੁਰਦੀਪ ਸਿੰਘ ਉਰਫ ਘੋਗੜ 'ਤੇ ਹਮਲਾ ਕਰ ਦਿੱਤਾ। ਉਸ ਨੇ ਗੁਰਦੀਪ ਦੇ ਸਿਰ ਵਿਚ ਕੁਹਾੜੀ ਮਾਰ ਦਿੱਤੀ ਅਤੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਦੀ ਕੁੱਟਮਾਰ ਵੀ ਕੀਤੀ। ਇਸ ਕਾਰਨ ਗੁਰਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਜੇਰੇ-ਦਫਾ 103, 3 (5)191(3) ਬੀਐਨਐਸ ਗੁਰਜੰਟ ਸਿੰਘ ਵਾਸੀ ਭਾਈ ਕਿ ਪਿਸ਼ੌਰ ਸਮੇਤ ਨਾਮਾਲੂਮ ਦੋ/ਤਿੰਨ ਵਿਅਕਤੀਆਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ।

# ਜਲੰਧਰ ਰੇਲਵੇ ਸਟੇਸ਼ਨ ਨੇੜੇ ਪੂਰਾ ਇਲਾਕਾ ਕਰ ਦਿੱਤਾ ਸੀਲ, ਵੱਡੀ ਵਜ੍ਹਾ ਆਈ ਸਾਹਮਣੇ

ਜਲੰਧਰ 29 ਸਤੰਬਰ। ਜਲੰਧਰ ਦੇ ਸਿਟੀ ਰੇਲਵੇ ਸਟੇਸ਼ਨ ਨੇੜਲਾ ਇਲਾਕਾ ਅੱਜ ਪੁਲਸ ਵੱਲੋਂ ਸੀਲ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਬੀਤੇ ਦਿਨੀਂ ਇਸ ਇਲਾਕੇ ਵਿਚ ਗੈਸ ਲੀਕ ਕਾਂਡ ਮਾਮਲਾ ਵਾਪਰਿਆ ਸੀ ਜਿਸ ਵਿਚ ਇਕ ਵਿਅਕਤੀ ਦੀ ਜਾਨ ਗਈ ਸੀ। ਇਸ ਦੇ ਮੱਦੇਨਜ਼ਰ ਅੱਜ ਸਟੇਸ਼ਨ ਨੇੜੇ ਸੰਤ ਸਿਨੇਮਾ ਕੋਲ ਜੈਨ ਆਈਸ ਫੈਕਟਰੀ 'ਚ ਅਮੋਨੀਆ ਗੈਸ ਲੀਕ ਹੋਣ ਦੇ ਮਾਮਲੇ ਵਿਚ ਅੱਜ ਚੰਡੀਗੜ੍ਹ ਤੋਂ ਟੀਮਾਂ ਪਹੁੰਚੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਨੂੰ ਲੈ ਕੇ ਫੈਕਟਰੀ ਵਿਚ ਜੋ ਗੈਸ ਬਾਕੀ ਜਮ੍ਹਾ ਸੀ, ਉਸ ਨੂੰ ਕੱਢਿਆ ਜਾ ਰਿਹਾ ਹੈ। ਉਥੇ ਹੀ ਪ੍ਰਸ਼ਾਸਨ ਵੱਲੋਂ ਸਾਰੇ ਰਸਤੇ ਬੰਦ ਕਰ ਦਿੱਤੇ ਗਏ ਹਨ। ਮਿਲੀ ਜਾਣਕਾਰੀ ਮੁਤਾਬਕ ਚੰਡੀਗੜ੍ਹ ਤੋਂ ਡਿਪਟੀ ਡਾਇਰੈਕਟਰ ਅਤੇ ਜਲੰਧਰ ਵੇਰਕਾ ਮਿਲਕ ਪਲਾਂਟ ਦੇ ਕਰਮਚਾਰੀ ਆਏ ਹਨ, ਜੋ ਪਾਈਪਾਂ ਵਿਚੋਂ ਗੈਸ ਨੂੰ ਕੱਢ ਕੇ ਪਾਈਪਾਂ ਖਾਲੀ ਕਰ ਰਹੇ ਹਨ। ਇਸ ਸਬੰਧੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ,



ਇਸ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰਸ਼ਾਸਨ ਨੇ ਦੋਮੋਰੀਆ ਪੁੱਲ ਨੇੜੇ ਆਉਣ-ਜਾਣ ਵਾਲਿਆਂ ਲਈ ਰਸਤੇ ਬੰਦ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਦੋਮੋਰੀਆ ਪੁੱਲ ਰੋਡ ਸਥਿਤ ਸੰਤ ਸਿਨੇਮਾ ਨੇੜੇ ਲਗਭਗ 50 ਸਾਲ ਪੁਰਾਣੀ ਜੈਨ ਆਈਸ ਫੈਕਟਰੀ ਵਿਚ ਅਮੋਨੀਆ ਗੈਸ ਦੇ ਰਿਸਾਅ ਨਾਲ ਫੈਕਟਰੀ ਦੇ ਫੋਰਮੈਨ ਦੀ ਮੌਤ ਹੋ ਗਈ ਸੀ ਜਦਕਿ 3 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਮ੍ਰਿਤਕ ਦੀ ਪਛਾਣ ਸ਼ੀਤਲ ਸਿੰਘ ਨਿਵਾਸੀ ਲੰਮਾ ਪਿੰਡ ਦੇ ਰੂਪ ਵਿਚ ਹੋਈ ਹੈ। ਮੌਕੇ ਉਤੇ ਫਾਇਰ ਬ੍ਰਿਗੇਡ ਮੁਲਾਜ਼ਮ ਉਪਕਰਣਾਂ ਨਾਲ ਪਹੁੰਚੇ ਸਨ ਅਤੇ ਵਿਸ਼ੇਸ਼ ਮਾਸਕ ਅਤੇ ਆਕਸੀਜਨ ਗੈਸ ਸਿਲੰਡਰ ਲਾ ਕੇ ਫੈਕਟਰੀ ਵਿਚ ਦਾਖਲ ਹੋਏ, ਜਿਨ੍ਹਾਂ ਨੂੰ ਫੈਕਟਰੀ ਦੇ ਅੰਦਰ ਗੈਸ ਦੇ ਰਿਸਾਅ ਨੂੰ ਬੰਦ ਕਰਨ ਵਿਚ ਲਗਭਗ 4 ਘੰਟੇ ਲੱਗ ਗਏ। ਗੈਸ ਲੀਕ ਹੋਣ ਕਾਰਨ ਨੇੜਲੇ ਵੱਡੇ ਇਲਾਕੇ ਵਿਚ ਲੋਕਾਂ ਨੂੰ ਸਾਹ ਲੈਣ ਵਿਚ ਦਿੱਕਤ ਹੋਣ ਲੱਗੀ ਸੀ, ਜਿਸ ਤੋਂ ਬਾਅਦ ਫੈਕਟਰੀ ਦੇ ਆਲੇ-ਦੁਆਲੇ ਦੇ ਦੁਕਾਨਦਾਰਾਂ ਨੇ ਰੌਲਾ ਪਾਇਆ ਅਤੇ ਫਾਇਰ ਬ੍ਰਿਗੇਡ ਨੂੰ ਸੂਚਨਾ ਦਿੱਤੀ। ਜਦੋਂ ਤਕ ਫਾਇਰ ਬ੍ਰਿਗੇਡ ਦੀ ਟੀਮ ਪਹੁੰਚੀ, ਉਦੋਂ ਤਕ ਸਥਿਤੀ ਕਾਫੀ ਗੰਭੀਰ ਹੋ ਗਈ ਸੀ।

## ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ ਦੀ ਡੈੱਡਲਾਈਨ ਖਤਮ ਹੋਣ ਕੰਢੇ, ਹੁਣ ਛੁੱਟੀਆਂ ਵਾਲੇ ਦਿਨ ਵੀ ਖੁੱਲ੍ਹਣਗੇ ਦਫਤਰ

ਲੁਧਿਆਣਾ 29 ਸਤੰਬਰ। ਪੰਜਾਬ ਸਰਕਾਰ ਵੱਲੋਂ ਬਕਾਇਆ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ 'ਤੇ 10 ਫੀਸਦੀ ਛੋਟ ਦੇਣ ਦੀ ਡੈੱਡਲਾਈਨ ਖਤਮ ਹੋਣ 'ਚ 3 ਦਿਨ ਬਾਕੀ ਰਹਿ ਗਏ ਹਨ। ਇਸ ਦੌਰਾਨ ਨਗਰ ਨਿਗਮ ਦੇ ਖਜ਼ਾਨੇ 25 ਕਰੋੜ ਜੁਟਾਉਣ ਦੀ ਚੁਣੌਤੀ ਹੈ। ਜ਼ਿਕਰਯੋਗ ਹੈ ਕਿ ਨਗਰ ਨਿਗਮ ਵੱਲੋਂ ਪਿਛਲੇ ਸਾਲ 30 ਸਤੰਬਰ ਤੱਕ ਹੋਈ ਰਿਕਵਰੀ ਦੇ ਆਧਾਰ 'ਤੇ ਇਸ ਸਾਲ 10 ਫੀਸਦੀ ਛੋਟ ਨਾਲ 111 ਕਰੋੜ ਦਾ ਬਕਾਇਆ ਪ੍ਰਾਪਰਟੀ ਟੈਕਸ ਜੁਟਾਉਣ ਦਾ ਟਾਰਗੇਟ ਰੱਖਿਆ ਗਿਆ ਹੈ। ਇਸ ਨੂੰ ਪੂਰਾ ਕਰਨ ਲਈ ਡਿਫਾਲਟਰਾਂ ਨੂੰ ਸੰਦੇਸ਼ ਭੇਜਣ ਅਤੇ ਮੁਨਾਦੀ ਕਰਵਾਉਣ ਤੋਂ ਇਲਾਵਾ ਛੁੱਟੀਆਂ ਦੇ ਦੌਰਾਨ ਵੀ ਆਫਿਸ ਖੁੱਲ੍ਹੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਲਈ ਆਗਾਮੀ 2 ਦਿਨ ਛੁੱਟੀਆਂ ਦੇ ਦੌਰਾਨ ਵੀ ਨਗਰ ਨਿਗਮ ਦੇ ਆਫਿਸ ਖੁੱਲ੍ਹੇ ਰਹਿਣਗੇ ਤੇ ਸੁਵਿਧਾ ਸੈਂਟਰ ਦੀ ਟਾਈਮਿੰਗ ਵੀ ਵਧਾ ਕੇ 5 ਵਜੇ ਤੱਕ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਅਜੇ ਤੱਕ ਵੀ 60,000 ਲੋਕਾਂ ਨੇ ਮੌਜੂਦਾ ਸਾਲ ਦਾ ਪ੍ਰਾਪਰਟੀ ਟੈਕਸ ਨਹੀਂ ਭਰਿਆ।

# ਸਾਵਧਾਨ ! ਪੰਜਾਬ 'ਚ ਜਾਨਲੇਵਾ ਹੋਣ ਲੱਗੀ ਇਹ ਬੀਮਾਰੀ, ਇੰਝ ਕਰੋ ਆਪਣਾ ਬਚਾਅ

ਜਲੰਧਰ 29 ਸਤੰਬਰ। ਪੰਜਾਬ ਵਿਚ ਡੇਂਗੂ ਅਤੇ ਚਿਕਨਗੁਨੀਆ ਦੇ ਮਰੀਜਾਂ ਵਿਚ ਲਗਾਤਾਰ ਵਾਧਾ ਹੋਣ ਲੱਗਾ ਹੈ। ਬੁੱਧਵਾਰ ਨੂੰ ਡੇਂਗੂ ਦੇ 3 ਅਤੇ ਚਿਕਨਗੁਨੀਆ ਦਾ ਇਕ ਹੋਰ



ਪਾਜੇਟਿਵ ਕੇਸ ਮਿਲਣ ਨਾਲ ਜਲੰਧਰ ਜ਼ਿਲ੍ਹੇ ਵਿਚ ਡੇਂਗੂ ਪਾਜੇਟਿਵ ਮਰੀਜਾਂ ਦੀ ਗਿਣਤੀ 47 ਅਤੇ ਚਿਕਨਗੁਨੀਆ ਦੇ ਪਾਜੇਟਿਵ ਮਰੀਜਾਂ ਦੀ ਗਿਣਤੀ 10 'ਤੇ ਪਹੁੰਚ ਗਈ ਹੈ। ਡੇਂਗੂ ਦੀ ਬੀਮਾਰੀ ਕਈ ਜ਼ਿਲ੍ਹਿਆਂ ਵਿਚ ਜਾਨਲੇਵਾ ਵੀ ਸਾਬਤ ਹੋ ਰਹੀ ਹੈ। ਡੇਂਗੂ ਕਾਰਨ ਕਈ ਜ਼ਿਲ੍ਹਿਆਂ ਵਿਚ ਮਰੀਜਾਂ ਦੀ ਮੌਤ ਹੋਣ ਦੀ ਮੌਤ ਹੋਣ ਦੀਆਂ ਖਬਰਾਂ ਵੀ ਸਾਹਮਣੇ ਆ ਚੁੱਕੀਆਂ ਹਨ। ਜ਼ਿਲ੍ਹਾ ਐਪੀਡੀਮਾਇਲੋਜਿਸਟ ਡਾ. ਸ਼ੋਭਨਾ ਬਾਂਸਲ ਨੇ ਦੱਸਿਆ ਕਿ ਬੁੱਧਵਾਰ ਨੂੰ ਡੇਂਗੂ ਦੇ ਸ਼ੱਕੀ 19 ਮਰੀਜਾਂ ਦੇ ਸੈਂਪਲ ਟੈਸਟ ਕੀਤੇ ਗਏ ਅਤੇ ਇਨ੍ਹਾਂ ਵਿਚੋਂ 4 ਦੀ ਰਿਪੋਰਟ ਪਾਜੇਟਿਵ ਆਈ। ਜ਼ਿਲ੍ਹੇ ਦੇ ਪਾਜੇਟਿਵ ਆਉਣ ਵਾਲਾ 65 ਸਾਲਾ ਮਰਦ ਸ਼ਾਹਕੋਟ, 18 ਸਾਲਾ ਲੜਕਾ ਗੋਪਾਲ ਨਗਰ ਅਤੇ 14 ਸਾਲਾ ਲੜਕਾ ਲੱਧੇਵਾਲੀ ਦਾ ਰਹਿਣ ਵਾਲਾ ਹੈ, ਜਦਕਿ ਇਕ ਮਰੀਜ ਕਿਸੇ ਹੋਰ ਜ਼ਿਲ੍ਹੇ ਨਾਲ ਸਬੰਧਤ ਹੈ। ਉਨ੍ਹਾਂ ਦੱਸਿਆ ਕਿ ਚਿਕਨਗੁਨੀਆ ਪਾਜੇਟਿਵ ਆਉਣ ਵਾਲਾ 22 ਸਾਲਾ ਨੌਜਵਾਨ ਬਚਿੰਤ ਨਗਰ ਦਾ ਰਹਿਣ ਵਾਲਾ ਹੈ। ਡਾ. ਸ਼ੋਭਨਾ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਐਂਟੀ ਲਾਰਵਾ ਟੀਮਾਂ ਨੇ ਬੁੱਧਵਾਰ ਨੂੰ ਜ਼ਿਲ੍ਹੇ ਦੇ 1832 ਘਰਾਂ ਵਿਚ ਸਰਵੇ ਕੀਤਾ ਅਤੇ ਉਨ੍ਹਾਂ ਨੂੰ 11 ਥਾਵਾਂ 'ਤੇ ਡੇਂਗੂ ਫੈਲਾਉਣ ਵਾਲੇ ਮੱਛਰਾਂ ਦਾ ਲਾਰਵਾ ਮਿਲਿਆ। ਵਿਭਾਗ ਦੀਆਂ ਟੀਮਾਂ ਹੁਣ ਤਕ ਜ਼ਿਲ੍ਹੇ ਦੇ 3,14,199 ਘਰਾਂ ਦਾ ਸਰਵੇ ਕਰ ਚੁੱਕੀਆਂ ਹਨ ਅਤੇ ਇਸ ਦੌਰਾਨ ਉਨ੍ਹਾਂ ਨੂੰ 898 ਥਾਵਾਂ 'ਤੇ ਡੇਂਗੂ ਫੈਲਾਉਣ ਵਾਲੇ ਮੱਛਰਾਂ ਦਾ ਲਾਰਵਾ ਮਿਲ ਚੁੱਕਾ ਹੈ। ਇਨ੍ਹਾਂ ਵਿਚੋਂ 526 ਥਾਵਾਂ ਸ਼ਹਿਰੀ ਅਤੇ 372 ਪੇਂਡੂ ਇਲਾਕੇ ਦੀਆਂ ਹਨ।

### ਸਕੂਲ ਬੱਸ ਪਲਟਣ ਨਾਲ 15 ਵਿਦਿਆਰਥੀ ਅਤੇ 2 ਅਧਿਆਪਕ ਜਖਮੀ

ਥੇਨੀ 29 ਸਤੰਬਰ। ਤਾਮਿਲਨਾਡੂ 'ਚ ਥੇਨੀ ਜ਼ਿਲ੍ਹੇ ਦੇ ਕੁਨੂੰਰ ਪਿੰਡ 'ਚ ਸ਼ਨੀਵਾਰ ਨੂੰ ਸਕੂਲੀ ਬੱਸ ਪਲਟ ਗਈ। ਇਸ ਹਾਦਸੇ 'ਚ 15 ਵਿਦਿਆਰਥੀ ਅਤੇ 2 ਅਧਿਆਪਕ ਜਖਮੀ ਹੋ ਗਏ। ਪੁਲਸ ਸੂਤਰਾਂ ਨੇ ਦੱਸਿਆ ਕਿ ਕੁਨੂੰਰ ਪਿੰਡ 'ਚ ਇਕ ਮੋੜ 'ਤੇ ਡਰਾਈਵਰ ਨੂੰ ਕੰਟਰੋਲ ਗੁਆ ਦਿੱਤਾ ਅਤੇ ਬੱਸ ਸੜਕ ਤੋਂ ਫਿਸਲ ਕੇ ਖੇਤ 'ਚ ਪਲਟ ਗਈ। ਤਾਮਿਲਨਾਡੂ ਫਾਇਰ ਬ੍ਰਿਗੇਡ ਅਤੇ ਬਚਾਅ ਸੇਵਾ ਕਰਮੀਆਂ ਤੇ ਪੁਲਸ ਮੌਕੇ 'ਤੇ ਪਹੁੰਚੇ। ਬਚਾਅ ਮੁਹਿੰਮ ਤੋਂ ਬਾਅਦ ਉਨ੍ਹਾਂ ਨੇ ਜਖਮੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਇਲਾਜ ਲਈ ਥੇਨੀ ਸਰਕਾਰੀ ਮੈਡੀਕਲ ਕਾਲਜ ਹਸਪਤਾਲ 'ਚ ਦਾਖਲ ਕਰਵਾਇਆ। ਵਿਦਿਆਰਥੀਆਂ ਨੂੰ ਕੰਨਿਆਕੁਮਾਰੀ ਜ਼ਿਲ੍ਹੇ ਦੇ ਕਪੁਕਾਡੂ ਸਥਿਤ ਸਕੂਲ ਤੋਂ ਵੱਖ-ਵੱਖ ਪਿਕਨਿਕ ਸਥਾਨਾਂ 'ਤੇ ਲਿਜਾਇਆ ਜਾ ਰਿਹਾ ਸੀ।

### ਸੜਕ ਪਾਰ ਕਰ ਰਹੀ ਔਰਤ ਨੂੰ ਅਣਪਛਾਤੇ ਮੋਟਰਸਾਈਕਲ ਨੇ ਮਾਰੀ ਫੇਟ, ਮੌਤ

ਗੋਰਾਇਆ 29 ਸਤੰਬਰ। ਗੋਰਾਇਆ ਵਿਖੇ ਨੈਸ਼ਨਲ ਹਾਈਵੇਅ 'ਤੇ ਹੋਏ ਇਕ ਹਾਦਸੇ ਵਿਚ ਔਰਤ ਦੀ ਮੌਤ ਹੋ ਗਈ। ਇਸ ਸਬੰਧੀ ਮ੍ਰਿਤਕ 60 ਸਾਲਾ ਔਰਤ ਸੁਮਿਤਰਾ ਦੇ ਲੜਕੇ ਅਤੇ ਮੌਕੇ 'ਤੇ ਮੌਜੂਦ ਨੌਜਵਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ, ਜੋ ਪਹਿਲਾਂ ਗੋਰਾਇਆ ਵਿਖੇ ਕੰਮ ਕਰਦੇ ਸਨ, ਜਿੱਥੋਂ ਉਸ ਨੂੰ ਜਵਾਬ ਦੇ ਦਿੱਤਾ ਗਿਆ ਸੀ। ਕੰਮ ਦੀ ਤਲਾਸ ਵਿਚ ਉਹ ਅੱਟਾ ਪਿੰਡ ਵਿਖੇ ਗਈ ਸੀ, ਜਦੋਂ ਅੱਟਾ ਪਿੰਡ ਤੋਂ ਵਾਪਸ ਘਰ ਆਉਣ ਲਈ ਸੜਕ ਪਾਰ ਕਰ ਰਹੀ ਸੀ ਤਾਂ ਕਿਸੇ ਅਣਪਛਾਤੇ ਮੋਟਰਸਾਈਕਲ ਨੇ ਉਨ੍ਹਾਂ ਨੂੰ ਫੇਟ ਮਾਰ ਦਿੱਤੀ। ਇਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਦੱਸਿਆ ਇਸ ਦੀ ਜਾਣਕਾਰੀ ਉਨ੍ਹਾਂ ਨੇ ਪੁਲਸ ਨੂੰ ਦੇ ਦਿੱਤੀ ਹੈ। ਪੁਲਸ ਨੇ ਲਾਸ਼ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਵਿਚ ਭੇਜ ਦਿੱਤਾ ਹੈ।

### ਮਾਤਾ ਚਿੰਤਪੁਰਨੀ ਮੱਥਾ ਟੇਕਣ ਜਾਂਦੇ ਸਮੇਂ ਪਤੀ-ਪਤਨੀ ਨਾਲ ਵਾਪਰਿਆ ਦਿਲ-ਦਹਿਲਾ ਦੇਣ ਵਾਲਾ ਹਾਦਸਾ

ਹੁਸਿਆਰਪੁਰ/ਲੁਧਿਆਣਾ 29 ਸਤੰਬਰ। ਹੁਸ਼ਿਆਰਪੁਰ ਦੇ ਚਿੰਤਪੁਰਨੀ ਰੋਡ 'ਤੇ ਇਕ ਦਰਦਨਾਕ ਹਾਦਸੇ ਦੀ ਖਬਰ ਸਾਹਮਣੇ ਆ ਰਹੀ ਹੈ। ਇਸ ਹਾਦਸੇ ਵਿਚ ਪਤਨੀ ਦੀ ਮੌਕੇ ਉਤੇ ਮੌਤ ਹੋ ਗਈ ਜਦਕਿ ਪਤੀ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਜਾਣਕਾਰੀ ਮੁਤਾਬਕ ਐਕਟਿਵਾ 'ਤੇ ਸਵਾਰ ਹੋ ਕੇ ਪਤੀ-ਪਤਨੀ ਲੁਧਿਆਣਾ ਤੋਂ ਚਿੰਤਪੁਰਨੀ ਮੱਥਾ ਟੇਕਣ ਜਾ ਰਿਹਾ ਸਨ। ਇਸ ਦੌਰਾਨ ਜਦੋਂ ਉਹ ਚੌਹਾਲ ਕੋਲ ਪਹੁੰਚੇ ਤਾਂ ਇਕ ਤੇਜ ਰਫਤਾਰ ਟਿੱਪਰ ਨੇ ਦੋਵਾਂ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਪਤੀ ਗੰਭੀਰ ਜਖਮੀ ਹੋ ਗਿਆ। ਪਤੀ ਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਲਿਆਂਦਾ ਗਿਆ, ਜਿਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

# ਇਕੋ ਪਰਿਵਾਰ ਦੇ 9 ਜੀਆਂ ਦੀਆਂ ਉੱਠੀਆਂ ਅਰਥੀਆਂ, ਵੇਖ ਹਰ ਸ਼ਖਸ ਦੀ ਅੱਖ 'ਚੋਂ ਨਿਕਲੇ ਹੰਝੂ

ਦਮੋਹ 29 ਸਤੰਬਰ। ਦਮੋਹ ਜ਼ਿਲ੍ਹੇ 'ਚ ਪਹਿਲੀ ਵਾਰ ਇਕੋ ਪਰਿਵਾਰ ਦੇ 9 ਜੀਆਂ ਦੀਆਂ ਇਕੱਠੀਆਂ ਅਰਥੀਆਂ ਉੱਠੀਆਂ। ਆਲਮ ਇਹ ਸੀ ਕਿ ਜਿਸ ਨੇ ਵੀ ਇਹ ਮੰਜਰ ਦੇਖਿਆ, ਸਹਿਮ ਗਿਆ। ਦਰਅਸਲ, ਦਮੋਹ 'ਚ ਮੰਗਲਵਾਰ ਨੂੰ ਇਕ ਸ਼ਰਾਬੀ ਟਰੱਕ ਡਰਾਈਵਰ ਨੇ ਆਟੋ ਰਿਕਸ਼ਾ ਨੂੰ ਦਰੜ ਦਿੱਤਾ ਸੀ। ਹਾਦਸੇ 'ਚ ਆਟੋ 'ਚ ਸਵਾਰ ਇਕ ਹੀ ਪਰਿਵਾਰ ਦੇ 10 ਲੋਕਾਂ 'ਚੋਂ 9 ਦੀ ਮੌਤ ਹੋ ਗਈ ਸੀ। ਇਨ੍ਹਾਂ 'ਚੋਂ 1 ਦੀ ਹੀ ਜਾਨ ਬਚੀ ਸੀ। ਇਨ੍ਹਾਂ ਸਾਰੇ 9 ਜੀਆਂ ਦਾ ਅੱਜ ਬੁੱਧਵਾਰ ਨੂੰ ਅੰਤਿਮ ਸੰਸਕਾਰ ਕੀਤਾ ਗਿਆ। ਸਾਰੇ ਮ੍ਰਿਤਕ ਦਮੋਹ ਦੇ ਸ਼ੋਭਾਨਗਰ ਨਿਵਾਸੀ ਗੁਪਤਾ ਪਰਿਵਾਰ ਦੇ ਸਨ। ਉਨ੍ਹਾਂ ਦੇ ਘਰ 9 ਅਰਥੀਆਂ ਉੱਠਣ ਨਾਲ ਇਲਾਕੇ 'ਚ ਸੋਗ ਦੀ ਲਹਿਰ ਛਾ ਗਈ। ਇਲਾਕੇ ਦੇ ਸਾਰੇ ਲੋਕਾਂ ਦੀਆਂ ਅੱਖਾਂ ਨਮ ਸਨ। ਅੱਜ ਤਕ ਕਿਸੇ ਨੇ ਅਜਿਹਾ ਮੰਜਰ ਨਹੀਂ ਦੇਖਿਆ ਸੀ ਜੋ ਅੱਜ ਦੇਖਣ ਨੂੰ ਮਿਲਿਆ। ਟਰੱਕ-ਆਟੋ ਹਾਦਸੇ 'ਚ ਮਾਰੇ ਗਏ ਸਾਰੇ 9 ਲੋਕਾਂ ਦਾ ਅੰਤਿਮ ਸੰਸਕਾਰ ਦਮੋਹ ਦੇ ਜਟਾਸ਼ੰਕਰ ਸ਼ਮਸ਼ਾਨਘਾਟ ਹੋਇਆ ਜਿਥੇ ਹਰ ਸਮਾਜ ਦੇ ਲੋਕਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦੇ ਹੋਈ ਅੰਤਿਮ ਵਿਦਾਇਗੀ ਦਿੱਤੀ। ਜਦੋਂ ਲਾਸ਼ਾਂ ਸਮਸਾਨਘਾਟ ਪਹੁੰਚੀਆਂ ਤਾਂ ਅੰਤਿਮ ਸੰਸਕਾਰ ਮੌਕੇ ਸੈਂਕੜੇ ਲੋਕ ਉੱਥੇ ਮੌਜੂਦ ਸਨ। ਸਾਰਿਆਂ ਦੀਆਂ ਅੱਖਾਂ ਨਮ ਸਨ। ਇਸ ਮੌਕੇ ਜ਼ਿਲ੍ਹਾ ਮੁਖੀ ਦਮੋਹ ਕਲੈਕਟਰ ਸੁਧੀਰ ਕੁਮਾਰ ਕੋਛੜ, ਦਮੋਹ ਦੇ ਐਸਪੀ ਸਰੁਤ ਕੀਰਤੀ ਸੋਮਵੰਸੀ ਨੇ ਵੀ ਅੰਤਿਮ ਸੰਸਕਾਰ ਵਿੱਚ ਸ਼ਿਰਕਤ ਕੀਤੀ। ਅੰਤਿਮ ਸੰਸਕਾਰ ਦੇ ਪ੍ਰਬੰਧਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਸਹਿਯੋਗ ਦਿੱਤਾ। ਕਲੈਕਟਰ ਦਮੋਹ ਨੇ ਭਾਰੀ ਹਿਰਦੇ



ਨਾਲ ਇਸ ਦਰਦਨਾਕ ਹਾਦਸੇ ਬਾਰੇ ਹਾਜਰ ਡਾਕਟਰੀ ਕਰਮਚਾਰੀਆਂ ਨੂੰ ਕਿਹਾ ਕਿ ਇਸ ਤੋਂ ਅੱਗੇ ਇਸ ਗੱਲ ਦਾ ਧਿਆਨ ਰੱਖਿਆ ਜਾਵੇਗਾ ਕਿ ਜੋ ਵੀ ਡਰਾਈਵਰ ਨਸੇ ਦੀ ਹਾਲਤ 'ਚ ਪਾਇਆ ਗਿਆ, ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਕਸਟਮਰ ਕੇਅਰ 'ਤੇ ਕੀਤੀ ਕਾਲ, ਖਾਤੇ 'ਚੋਂ ਕੱਢਵਾ ਲਏ 89 ਹਜਾਰ

ਚੰਡੀਗੜ੍ਹ 29 ਸਤੰਬਰ। ਮੋਬਾਇਲ 'ਚ ਪਹਿਲਾਂ ਤੋਂ ਹੀ ਸੇਵ ਕਸਟਮਰ ਕੇਅਰ ਨੰਬਰ 'ਤੇ ਕਾਲ ਕਰ ਕੇ ਮਦਦ ਲੈਣਾ ਇਕ ਗਾਹਕ ਨੂੰ ਭਾਰੀ ਪੈ ਗਿਆ। ਕਸਟਮਰ ਕੇਅਰ ਨੰਬਰ 'ਤੇ ਗੱਲ ਕਰਨ ਵਾਲੇ ਵਿਅਕਤੀ ਨੇ ਝਾਂਸਾ ਦੇ ਕੇ ਖਾਤੇ ਵਿਚੋਂ 89 ਹਜ਼ਾਰ ਰੁਪਏ ਕੱਢਵਾ ਲਏ। ਪੁਲਸ ਨੇ ਮੁਲਜ਼ਮ ਖ਼ਿਲਾਫ਼ ਸ਼ਿਕਾਇਤ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਕਮਲਜੀਤ ਸਿੰਘ ਠਾਕੁਰ ਨੇ ਦੱਸਿਆ ਕਿ ਉਸਦਾ ਪੇ. ਟੀ. ਐੱਮ. ਅਕਾਊਂਟ ਬੈਂਕ ਖਾਤੇ ਨਾਲ ਕੁਨੈਕਟ ਸੀ, ਜਿਸ ਨੂੰ ਆਪਰੇਟ




ਕਰਨ ਲਈ ਦਿੱਕਤ ਆ ਰਹੀ ਸੀ। ਉਸ ਦੇ ਹੱਲ ਲਈ ਹੀ ਉਸ ਨੇ ਮੋਬਾਇਲ 'ਚ ਪਹਿਲਾਂ ਤੋਂ ਹੀ ਸੇਵ ਕਸਟਮਰ ਕੇਅਰ ਨੰਬਰ 'ਤੇ ਕਾਲ ਕੀਤੀ। ਉਥੋਂ ਜਵਾਬ ਦੇਣ ਵਾਲੇ ਵਿਅਕਤੀ ਨੇ ਖੁਦ ਨੂੰ ਕੰਪਨੀ ਦਾ ਨੁਮਾਇੰਦਾ ਦੱਸਿਆ ਤੇ ਖਾਤੇ ਨਾਲ ਸਬੰਧਿਤ ਜਰੂਰੀ ਜਾਣਕਾਰੀ ਮੰਗੀ। ਜਾਣਕਾਰੀ ਲੈਣ ਤੋਂ ਬਾਅਦ ਓ. ਟੀ. ਪੀ. ਨੰਬਰ ਤੱਕ ਲੈ ਲਿਆ। ਇਸ ਤੋਂ ਬਾਅਦ ਮੁਲਜ਼ਮ ਨੇ ਇਕ ਤੋਂ ਬਾਅਦ ਇਕ 4 ਟ੍ਰਾਂਜੈਕਸ਼ਨ ਕਰ ਕੇ ਖਾਤੇ ਵਿਚੋਂ 89 ਹਜ਼ਾਰ ਰੁਪਏ ਕੱਢਵਾ ਲਏ। ਇਸ ਦਾ ਪਤਾ ਲੱਗਣ 'ਤੇ ਪੁਲਸ ਨੂੰ ਸ਼ਿਕਾਇਤ ਦਿੱਤੀ। ਪੁਲਸ ਨੇ ਅਣਪਛਾਤੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਆਪਸੀ ਵਿਵਾਦ ਨੂੰ ਲੈ ਕੇ ਟੀਚਰ ਨੇ ਧੀ ਅਤੇ ਖੁਦ ਨੂੰ ਮਾਰੀ ਗੋਲੀ, ਦੋਹਾਂ ਦੀ ਮੌਤ

ਕਾਸਗੰਜ 29 ਸਤੰਬਰ। ਉੱਤਰ ਪ੍ਰਦੇਸ਼ ਦੇ ਕਾਸਗੰਜ ਜ਼ਿਲ੍ਹੇ 'ਚ ਇਕ ਸਰਕਾਰੀ ਸਕੂਲ 'ਚ ਤਾਇਨਾਤ ਅਧਿਆਪਕ ਨੇ ਐਤਵਾਰ ਨੂੰ ਆਪਸੀ ਵਿਵਾਦ 'ਚ ਲਾਇਸੈਂਸੀ ਰਾਈਫਲ ਨਾਲ ਗੋਲੀ ਮਾਰ ਕੇ ਆਪਣੀ ਧੀ ਦਾ ਕਤਲ ਕਰਨ ਤੋਂ ਬਾਅਦ ਖੁਦਕੁਸ਼ੀ ਕਰ ਲਈ। ਪੁਲਸ ਸੂਤਰਾਂ ਨੇ ਐਤਵਾਰ ਨੂੰ ਇੱਥੇ ਦੱਸਿਆ ਕਿ ਸਦਰ ਕੋਤਵਾਲੀ ਖੇਤਰ ਦੇ ਰਿਹਾਇਸ਼ ਵਿਕਾਸ ਕਾਲੋਨੀ ਵਾਸੀ ਅਤੇ ਨਗਰੀਆ ਕਸਬੇ 'ਚ ਸਥਿਤ ਜੋਸ਼ੇਰਵਾਨੀ ਕਾਲਜ 'ਚ ਲੈਕਚਰਰ ਦੇ ਅਹੁਦੇ 'ਤੇ ਤਾਇਨਾਤ



ਨਰੇਂਦਰ ਸਿੰਘ ਯਾਦਵ ਦਾ ਐਤਵਾਰ ਦੁਪਹਿਰ ਆਪਣੀ ਧੀ ਜੂਹੀ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ। ਇਸ ਦੌਰਾਨ ਗੁੱਸੇ 'ਚ ਯਾਦਵ ਨੇ ਆਪਣੀ ਲਾਇਸੈਂਸੀ ਰਾਈਫਲ ਨਾਲ ਜੂਹੀ ਨੂੰ ਗੋਲੀ ਮਾਰ ਦਿੱਤੀ ਅਤੇ ਬਾਅਦ 'ਚ ਖੁਦ ਨੂੰ ਵੀ ਗੋਲੀ ਮਾਰ ਲਈ। ਉਨ੍ਹਾਂ ਦੱਸਿਆ ਕਿ ਨੇੜੇ-ਤੇੜੇ ਮੌਜੂਦ ਲੋਕ ਗੋਲੀ ਚੱਲਣ ਦੀ ਆਵਾਜ ਸੁਣ ਕੇ ਘਰ ਪਹੁੰਚੇ ਤਾਂ ਯਾਦਵ ਅਤੇ ਜੂਹੀ ਖੂਨ ਨਾਲ ਲੱਥਪੱਥ ਜਮੀਨ 'ਤੇ ਪਏ ਮਿਲੇ। ਦੋਹਾਂ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਸੂਚਨਾ ਮਿਲਣ 'ਤੇ ਪੁਲਸ ਸੁਪਰਡੈਂਟ ਸੌਰਭ ਦੀਕਸ਼ਤ ਸਮੇਤ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਸ ਨੇ ਦੋਵੇਂ ਲਾਸ਼ਾਂ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ। ਜੂਹੀ ਵੀ ਨਗਰੀਆ ਖੇਤਰ 'ਚ ਹੀ ਸਥਿਤ ਇਕ ਪ੍ਰਾਇਮਰੀ ਸਕੂਲ 'ਚ ਅਧਿਆਪਕਾ ਸੀ।

# ਹਾਦਸੇ 'ਚ ਗਈ ਦਾਦੇ ਦੀ ਜਾਨ, 23 ਸਾਲਾ ਪੋਤੀ ਨੇ ਸੜਕ ਸੁਰੱਖਿਆ 'ਤੇ ਸ਼ੁਰੂ ਕੀਤੀ ਇਹ ਅਨੋਖੀ ਮੁਹਿੰਮ

ਲਖਨਊ 29 ਸਤੰਬਰ। 23 ਸਾਲਾ ਖੁਸ਼ੀ ਪਾਂਡੇ ਨੇ ਆਪਣੇ ਦਾਦੇ ਦੀ ਸੜਕ ਹਾਦਸੇ 'ਚ ਮੌਤ ਤੋਂ ਬਾਅਦ ਸੜਕ 'ਤੇ ਸਾਈਕਲ ਚਲਾਉਣ ਵਾਲਿਆਂ ਦੀ ਜਾਨ ਬਚਾਉਣ ਲਈ ਇਕ ਮੁਹਿੰਮ ਸ਼ੁਰੂ ਕੀਤੀ। ਉੱਤਰ ਪ੍ਰਦੇਸ਼ ਦੇ ਲਖਨਊ ਜ਼ਿਲ੍ਹੇ ਦੇ ਆਸ਼ਿਆਨਾ ਦੀ ਰਹਿਣ ਵਾਲੀ ਖੁਸ਼ੀ ਪਾਂਡੇ ਸੜਕ 'ਤੇ ਆਉਣ ਵਾਲੇ ਹਰੇਕ ਸਾਈਕਲ ਚਾਲਕ ਨੂੰ ਮੁਫਤ 'ਚ ਰਿਫਲੈਕਟਿਵ ਲਾਲ ਬੱਤੀ ਪ੍ਰਦਾਨ ਕਰ ਰਹੀ ਹੈ ਤਾਂ ਕਿ ਰਾਤ ਨੂੰ ਹਾਦਸੇ ਦਾ ਸ਼ਿਕਾਰ ਨਾ ਹੋਣ। ਖੁਸ਼ੀ ਪਾਂਡੇ ਨੇ ਕਿਹਾ,"ਜਿਸ ਤਰ੍ਹਾਂ ਨਾਲ ਅਸੀਂ ਆਪਣੇ ਦਾਦੇ ਨੂੰ ਗੁਆਇਆ ਹੈ ਮੈਂ ਨਹੀਂ ਚਾਹੁੰਦੀ ਕਿ ਕੋਈ ਵੀ ਪਰਿਵਾਰ ਆਪਣੇ ਪ੍ਰਿਯ ਮੈਂਬਰ ਨੂੰ ਗੁਆਏ।" ਖੁਸ਼ੀ ਨੇ ਇਸ ਕੈਂਪੇਨ ਨੂੰ ਮਿਸ਼ਨ ਉਜਾਲਾ ਨਾਮ ਦਿੱਤਾ ਹੈ। ਅੱਜ ਮਿਸ਼ਨ ਉਜਾਲਾ ਦੇ ਅਧੀਨ ਸਾਈਕਲ 'ਚ ਰੋਸ਼ਨੀ ਦੇ ਨਾਲ-ਨਾਲ ਟਰੈਕਟਰ, ਆਟੋ ਰਿਕਸ਼ਾ ਅਤੇ ਬੈਟਰੀ ਰਿਕਸ਼ਾ 'ਚ ਵੀ ਰਿਫਲੈਕਟਿਵ ਲਾਈਟ ਸਟਿਕਰ ਲਗਾਏ ਜਾ ਰਹੇ ਹਨ। ਭਾਵੇਂ ਹੀ ਖੁਸ਼ੀ ਨੇ ਇਕੱਲੇ ਪਹਿਲ ਕੀਤੀ ਪਰ ਹੁਣ



ਉਸ ਦੇ ਕੰਮ 'ਚ ਮਦਦ ਅਤੇ ਸਮਰਥਨ ਕਰਨ ਲਈ ਸਵੈ-ਸੇਵਕਾਂ ਦੀ ਇਕ ਚੰਗੀ ਟੀਮ ਹੈ। ਟੀਮ ਲਖਨਊ ਅਤੇ ਨੇੜੇ-ਤੇੜੇ ਦੇ ਜ਼ਿਲ੍ਹਿਆਂ 'ਚ ਸਾਈਕਲ 'ਚ 1500 ਤੋਂ ਵੱਧ ਬੈਕ ਰੈਡ ਲਾਈਟ ਲਗਾਉਣ 'ਚ ਸਮਰੱਥ ਸੀ। ਖੁਸ਼ੀ ਨੇ ਕਿਹਾ,"ਇਸ ਨੂੰ ਕਾਨੂੰਨ ਰਾਹੀਂ ਮਨਜੂਰ ਕੀਤਾ ਜਾਣਾ ਚਾਹੀਦਾ ਤਾਂ ਕਿ ਸਾਰੀਆਂ ਸਾਈਕਲਾਂ 'ਚ ਪਹਿਲਾਂ ਤੋਂ ਹੀ ਹੋਰ ਵਾਹਨਾਂ ਦੀ ਤਰ੍ਹਾਂ ਅਜਿਹੀਆਂ ਲਾਈਟਾਂ ਲੱਗੀਆਂ ਹੋਣ। ਨਾਲ ਹੀ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਮੋਟਰ ਵਾਹਨ ਐਕਟ ਦੇ ਅਧੀਨ ਜੁਰਮਾਨਾ ਲਗਾਇਆ ਜਾਣਾ ਚਾਹੀਦਾ। ਜੇਕਰ ਸਾਈਕਲਾਂ ਲਈ ਅਜਿਹਾ ਕੀਤਾ ਜਾਂਦਾ ਹੈ ਤਾਂ ਅਸੀਂ ਇਕ ਹੱਦ ਤੱਕ ਸਮੱਸਿਆ ਛੁਟਕਾਰਾ ਪਾ ਸਕਦੇ ਹਾਂ। ਉਦੇਸ਼ ਸੜਕ ਸੁਰੱਖਿਆ ਬਣਾਉਣਾ ਹੈ


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਹਰਿਆਣਾ ਸਿਵਲ ਸਕੱਤਰੇਤ ਵਿਚ ਲਗਾਇਆ ਗਿਆ ਖੂਨਦਾਨ ਕੈਂਪ; ਮੁੱਖ ਸਕੱਤਰ ਨੇ ਕੀਤਾ ਕੈਂਪ ਦਾ ਉਦਘਾਟਨ

**ਚੰਡੀਗੜ੍ਹ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿਵਲ ਸਕੱਤਰੇਤ ਵਿਚ ਅੱਜ ਰੋਟਰੀ ਬਲੱਡ ਬੈਂਕ ਸੋਸਾਇਟੀ ਅਤੇ ਬਲੱਡ ਸੋਸਾਇਟੀ ਰਿਸੋਰਸ ਸੈਂਟਰ ਦੇ ਸੰਯੁਕਤ ਯਤਨਾਂ ਨਾਲ ਖੂਨਦਾਨ ਕੈਂਪ ਦਾ ਪ੍ਰਬੰਧ ਕੀਤਾ ਗਿਆ। ਹਰਿਆਣਾ ਦੇ ਮੁੱਖ ਸਕੱਤਰ ਡਾ. ਟੀਵੀਐਸਐਨ ਪ੍ਰਸਾਦ ਨੇ ਬਤੌਰ ਮੁੱਖ ਮਹਿਮਾਨ ਕੈਂਪ ਦਾ ਉਦਘਾਟਨ ਕੀਤਾ।

ਇਸ ਮੌਕੇ 'ਤੇ ਮੁੱਖ ਸਕੱਤਰ ਨੇ ਕਿਹਾ ਕਿ ਖੂਨਦਾਨ ਤੋਂ ਵੱਡਾ ਮਹਾਦਾਨ ਕੁੱਝ ਨਹੀਂ ਹੈ, ਕਿਉਂਕਿ ਇਹ ਦਾਨ ਦੂਜਿਆਂ ਦੀ ਜਿੰਦਗੀ ਬਚਾਉਣ ਦੇ ਨਾਲ-ਨਾਲ ਖੁਦ ਦੀ ਸਿਹਤ ਦਰੁਸਤ ਕਰਦਾ ਹੈ। ਖੂਨਦਾਨ ਕਰਨ ਨਾਲ ਸ਼ਰੀਰ ਵਿਚ ਨਵੇਂ ਬਲੱਡ ਸੈਲਸ ਬਣਦੇ ਹਨ, ਜਿਸ ਨਾਲ ਸ਼ਰੀਰ ਵਿਚ ਤੰਦਰੁਸਤੀ ਆਉਂਦੀ ਹੈ। ਇਸ ਨਾਲ ਸ਼ਰੀਰ ਵਿਚ ਆਇਰਨ ਦਾ ਸੰਤੁਲਨ ਬਣਿਆ ਰਹਿੰਦਾ ਹੈ ਅਤੇ ਖੂਨਦਾਨ ਕਰਨ ਨਾਲ ਦਿੱਲ ਦੇ ਦੌਰੇ ਦਾ ਸ਼ੱਕ ਵੀ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਵੀ ਖੂਨਦਾਨ ਕਰਨ ਦੇ ਕਈ ਹੋਰ ਮੈਡੀਕਲੀ ਲਾਭ ਵੀ ਹਨ, ਇਸ ਲਈ ਹਰ ਨਾਗਰਿਕ ਨੂੰ ਖੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਰੋਟਰੀ ਬਲੱਡ ਬੈਂਕ ਸੋਸਾਇਟੀ ਅਤੇ ਬਲੱਡ ਸੋਸਾਇਟੀ ਰਿਸੋਰਸ ਸੈਂਟਰ ਦਾ ਇਹ ਯਤਨ ਅਨਮੋਲ ਹੈ।

ਅੱਜ ਦੇ ਖੂਨਦਾਨ ਕੈਂਪ ਵਿਚ 68 ਯੂਨਿਟ ਬਲੱਡ ਇਕੱਠਾ ਕੀਤਾ ਗਿਆ। ਕੈਂਪ ਵਿਚ ਮਹਿਲਾਵਾਂ ਨੇ ਵੀ ਭਾਰੀ ਗਿਣਤੀ ਵਿਚ ਖੂਨ ਦਾਨ ਕੀਤਾ। ਇਸ ਮੌਕੇ 'ਤੇ ਡਾ. ਟੀਵੀਐਸਐਨ ਪ੍ਰਸਾਦ ਨੇ ਖੂਨਦਾਨ ਕਰ ਰਹੇ ਕਰਮਚਾਰੀਆਂ ਨਾਲ ਗਲਬਾਤ ਵੀ ਕੀਤੀ ਅਤੇ ਇਸ ਮਹਾਨ ਕੰਮ ਦੇ ਲਈ ਸਰਟੀਫਿਕੇਟ ਵੀ ਪ੍ਰਦਾਨ ਕੀਤੇ।

ਮੁੱਖ ਸਕੱਤਰ ਨੇ ਰੋਟਰੀ ਬੈਂਕ ਸੋਸਾਇਟੀ ਅਤੇ ਬਲੱਡ ਸੋਸਾਇਟੀ ਰਿਸੋਰਸ ਸੈਂਟਰ ਦੇ ਪ੍ਰਤੀਨਿਧੀਆਂ ਦੀ ਇਸ ਪ੍ਰਬੰਧ ਲਈ ਸ਼ਲਾਘਾ ਵੀ ਕੀਤੀ। ਇਸ ਮੌਕੇ 'ਤੇ ਵਿਸ਼ੇਸ਼ ਸਕੱਤਰ ਹਰਿਆਣਾ ਸਕੱਤਰੇਤ ਪ੍ਰਸਾਸ਼ਨ ਸ੍ਰੀ ਸੰਵਰਤਕ ਸਿੰਘ ਖੰਗਵਾਲ ਵੀ ਮੌਜੂਦ ਰਹੇ।

# ਜ਼ਿਲ੍ਹੇ 'ਚ ਲਗਾਏ ਗਏ ਅਸੈਸਮੈਂਟ ਕੈਂਪਾਂ ਵਿੱਚ ਲੋੜਵੰਦਾਂ ਨੂੰ 28 ਨਕਲੀ ਅੰਗ/ਕੈਲੀਪਰਜ, 84 ਕੰਨਾਂ ਦੀਆਂ ਮਸ਼ੀਨਾਂ ਦਿੱਤੀਆਂ



**ਰੂਪਨਗਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਵਲੋਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਰੈਡ ਕਰਾਸ ਰੂਪਨਗਰ ਵਲੋਂ ਅਲਿਮਕੋ ਦੀ ਸਹਿਯੋਗ ਨਾਲ ਰੂਪਨਗਰ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ ਵਿਖੇ ਦਿਵਿਆਂਗ ਵਿਅਕਤੀਆਂ ਲਈ ਅਸੈਸਮੈਂਟ ਕੈਂਪ ਲਗਾਏ ਗਏ। ਇਨ੍ਹਾਂ ਅਸੈਸਮੈਂਟ ਕੈਂਪਾਂ ਸੰਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਰੈਡ ਕਰਾਸ ਸ. ਗੁਰਸੋਹਣ ਸਿੰਘ ਨੇ ਦੱਸਿਆ ਕਿ ਲੋੜਵੰਦਾਂ ਨੂੰ 24 ਟਰਾਈਸਾਇਕਲ, 41 ਮੋਟਰਾਈਜ ਟਰਾਈਸਾਇਕਲ, 55 ਵੀਲ ਚੇਅਰਜ, 28 ਨਕਲੀ ਅੰਗ/ਕੈਲੀਪਰਜ, 84 ਕੰਨਾਂ ਦੀਆਂ ਮਸ਼ੀਨਾਂ, ਆਦਿ ਸਮਾਨ ਲਈ ਅਸੈਸਮੈਂਟ ਕੀਤੀ ਗਈ ਹੈ।ਇਹ ਸਮਾਨ ਕੁਝ ਦਿਨਾਂ ਬਾਅਦ ਲਾਭਪਾਤਰੀਆਂ ਨੂੰ ਵੰਡਿਆ ਜਾਵੇਗਾ। ਸ੍ਰੀ ਚਮਕੌਰ ਸਾਹਿਬ ਵਿਖੇ ਲਗਾਏ ਗਏ ਕੈਂਪ ਵਿੱਚ ਐਸ.ਡੀ.ਐਮ ਸ੍ਰੀ ਚਮਕੌਰ ਸਾਹਿਬ ਸ. ਅਮਰੀਕ ਸਿੰਘ ਸਿੱਧੂ ਵਲੋਂ ਵਿਜਟ ਕੀਤੀ ਗਈ ਅਤੇ ਉਨਾਂ ਵਲੋਂ ਲੋਕਾਂ ਨਾਲ ਗੱਲਬਾਤ ਕੀਤੀ ਗਈ। ਇਨ੍ਹਾਂ ਕੈਂਪਾਂ ਵਿੱਚ ਮੈਂਬਰ ਸ਼੍ਰੀਮਤੀ ਗਗਨਦੀਪ ਕੌਰ, ਸ਼੍ਰੀਮਤੀ ਕਿਰਨਪ੍ਰੀਤ ਗਿੱਲ, ਸ਼੍ਰੀਮਤੀ ਸਕੀਨਾ ਐਰੀ ਅਤੇ ਸ਼੍ਰੀਮਤੀ ਗੁਰਮੁਖੀ ਦੇਵੀ ਸ਼ਾਮਲ ਹੋਏ।

# ਡਿਪਟੀ ਕਮਿਸ਼ਨਰ ਨੇ ਸਾਂਝੀ ਰਸੋਈ ਲਈ ਸੌਂਪਿਆ 60 ਹਜ਼ਾਰ ਰੁਪਏ ਦਾ ਚੈਕ

**ਹੁਸ਼ਿਆਰਪੁਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਬ੍ਰੇਵਰੀਜ ਪ੍ਰਾਈਵੇਟ ਲਿਮਟਡ ਨੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਚਲਾਈ ਜਾ ਰਹੀ ਸਾਂਝੀ ਰਸੋਈ ਲਈ ਮਹੀਨੇ ਦੇ 60 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ।

ਇਸ ਮੌਕੇ 'ਤੇ ਕੰਪਨੀ ਦੇ ਐਮ.ਡੀ ਓਪੇਂਦਰ ਗੋਇਨਕਾ ਅਤੇ ਜੀ.ਐਮ ਨੀਤੀਸ਼ ਸਕਸੈਨਾ ਦੇ ਨਿਰਦੇਸ਼ਾਂ 'ਤੇ ਸਹਾਇਕ ਮੈਨੇਜਰ ਪੀ.ਆਰ ਗੁਰਮੀਤ ਸਿੰਘ ਨੇ ਡਿਪਟੀ ਕਮਿਸ਼ਨ ਕੋਮਲ ਮਿੱਤਲ ਨੂੰ ਸਾਂਝੀ ਰਸੋਈ ਲਈ 60 ਹਜ਼ਾਰ ਰੁਪਏ ਦਾ ਚੈਕ ਸੌਂਪਿਆ। ਇਸ ਦੌਰਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਵੀ ਮੌਜੂਦ ਸਨ।

ਸਾਂਝੀ ਰਸੋਈ ਜੋ ਕਿ ਹੁਸ਼ਿਆਰਪੁਰ ਦੇ ਈਸ਼ ਨਗਰ ਇਲਾਕੇ ਵਿਚ ਚੱਲ ਰਹੀ ਹੈ, ਹਰ ਦਿਨ 500 ਤੋਂ 550 ਗਰੀਬ, ਲੋੜਵੰਦ ਲੋਕਾਂ ਨੂੰ ਭੋਜਨ ਪ੍ਰਦਾਨ ਕਰ ਰਹੀ ਹੈ। ਇਹ ਮਹੱਤਵਪੂਰਨ ਪ੍ਰੋਜੇਕਟ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਚੇਅਰਮੈਨ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਯੋਗ ਅਗਵਾਈ ਵਿਚ ਸਫਲਤਾਪੂਰਵਕ ਚੱਲ ਰਿਹਾ ਹੈ, ਜਿਸ ਦਾ ਉਦੇਸ਼ ਲੋੜਵੰਦਾਂ ਨੂੰ ਭੋਜਨ ਰਾਹੀਂ ਰਾਹਤ ਪਹੁੰਚਾਉਣਾ ਹੈ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਲੁਧਿਆਣਾ ਬ੍ਰੇਵਰੀਜ ਦੇ ਇਸ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਸਹਾਇਤਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਵੇਗੀ। ਉਨ੍ਹਾਂ ਜ਼ਿਲ੍ਹੇ ਦੀਆ ਹੋਰ ਇੰਡਸਟਰੀਜ਼ ਅਤੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਨੇਕ ਕੰਮ ਵਿਚ ਆਪਣਾ ਸਹਿਯੋਗ ਦੇਣ ਤਾਂ ਜੋ ਸਾਂਝੀ ਰਸੋਈ ਲਗਾਤਾਰ ਲੋੜਵੰਦਾਂ ਦੀ ਸੇਵਾ ਵਿਚ ਤਿਆਰ ਰਹੇ।

ਇਸ ਮੌਕੇ ਮੰਗੇਸ਼ ਸੂਦ ਨੇ ਦੱਸਿਆ ਕਿ ਲੁਧਿਆਣਾ ਬ੍ਰੇਵਰੀਜ ਪ੍ਰਾਈਵੇਟ ਲਿਮਟਡ ਹਮੇਸ਼ਾ ਤੋਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਨਾਲ ਮਿਲ ਕੇ ਸਮਾਜਿਕ ਕਾਰਜਾਂ ਵਿਚ ਸਹਿਯੋਗ ਕਰਦੀ ਰਹੀ ਹੈ। ਕੰਪਨੀ ਨੇ ਪਹਿਲਾ ਵੀ ਵਿਸ਼ੇਸ਼ ਬੱਚਿਆਂ ਦੇ ਰੋਜ਼ਗਾਰ ਲਈ 4 ਵਿਸ਼ੇਸ਼ ਹੋਟਸ ਬਣਵਾਏ ਹਨ ਅਤੇ ਭਵਿੱਖ ਵਿਜ 3 ਹੋਰ ਹੋਟਸ ਬਣਾਉਣ ਦਾ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ ਜਿਥੇ ਵੀ ਰੈਡ ਕਰਾਸ ਨੂੰ ਮਦਦ ਦੀ ਜ਼ਰੂਰਤ ਹੁੰਦੀ ਹੈ, ਲੁਧਿਆਣਾ ਬ੍ਰੇਵਰੀਜ ਹਮੇਸ਼ਾ ਅੱਗੇ ਵੱਧ ਕੇ ਸਹਿਯੋਗ ਪ੍ਰਦਾਨ ਕਰਦੀ ਹੈ।

# ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਨਾਬਾਲਗ ਬੱਚਿਆਂ ਦੇ ਡਰਾਈਵਿੰਗ ਕਰਨ ਤੇ ਹੋਣ ਵਾਲੀ ਕਨੂੰਨੀ ਕਾਰਵਾਈ ਬਾਰੇ ਜਾਗਰੂਕ ਕੀਤਾ ਗਿਆ



**ਗੁਰਦਾਸਪੁਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਸੈਮੀਨਾਰ ਕੈਂਬਰਿਜ ਇੰਟਰਨੈਸ਼ਨਲ ਸਕੂਲ ਕਲਾਨੌਰ ਰੋਡ ਵਿਖੇ ਲਗਾਇਆ ਗਿਆ ਜਿਸ ਵਿੱਚ ਬੱਚਿਆਂ ਤੇ ਸਟਾਫ ਨੂੰ ਸ਼ਾਮਲ ਕਰਕੇ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ ਸਕੂਲ ਵਾਹਨ ਪਾਲਿਸੀ ਬਾਰੇ ਮਾਨਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਬਾਰੇ ਜਾਗਰੂਕ ਕੀਤਾ ਗਿਆ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ ਨਾਬਾਲਗ ਬੱਚਿਆਂ ਦੇ ਡਰਾਈਵਿੰਗ ਕਰਨ ਤੇ ਹੋਣ ਵਾਲੀ ਕਨੂੰਨੀ ਕਾਰਵਾਈ ਬਾਰੇ ਜਾਗਰੂਕ ਕੀਤਾ ਗਿਆ ਟੈਫ੍ਰਿਕ ਚਲਾਨਾ ਤੇ ਜੁਰਮਾਨਾ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਫ਼ਰਿਸ਼ਤੇ ਸਕੀਮ ਬਾਰੇ ਜਾਗਰੂਕ ਕੀਤਾ ਗਿਆ । ਰੋਡ ਲਾਈਨ ਰੋਡ ਸਾਇਨ ? ਬਾਰੇ ਜਾਗਰੂਕ ਕੀਤਾ ਗਿਆ ਹੈਲਪ ਲਾਈਨ ਨੰਬਰ 112,1033,1930ਬਾਰੇ ਜਾਗਰੂਕ ਕੀਤਾ ਗਿਆ ਸੈਮੀਨਾਰ ਵਿੱਚ ਇੰਨਚਾਰਜ ਟੈ ?ਫਿਕ ਐਜੂਕੇਸ਼ਨ ਏ ਐਸ ਆਈ ਜਸਵਿੰਦਰ ਸਿੰਘ ਏ ਐਸ ਆਈ ਅਮਨਦੀਪ ਸਿੰਘ ਡਰੇਕਟਰ ਸਾਹਿਬ ਰਿਸ਼ੀ ਕੋਚਰ ਪ੍ਰਿੰਸੀਪਲ ਮੈਡਮ ਅੰਗਮ ਤੇ ਸਮੂਹ ਸਟਾਫ ਨੇ ਹਿੱਸਾ ਲਿਆ।

# ਮੁਕਤੇ ਮੀਨਾਰ ਵਿਖੇ 27 ਸਤੰਬਰ ਨੂੰ ਮਨਾਇਆ ਜਾਵੇਗਾ 'ਵਰਲਡ ਟੂਰਿਜ਼ਮ ਡੇਅ'



**ਸ੍ਰੀ ਮੁਕਤਸਰ ਸਾਹਿਬ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ 27 ਸਤੰਬਰ 2024 ਨੂੰ 'ਵਰਲਡ ਟੂਰਿਜ਼ਮ ਡੇਅ' ਤਹਿਤ ਮੁਕਤੇ ਮੀਨਾਰ ਵਿਖੇ ਸਮਾਗਮ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ, ਇਹ ਜਾਣਕਾਰੀ ਮੁੱਖ ਮੰਤਰੀ ਖੇਤਰੀ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਸ੍ਰੀ ਪੁਨੀਤ ਸ਼ਰਮਾ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੌਰਾਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸ ਅਤੇ ਸੱਭਿਆਚਾਰ ਬਾਰੇ ਜਾਣੂੰ ਕਰਵਾਇਆ ਜਾਵੇਗਾ ਅਤੇ ਇਸ ਸਮਾਗਮ ਦੌਰਾਨ ਸ਼ਬਦ ਗਾਇਨ, ਕਵਿਤਾ ਰਚਨਾ, ਸੱਭਿਆਚਾਰਕ ਲੋਕ ਨਾਚ, ਪੋਸਟਰ ਮੇਕਿੰਗ ਮੁਕਬਾਲੇ ਆਦਿ ਕਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਸ ਸਮਾਗਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਤਾਲਮੇਲ ਕਮੇਟੀਆਂ ਦਾ ਗਠਨ ਕੀਤਾ ਜਾ ਚੁੱਕਾ ਹੈ ਅਤੇ ਸਮਾਗਮ ਵਾਲੀ ਥਾਂ 'ਤੇ ਸਾਫ਼-ਸਾਫ਼ਾਈ, ਪੀਣ ਵਾਲੇ ਸਾਫ਼ ਪਾਣੀ, ਬਿਜਲੀ ਆਦਿ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਇਸ ਮੌਕੇ ਜ਼ਿਲ੍ਹਾ ਭਲਾਈ ਅਫ਼ਸਰ, ਸ੍ਰੀ ਜਗਮੋਹਣ ਮਾਨ, ਜ਼ਿਲ੍ਹਾ ਭਾਸ਼ਾ ਅਫ਼ਸਰ, ਸ੍ਰੀਮਤੀ ਜਗਰੀਤ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸ੍ਰੀ ਰਾਜਿੰਦਰ ਸੋਨੀ, ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਸ੍ਰੀ ਅਜੇ ਸ਼ਰਮਾ, ਸ੍ਰੀ ਜਗਤਾਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ 13 ਯੋਗਾ ਇੰਸਟਰੱਕਟਰਜ਼ ਨੂੰ ਨਿਯੁਕਤੀ ਪੱਤਰ ਵੰਡੇ

**ਰੂਪਨਗਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਰੂਪਨਗਰ ਅਧੀਨ ਚੱਲ ਰਹੇ 12 ਆਯੂਸ਼ ਹੈਲਥ ਐਂਡ ਵੈਲਨੈਸ ਸੈਂਟਰਾਂ ਵਿੱਚ ਯੋਗਾ ਇੰਸਟਰਕਟਰਾਂ ਦੀਆਂ ਖਾਲੀ ਪਈਆਂ 13 ਅਸਾਮੀਆਂ ਉਤੇ ਜਿਨ੍ਹਾਂ ਵਿਚ 7 ਮੇਲ 6 ਫੀਮੇਲ ਨੂੰ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਹਿਮਾਂਸ਼ੂ ਜੈਨ ਨੇ ਨਿਯੁਕਤੀ ਪੱਤਰ ਵੰਡੇ।



ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਵਿਖੇ ਪੰਜਾਬ ਸਰਕਾਰ ਵਲੋਂ ਆਯੂਸ਼ ਹੈਲਥ ਐਂਡ ਵੈਲਨੈਸ ਸੈਂਟਰ, ਨੈਸ਼ਨਲ ਆਯੂਸ਼ ਮਿਸ਼ਨ (ਐਨ.ਏ.ਐਮ) ਤਹਿਤ ਜਿਲ੍ਹਾ ਰੂਪਨਗਰ ਵਿਖੇ 13 ਯੋਗਾ ਇੰਸਟਰੱਕਟਰਜ਼ (ਪਾਰਟ ਟਾਈਮ) ਜਿਨ੍ਹਾਂ ਵਿਚ 7 ਮੇਲ ਅਤੇ 6 ਫੀਮੇਲ ਦੀਆਂ ਖਾਲੀ ਪਈਆਂ ਅਸਾਮੀਆਂ ਦੀ ਪਾਰਟ ਟਾਈਮ ਤੌਰ ਤੇ ਨਿਯੁਕਤੀ ਕੀਤੀ ਗਈ ਹੈ।

ਉਨ੍ਹਾਂ ਉਮੀਦਵਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕੰਮ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਜ਼ਿੰਦਗੀ ਵਿਚ ਅੱਗੇ ਵੱਧਣ ਲਈ ਪ੍ਰਤੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਆਪਣੀ ਡਿਊਟੀ ਨੂੰ ਸੇਵਾ ਦੇ ਨਜ਼ਰੀਏ ਨਾਲ ਕਰਨਾ ਹੈ, ਤੁਹਾਡੀ ਵਲੋਂ ਦਿਤੀਆਂ ਗਈਆਂ ਸੇਵਾਵਾਂ ਸਦਕਾ ਨਾਗਰਿਕਾਂ ਨੂੰ ਚੰਗੀ ਸਿਹਤ ਪ੍ਰਦਾਨ ਹੋਵੇਗੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਆਯੂਰਵੈਦਿਕ ਅਤੇ ਯੂਨਾਨੀ ਅਫਸਰ ਰੂਪਨਗਰ ਡਾ. ਮੁਰਸ਼ਿਦ ਇਮਾਮ ਨੇ ਦੱਸਿਆ ਯੋਗਾ ਇੰਸਟਰੱਕਟਰਜ਼ ਦੀਆਂ 13 ਖਾਲੀ ਪਈਆਂ ਅਸਾਮੀਆਂ ਉਤੇ ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਬੁੰਗਾ ਸਾਹਿਬ ਵਿੱਚ ਗੁਰਵਿੰਦਰ ਸਿੰਘ, ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਹਰੀਪੁਰ ਵਿੱਚ ਪ੍ਰਦੀਪ ਕੌਰ, ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਭੱਠਾ ਸਾਹਿਬ ਵਿੱਚ ਅਲੋਕ ਕੁਮਾਰ ਰੰਜਨ, ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਭਨੂਪਲੀ ਵਿੱਚ ਨਵਨੀਤ ਸਿੰਘ, ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਬਮਨਾੜਾ ਵਿੱਚ ਲਖਵੀਰ ਕੌਰ, ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਤਲਵਾੜਾ ਵਿੱਚ ਵਿਸ਼ਾਲ ਕੁਮਾਰ ਤੇ ਪੁਨੀਤਾ, ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਮੱਸੇਵਾਲ ਵਿਖੇ ਅਲਕਾ, ਆਯੂਸ਼ ਹੈਲਥ ਐਂਡ ਵੈਲਨੈਂਸ ਸੈਂਟਰ ਬੰਨ ਮਾਜਰਾ ਵਿਖੇ ਜਸਪਾਲ ਸਿੰਘ ਅਤੇ ਸਤਵੀਰ ਕੌਰ, ਭੰਗਾਲ ਵਿਚ ਸੁਖਵੀਰ ਸਿੰਘ, ਭੰਬੋਰ ਸਾਹਿਬ ਅਮਿਤ ਵਰਮਾ ਅਤੇ ਮਨਪ੍ਰੀਤ ਸ਼ਰਮਾ ਦੀ ਨਿਯੁਕਤੀ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਉਮੀਦਵਾਰ ਦਾ ਕੰਮ ਤੇ ਮਾਣ ਭੱਤਾ ਪ੍ਰਤੀ ਸੈਸ਼ਨ 250 ਰੁਪਏ ਦਾ ਫਿਕਸਡ ਮਾਣ ਭੱਤਾ ਦਿੱਤਾ ਜਾਵੇਗਾ।

# ਗਲਾਡਾ ਵੱਲੋਂ ਥਰੀਕੇ ਅਤੇ ਝਾਂਡੇ 'ਚ ਦੋ ਅਣਅਧਿਕਾਰਤ ਕਲੋਨੀਆਂ 'ਤੇ ਕਾਰਵਾਈ

**ਲੁਧਿਆਣਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਲਾਡਾ ਵੱਲੋਂ ਥਰੀਕੇ ਅਤੇ ਝਾਂਡੇ ਵਿਖੇ ਅੱਜ ਦੋ ਅਣਅਧਿਕਾਰਤ ਕਲੋਨੀਆਂ 'ਤੇ ਕਾਰਵਾਈ ਕੀਤੀ ਗਈ।ਮੁੱਖ ਪ੍ਰਸ਼ਾਸਕ ਗਲਾਡਾ ਹਰਪ੍ਰੀਤ ਸਿੰਘ, ਆਈ.ਏ.ਐਸ. ਵੱਲੋਂ ਗੈਰ-ਕਾਨੂੰਨੀ ਕਲੋਨੀਆਂ 'ਤੇ ਸ਼ਿਕੰਜਾ ਕੱਸਦਿਆਂ ਕਿਹਾ ਕਿ ਅਣਅਧਿਕਾਰਤ ਅਤੇ ਗੈਰ-ਯੋਜਨਾਬੱਧ ਤਰੀਕੇ ਨਾਲ ਕੀਤੀਆਂ ਉਸਾਰੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਗੈਰ-ਕਾਨੂੰਨੀ ਕਲੋਨੀਆਂ ਵਿੱਚ ਸਸਤੇ ਪਲਾਟ ਵੇਚਣ ਦੀ ਆੜ ਵਿੱਚ ਕਾਨੂੰਨੀ ਪ੍ਰਵਾਨਗੀ ਅਤੇ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਭੋਲੇ-ਭਾਲੇ ਵਸਨੀਕਾਂ ਨਾਲ ਧੱਕੇਸ਼ਾਹੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।



ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ ਦੁਆਰਾ ਕਾਰਵਾਈ ਕਰਨ ਲਈ ਜਾਰੀ ਕੀਤੇ ਹੁਕਮਾਂ ਦੀ ਪਾਲਣਾ ਕਰਦਿਆਂ ਡਿਊਟੀ ਮੈਜਿਸਟ੍ਰੇਟ, ਪੁਲਿਸ ਫੋਰਸ ਅਤੇ ਗਲਾਡਾ ਦੀ ਇਨਫੋਰਸਮੈਂਟ ਟੀਮ ਜਿਸ ਵਿੱਚ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ), ਸਹਾਇਕ ਟਾਊਨ ਪਲਾਨਰ (ਰੈਗੂਲੇਟਰੀ), ਸਬ-ਡਵੀਜ਼ਨਲ ਇੰਜੀਨੀਅਰ, ਗਲਾਡਾ, ਜੂਨੀਅਰ ਇੰਜੀਨੀਅਰ (ਰੈਗੂਲੇਟਰੀ) ਸ਼ਾਮਲ ਸਨ, ਨੇ ਇੱਕ ਅਣਅਧਿਕਾਰਤ ਕਲੋਨੀ ਵਿਰੁੱਧ ਕਾਰਵਾਈ ਕੀਤੀ ਹੈ। ਅੱਜ 29 ਸਤੰਬਰ, 2024 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡਾਂ ਥਰੀਕੇ ਅਤੇ ਝਾਂਡੇ ਵਿਖੇ ਅੱਜ ਦੋ ਅਣਅਧਿਕਾਰਤ ਕਲੋਨੀਆਂ ਵਿਖੇ ਅਣਅਧਿਕਾਰਿਤ ਕਲੋਨੀ ਦੀਆਂ ਸੜਕਾਂ, ਚਾਰਦੀਵਾਰੀ, ਰਸਤਿਆਂ, ਸਟਰੀਟ ਲਾਈਟਾਂ, ਸੀਵਰੇਜ ਦੇ ਮੈਨਹੋਲਾਂ ਅਤੇ ਇਨ੍ਹਾਂ ਥਾਵਾਂ 'ਤੇ ਹੋਰ ਨਾਜਾਇਜ਼ ਉਸਾਰੀਆਂ ਅਤੇ ਢਾਂਚਿਆਂ ਨੂੰ ਢਹਿ-ਢੇਰੀ ਕੀਤਾ ਗਿਆ।

ਜਦੋਂ ਡਿਵੈਲਪਰਾਂ ਨੂੰ ਨੋਟਿਸ ਦੇਣ ਦੇ ਬਾਵਜੂਦ ਵੀ ਉਨ੍ਹਾਂ ਗੈਰ-ਕਾਨੂੰਨੀ ਉਸਾਰੀ ਦਾ ਕੰਮ ਬੰਦ ਨਹੀਂ ਕੀਤਾ ਤਾਂ ਇਕ ਵਿਸ਼ੇਸ਼ ਟੀਮ ਵੱਲੋਂ ਕਾਰਵਾਈ ਆਰੰਭੀ ਗਈ, ਜੋ ਬਿਨਾਂ ਵਿਰੋਧ ਨੇਪਰੇ ਚੜ੍ਹੀ। ਸ਼ੁਰੂਆਤੀ ਪੜਾਅ 'ਤੇ ਗੈਰ-ਕਾਨੂੰਨੀ ਕਲੋਨੀਆਂ ਦੀ ਰੋਕਥਾਮ ਲਈ ਗਲਾਡਾ ਆਉਣ ਵਾਲੇ ਹਫ਼ਤਿਆਂ ਵਿੱਚ ਅਜਿਹੀਆਂ ਹੋਰ ਮੁਹਿੰਮਾਂ ਦੀ ਯੋਜਨਾ ਬਣਾ ਰਿਹਾ ਹੈ।

ਮੁੱਖ ਪ੍ਰਸ਼ਾਸਕ, ਗਲਾਡਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਜਾਇਦਾਦ/ਪਲਾਟ/ਇਮਾਰਤਾਂ ਦੀ ਖਰੀਦ ਨਾ ਕਰਨ ਕਿਉਂਕਿ ਗਲਾਡਾ ਕੋਈ ਵੀ ਸਹੂਲਤ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ, ਬਿਜਲੀ ਕੁਨੈਕਸ਼ਨ, ਸਟਰੀਟ ਲਾਈਟਾਂ ਆਦਿ ਪ੍ਰਦਾਨ ਨਹੀਂ ਕਰੇਗਾ। ਉਨ੍ਹਾਂ ਦੇ ਮਨਜ਼ੂਰ ਕੀਤੇ ਨਕਸ਼ੇ ਗਲਾਡਾ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਹਨ, ਜੋ ਕਿ ਸੰਭਾਵੀ ਖਰੀਦਦਾਰਾਂ ਦੁਆਰਾ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚੇ ਜਾ ਸਕਦੇ ਹਨ।

ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਨੇ ਦੱਸਿਆ ਕਿ ਗੈਰ-ਕਾਨੂੰਨੀ ਕਲੋਨੀਆਂ 'ਤੇ ਕਾਰਵਾਈ ਦੀ ਮੁਹਿੰਮ ਚਲਾਉਣ ਦੇ ਨਾਲ-ਨਾਲ ਅਜਿਹੀਆਂ ਕਲੋਨੀਆਂ ਦੇ ਡਿਵੈਲਪਰਾਂ ਵਿਰੁੱਧ ਐਫ.ਆਈ.ਆਰ., ਕਲੋਨੀਆਂ ਵਿੱਚ ਪਲਾਟਾਂ ਦੀ ਰਜਿਸਟਰੀ ਨਾ ਕਰਵਾਉਣ ਲਈ ਸਬੰਧਤ ਤਹਿਸੀਲਦਾਰਾਂ, ਬਿਜਲੀ ਦੇ ਕੁਨੈਕਸ਼ਨ ਨਾ ਦੇਣ ਲਈ ਪੀ.ਐਸ.ਪੀ.ਸੀ.ਐਲ. ਨੂੰ ਵੀ ਅਗਾਊਂ ਸਿਫਾਰਸ਼ ਕੀਤੀ ਗਈ ਹੈ।

# ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਜ਼ਿਲ੍ਹਾ ਜੇਲ੍ਹ ਦੀ ਸਾਂਝੀ ਚੈਕਿੰਗ ਕੀਤੀ ਗਈ

**ਰੂਪਨਗਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਤੇ ਸੈਸ਼ਨ ਜੱਜ ਰੂਪਨਗਰ ਸ਼੍ਰੀਮਤੀ ਰਮੇਸ਼ ਕੁਮਾਰੀ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਸ੍ਰੀ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਜ਼ਿਲ੍ਹਾ ਜੇਲ੍ਹ ਰੂਪਨਗਰ ਦਾ ਸਾਂਝੇ ਤੌਰ 'ਤੇ ਨਿਰੀਖਣ ਕੀਤਾ।

ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ, ਰੂਪਨਗਰ ਦੇ ਨਾਲ ਏ.ਸੀ.ਜੇ.ਐਮ, ਸ਼੍ਰੀ ਅਸ਼ੀਸ਼ ਠੱਠਈ, ਡੀ.ਐਲ.ਐਸ.ਏ. ਦੇ ਸਕੱਤਰ ਸ਼੍ਰੀਮਤੀ ਹਿਮਾਂਸ਼ੀ ਗਲਹੋਤਰਾ, ਸੀ.ਜੇ.ਐਮ. ਸ. ਸੁਖਵਿੰਦਰ ਸਿੰਘ, ਜੇ.ਐਮ.ਆਈ.ਸੀ. ਡਾ. ਸੀਮਾ ਅਗਨੀਹੋਤਰੀ, ਏ.ਡੀ.ਸੀ. (ਪੇਂਡੂ ਵਿਕਾਸ) ਸ਼੍ਰੀਮਤੀ ਚੰਦਰਜਯੋਤੀ ਸਿੰਘ, ਰੂਪਨਗਰ, ਪੁਲਿਸ ਸੁਪਰਡੈਂਟ (ਪੀ.ਬੀ.ਆਈ.) ਸ੍ਰੀ ਨਵਨੀਤ ਸਿੰਘ, ਡੀ.ਪੀ.ਆਰ.ਓ ਸ੍ਰੀ ਕਰਨ ਮਹਿਤਾ, ਜੇਲ੍ਹ ਸੁਪਰਡੈਂਟ ਸ਼੍ਰੀ ਲਲਿਤ ਕੁਮਾਰ ਕੋਹਲੀ, ਡਿਪਟੀ ਜੇਲ ਸੁਪਰਡੈਂਟ ਸ਼੍ਰੀ ਅਨਿਲ ਭੰਡਾਰੀ, ਡਿਪਟੀ ਚੀਫ ਐਲ.ਏ.ਡੀ.ਸੀ ਸ੍ਰੀ ਅਸ਼ੀਸ਼ ਕੁਮਾਰ ਮੌਕੇ 'ਤੇ ਮੌਜੂਦ ਰਹੇ।



ਉਨ੍ਹਾਂ ਜ਼ਿਲ੍ਹਾ ਜੇਲ੍ਹ ਦੀ ਹਸਪਤਾਲ ਅਤੇ ਰਸੋਈ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਕੈਦੀਆਂ ਦੀਆਂ ਮੁਸ਼ਕਿਲਾਂ ਸੁਣੀਆਂ। ਡਿਪਟੀ ਕਮਿਸ਼ਨਰ ਰੂਪਨਗਰ ਨੇ ਜੇਲ੍ਹ ਕੈਦੀਆਂ ਨੂੰ ਪੈਰੋਲ ਦੀਆਂ ਅਰਜ਼ੀਆਂ ਦਾ ਜਲਦੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ। ਆਬਜ਼ਰਵੇਸ਼ਨ ਰੂਮ ਨੰਬਰ 2 ਦੀ ਜਾਂਚ ਕਰਦੇ ਹੋਏ ਕੈਦੀਆਂ ਨੇ ਐਗਜ਼ਾਸਟ ਫੈਨ ਲਗਾਉਣ ਦੀ ਬੇਨਤੀ ਕੀਤੀ। ਜੇਲ੍ਹ ਸੁਪਰਡੈਂਟ ਨੇ ਦੱਸਿਆ ਕਿ ਅਗਲੇ ਹਫ਼ਤੇ ਵਿੱਚ ਰੋਟਰੀ ਕਲੱਬ ਵੱਲੋਂ 3 ਐਗਜਾਸਟ ਪੱਖੇ ਮੁਹੱਈਆ ਕਰਵਾਏ ਜਾਣਗੇ ਜੋ ਕਿ ਜੇਲ੍ਹ ਵਿੱਚ ਲੋੜੀਂਦੀਆਂ ਥਾਵਾਂ 'ਤੇ ਲਗਾਏ ਜਾਣਗੇ।

ਜੇਲ੍ਹ ਦੀ ਜ਼ਿੰਦਗੀ ਅਕਸਰ ਉਦਾਸੀ ਵੱਲ ਲੈ ਜਾਂਦੀ ਹੈ ਜਿਸਦਾ ਜੇਲ੍ਹ ਦੇ ਕੈਦੀਆਂ ਦੇ ਮਨਾਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਜੇਲ੍ਹ ਅੰਦਰਲੇ ਮਾਹੌਲ ਤੋਂ ਕੈਦੀਆਂ ਨੂੰ ਸਿਹਤਮੰਦ ਅਤੇ ਖੁਸ਼ੀ ਭਰਿਕਾ ਜੀਵਨ ਜਿਊਣ ਲਈ ਉਤਸ਼ਾਹਿਤ ਕਰਨ ਲਈ ਸੱਭਿਆਚਾਰਕ ਸਮਾਗਮ ਕਰਵਾਏ ਗਏ।

ਇਸ ਮੌਕੇ ਮਹਿਲਾ ਬੈਰਕ ਵਿੱਚ ਕੈਦੀਆਂ ਨੇ ਗਿੱਧਾ ਪਾ ਕੇ ਜੇਲ੍ਹ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਜਦੋਂ ਕਿ ਪੁਰਸ਼ ਕੈਦੀਆਂ ਦੇ ਖੇਡ ਮੁਕਾਬਲੇ ਕਰਵਾਏ ਗਏ। ਜੇਲ੍ਹ ਦੇ ਬੰਦੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਉਨ੍ਹਾਂ ਨੂੰ ਸੱਭਿਅਕ ਜ਼ਿੰਦਗੀ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ ਅਤੇ ਮੁਫ਼ਤ ਕਾਨੂੰਨੀ ਸਹਾਇਤਾ ਦੀ ਸਹੂਲਤ ਬਾਰੇ ਉਨ੍ਹਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਮਾਨਤ ਦੀ ਅਰਜ਼ੀ ਸਕੱਤਰ, ਡੀ.ਐਲ.ਐਸ.ਏ., ਐਲ.ਏ.ਡੀ.ਸੀ. ਵਕੀਲਾਂ, ਜੇਲ ਪੀ.ਐਲ.ਵੀ. ਜੋ ਕਿ ਜੇਲ੍ਹ ਦੇ ਅੰਦਰ ਮੌਜੂਦ ਹਨ, ਨੂੰ ਦਿੱਤੀ ਜਾ ਸਕਦੀ ਹੈ।ਬੰਦਿਆਂ ਨਾਲ ਮੁਲਾਕਾਤ ਕਰਦਿਆਂ ਡਿਪਟੀ ਕਮਿਸ਼ਨਰ ਰੂਪਨਗਰ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

ਸੀ.ਜੇ.ਐਮ.-ਕਮ-ਸਕੱਤਰ, ਡੀ.ਐਲ.ਐਸ.ਏ., ਰੂਪਨਗਰ ਸ਼੍ਰੀਮਤੀ ਹਿਮਾਂਸ਼ੀ ਗਲਹੋਤਰਾ ਦੇ ਯਤਨਾਂ ਸਦਕਾ ਜੇਲ ਦੇ ਕੈਦੀਆਂ ਦੀ ਸਕਾਰਾਤਮਕ ਮਾਨਸਿਕ ਸਿਹਤ ਲਈ 6 ਮਹੀਨੇ ਦਾ ਯੋਗਾ ਪ੍ਰੋਗਰਾਮ ਪਹਿਲਾਂ ਹੀ ਸ਼ੁਰੂ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਆਉਣ ਵਾਲੇ ਮਹੀਨੇ ਦੌਰਾਨ ਬੰਦਿਆਂ ਕਿੱਤਾਮੁਖੀ ਸਿਖਲਾਈ ਦਿੱਤੀ ਜਾਵੇਗੀ। ਜੇਲ੍ਹ ਦੇ ਅੰਦਰ ਕੈਦੀਆਂ ਵਿੱਚ ਆਤਮ-ਨਿਰਭਰਤਾ ਪੈਦਾ ਕਰਨ ਲਈ ਪ੍ਰੋਗਰਾਮ ਵੀ ਸ਼ੁਰੂ ਕੀਤੇ ਜਾਣਗੇ।

# 'ਏਕ ਪੇੜ ਮਾਂ ਕੇ ਨਾਂ' ਗਲੋਬਲ ਮੁਹਿੰਮ ਤਹਿਤ ਸੁਖਜਿੰਦਰ ਸਿੰਘ ਕਾਲਜ ਆਫ ਇੰਜਨੀਅਰਿੰਗ ਅਤੇ ਟੈਕਨਾਲੋਜੀ, ਵਿਖੇ ਪੌਦੇ ਲਗਾਉਣ ਦਾ ਪ੍ਰੋਗਰਾਮ

**ਗੁਰਦਾਸਪੁਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 'ਏਕ ਪੇੜ ਮਾਂ ਕੇ ਨਾਂ' ਗਲੋਬਲ ਮੁਹਿੰਮ ਤਹਿਤ ਅਤੇ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਜੱਜ, ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੀ ਅਗਵਾਈ ਹੇਠ ਪੂਰੇ ਪੰਜਾਬ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਅੱਜ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਮੈਡਮ ਰਮਨੀਤ ਕੌਰ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ, ਦੁਆਰਾ ਸੁਖਜਿੰਦਰ ਸਿੰਘ ਕਾਲਜ ਆਫ ਇੰਜਨੀਅਰਿੰਗ ਅਤੇ ਟੈਕਨਾਲੋਜੀ, ਹਰਦੋਛੰਨੀ ਰੋਡ, ਗੁਰਦਾਸਪੁਰ ਵਿਖੇ ਪੌਦੇ



ਲਗਾਉਣ ਦਾ ਪ੍ਰੋਗਰਾਮ ਕਰਵਾਇਆ ਗਿਆ।

ਇਸ ਪ੍ਰੋਗਰਾਮ ਦੌਰਾਨ ਮੈਡਮ ਰਮਨੀਤ ਕੌਰ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਪੌਦੇ ਲਗਾਏ ਗਏ ਅਤੇ ਇਸ ਪ੍ਰੋਗਰਾਮ ਵਿੱਚ ਆਏ ਸਿੱਖਿਆ ਵਿਭਾਗ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਬੂਟੇ ਵੰਡੇ ਗਏ।ਇਹ ਪ੍ਰੋਗਰਾਮ ਸਿੱਖਿਆ ਵਿਭਾਗ ਦੇ ਪਰਮਿੰਦਰ ਸਿੰਘ ਸੈਣੀ, ਜਿਲ੍ਹਾ ਗਾਈਡੈਂਸ ਕਾਊਂਸਲਰ-ਸਹਿਤ, ਨੋਡਲ ਅਫਸਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੇ ਸਹਿਯੋਗ ਨਾਲ ਕਰਵਾਇਆ ਗਿਆ।

# ਖੇਡਾਂ ਵਤਨ ਪੰਜਾਬ ਦੀਆਂ 2024 (ਸੀਜਨ 3) ਤਹਿਤ ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੇ ਚੌਥੇ ਦਿਨ ਹੋਏ ਸ਼ਾਨਦਾਰ ਖੇਡ ਮੁਕਾਬਲੇ

**ਰੂਪਨਗਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੂਪਨਗਰ ਦੇ ਨਹਿਰੂ ਸਟੇਡੀਅਮ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਸੀਜਨ ਤਿੰਨ 2024 ਦੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਇਸ ਤਹਿਤ ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੇ ਚੌਥੇ ਦਿਨ ਹੋਏ ਸ਼ਾਨਦਾਰ ਖੇਡ ਮੁਕਾਬਲੇ ਹੋਏ।ਪੰਜਾਬ ਸਰਕਾਰ, ਖੇਡਾਂ ਦੇ ਪੱਧਰ ਨੂੰ ਉੱਚਾ ਚੱਕਣ, ਪ੍ਰਤਿਭਾ ਅਤੇ ਹੁਨਰ ਦੀ ਭਾਲ ਕਰਨਾ, ਭਾਈਚਾਰਾ ਅਤੇ ਸਦਭਾਵਨਾ ਪੈਦਾ ਕਰਨਾ, ਵੱਧ ਤੋ ਵੱਧ ਲੋਕਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਲਈ ਹਰ ਤਰ੍ਹਾ ਦੇ ਭਰਪੂਰ ਯਤਨ ਕਰ ਰਹੀ ਹੈ ਇਹ ਪ੍ਰਗਟਾਵਾ ਜ਼ਿਲ੍ਹਾ ਮਾਲ ਅਫਸਰ ਬਾਦਲਦੀਨ ਵਲੋਂ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਮੌਕੇ ਕੀਤਾ ਗਿਆ।

ਖੇਡਾਂ ਦੇ ਨਤੀਜਿਆਂ ਦਾ ਐਲਾਨ ਕਰਦੇ ਹੋਏ ਸ੍ਰੀ ਜਗਜੀਵਨ ਸਿੰਘ ਜਿਲ੍ਹਾ ਖੇਡ ਅਫਸਰ ਰੂਪਨਗਰ ਵੱਲੋ ਜਾਣਕਾਰੀ ਦਿੰਦਿਆ ਦੱਸਿਆ ਕਿ ਐਥਲੈਟਿਕਸ ਅੰਡਰ 21 ਲੜਕੀਆਂ ਲੰਬੀ ਛਾਲ ਵਿੱਚ ਪਲਕ ਨੇ ਪਹਿਲਾ ਸਥਾਨ, ਸਤਵਿੰਦਰ ਕੌਰ ਨੇ ਦੂਸਰਾ ਸਥਾਨ ਅਤੇ ਹਰਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 5000 ਮੀਟਰ ਦੌੜ ਵਿੱਚ ਰਮਨਪ੍ਰੀਤ ਕੌਰ ਨੇ ਪਹਿਲਾਂ ਸਥਾਨ ਅਤੇ ਈਸ਼ਤਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। 10000 ਮੀਟਰ ਦੌੜ ਵਿੱਚ ਭਾਵਨਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ । 10 ਹਜਾਰ ਮੀਟਰ ਲੰਬੀ ਚਾਲ ਵਿੱਚ ਪਲਕ ਨੇ ਪਹਿਲਾਂ ਸਥਾਨ ਹਰਸਪ੍ਰੀਤ ਕੌਰ ਨੇ ਦੂਸਰਾ ਸਥਾਨ ਕਿਰਨਜੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

100 ਮੀਟਰ ਦੌੜ ਵਿੱਚ ਅਵਨੀਤ ਕੌਰ ਨੇ ਪਹਿਲਾ ਸਥਾਨ, ਭਾਰਤੀ ਕੁਮਾਰੀ ਨੇ ਦੂਸਰਾ ਸਥਾਨ ਅਤੇ ਜੈਸਮੀਨ ਕੁਮਾਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

400 ਮੀਟਰ ਦੌੜ ਵਿੱਚ ਸਿਮਰਨਜੀਤ ਕੌਰ ਨੇ ਪਹਿਲਾ ਸਥਾਨ, ਮਮਤਾ ਕੁਮਾਰੀ ਨੇ ਦੂਸਰਾ ਸਥਾਨ ਅਤੇ ਹਰਮਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।1500 ਮੀਟਰ ਦੌੜ ਵਿੱਚ ਰਮਨਪ੍ਰੀਤ ਕੌਰ ਨੇ ਪਹਿਲਾ ਸਥਾਨ ਅਤੇ ਅੰਜਨਾ ਦੇਵੀ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। 800 ਮੀਟਰ ਦੌੜ ਵਿੱਚ ਨੀਸ਼ੂ ਕੁਮਾਰ ਜੀ ਨੇ ਪਹਿਲਾ ਸਥਾਨ ਸਿਮਰਨਜੀਤ ਕੌਰ ਨੇ ਦੂਸਰਾ ਸਥਾਨ ਅਤੇ ਮਮਤਾ ਕੁਮਾਰੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਟਰਿਪਲ ਜੰਪ ਦੇ ਵਿੱਚ ਮਹਿਕਪ੍ਰੀਤ ਕੌਰ ਨੇ ਪਹਿਲਾ ਸਥਾਨ, ਨਵਪ੍ਰੀਤ ਕੌਰ ਨੇਤੀ ਦੂਸਰਾ ਸਥਾਨ ਅਤੇ ਹਰਮਨਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 200 ਮੀਟਰ ਦੌੜ ਵਿੱਚ ਭਾਰਤੀ ਕੁਮਾਰੀ ਨੇ ਪਹਿਲਾ ਸਥਾਨ, ਜੈਸਮੀਨ ਕੁਮਾਰ ਨੇ ਦੂਸਰਾ ਸਥਾਨ, ਪ੍ਰਭਸਿਮਰਨ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਦੌੜ ਵਿੱਚ ਮਹਿਕਪ੍ਰੀਤ ਕੌਰ ਨੇ ਪਹਿਲਾ ਸਥਾਨ ਨਵਪ੍ਰੀਤ ਕੌਰ ਨੇ ਦੂਸਰਾ ਸਥਾਨ ਸਹਿਜਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।



ਅਥਲੈਟਿਕਸ ਅੰਡਰ 21 ਲੜਕੀਆਂ ਦੇ ਵਰਗ ਵਿੱਚ 5000 ਮੀਟਰ ਦੌੜ ਵਿੱਚ ਵਿਸ਼ਾਲ ਨੇ ਪਹਿਲਾ ਸਥਾਨ, ਲਾਲ ਬਹਾਦਰ ਦੂਸਰਾ ਸਥਾਨ ਅਤੇ ਜਸਬੀਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 10000 ਮੀਟਰ ਦੌੜ ਵਿੱਚ ਸੋਨੂ ਸਾਹਨੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

100 ਮੀਟਰ ਦੌੜ ਵਿੱਚ ਸਾਗਰ ਖੰਨਾ ਨੇ ਪਹਿਲਾ ਸਥਾਨ, ਲਵਪ੍ਰੀਤ ਸਿੰਘ ਨੇ ਦੂਸਰਾ ਸਥਾਨ ਅਤੇ ਸਾਹਿਬਅਜੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ।400 ਮੀਟਰ ਦੌੜ ਵਿੱਚ ਅਰਸ਼ਦੀਪ ਗਿੱਲ ਨੇ ਪਹਿਲਾ ਸਥਾਨ ਅੰਕਿਤ ਸ਼ਰਮਾ ਨੇ ਦੂਸਰਾ ਸਥਾਨ ਅਤੇ ਧਰਮਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 1500 ਮੀਟਰ ਦੌੜ ਵਿੱਚ ਪ੍ਰੀਤ ਮਹਿਰਾ ਨੇ ਪਹਿਲਾ ਸਥਾਨ, ਵਿਸ਼ਾਲ ਨੇ ਦੂਸਰਾ ਸਥਾਨ ਅਤੇ ਹਰਮਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 800 ਮੀਟਰ ਦੌੜ ਵਿੱਚ ਕ੍ਰਿਸ਼ਨਾ ਨੇ ਪਹਿਲਾ ਸਥਾਨ, ਗੁਰਜੀਤ ਸਿੰਘ ਨੇ ਦੂਸਰਾ ਸਨ ਅਤੇ ਹਾਰਤਿਕ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 200 ਮੀਟਰ ਦੌੜ ਵਿੱਚ ਲਵਪ੍ਰੀਤ ਸਿੰਘ ਨੇ ਪਹਿਲਾ ਸਥਾਨ, ਅੰਕਿਤ ਸ਼ਰਮਾ ਨੇ ਦੂਸਰਾ ਸਥਾਨ ਅਤੇ ਕਰਮ ਸਿੰਘ ਨੇ ਤੀਸਰਾ ਸਥਾਨ ਖਰਾਬ ਕੀਤਾ। ਲੰਬੀ ਛਾਲ ਵਿੱਚ ਲਵਜੀਤ ਸਿੰਘ ਨੇ ਪਹਿਲਾ ਸਥਾਨ, ਮਨਦੀਪ ਸਿੰਘ ਨੇ ਦੂਸਰਾ ਸਥਾਨ ਅਤੇ ਮਨਕੀਰਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 110 ਮੀਟਰ ਹਰਡਲ ਦੌੜ ਵਿੱਚ ਰੋਬਿਨਵੀਰ ਸਿੰਘ ਨੇ ਪਹਿਲਾਂ ਸਥਾਨ, ਕੁਲਵਿੰਦਰ ਰਾਮ ਨੇ ਦੂਸਰਾ ਸਥਾਨ ਅਤੇ ਨਵਜੋਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਟਰਿਪਲ ਜੰਪ ਦੇ ਵਿੱਚ ਦਕਸ਼ ਸੈਣੀ ਨੇ ਪਹਿਲਾ ਸਥਾਨ ਅਮਨਦੀਪ ਸਿੰਘ ਨੇ ਦੂਸਰਾ ਸਥਾਨ ਰਾਜਾ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

400 ਮੀਟਰ ਦੌੜ ਵਿੱਚ ਦੁਪਿੰਦਰ ਸਿੰਘ ਨੇ ਪਹਿਲਾਂ ਸਥਾਨ ਅਤੇ ਕੁਲਵਿੰਦਰ ਰਾਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਤਰਲੋਚਨ ਸਿੰਘ ਮੱਸੇਵਾਲ, ਹਰਪਾਲ ਸਿੰਘ ਵਿਭੋਰ ਸਾਹਿਬ, ਬਲਵਿੰਦਰ ਸਿੰਘ ਕਲਾਰਾਂ, ਹਰਪ੍ਰੀਤ ਸਿੰਘ ਮੜੌਲੀ, ਦਵਿੰਦਰ ਸਿੰਘ ਘਨੌਲਾ, ਰਾਕੇਸ਼ ਕੁਮਾਰ ਕਲਵਾਂ, ਸੰਦੀਪ ਸਿੰਘ, ਇੰਦਰਜੀਤ ਸਿੰਘ ਸਸਕੌਰ, ਬਲਵਿੰਦਰ ਸਿੰਘ ਮੀਆਂਪੁਰ, ਪੰਕਜ ਵਸ਼ਿਸ਼ਟ ਖਡਬਠਲੌਰ, ਲਖਵਿੰਦਰ ਸਿੰਘ ਦੁਲਸ਼ੀ ਮਾਜਰਾ, ਕ੍ਰਾਂਤੀਪਾਲ ਵਿਭੋਰ ਸਾਹਿਬ, ਭਾਸਕਰ ਰਾਮ ਕੱਟਲੀ, ਕੁਲਵੰਤ ਸਿੰਘ ਕੋਟਲਾ ਨਿਹੰਗ, ਰਾਜਨ ਅਥਲੈਟਿਕ ਕੋਚ, ਨਿਰਭੈ ਸਿੰਘ ਗਾਂਧੀ ਸਕੂਲ, ਸਰਬਜੀਤ ਕੌਰ ਬੂਰਮਾਜਰਾ, ਰਾਜਵੀਰ ਸਿੰਘ ਸਲੇਮਪੁਰ, ਅਜੀਤ ਕੌਰ, ਗੁਰਮੀਤ ਕੌਰ,ਸਤਵੰਤ ਕੌਰ ਤਖਤਗੜ੍ਹ, ਨਰਿੰਦਰ ਕੌਰ ਬੇਲਾ, ਹਰਦੀਪ ਕੌਰ ਸ਼ਿਵਾਲਿਕ ਪਬਲਿਕ ਸਕੂਲ, ਪ੍ਰੀਤੀ ਯਾਦਵ ਮੋਰਿੰਡਾ, ਗੀਤਾ ਰਾਣੀ ਐਸਕੇਐਸ ਅਕੈਡਮੀ, ਵਿਸ਼ਾਲ ਸ਼ਰਮਾ ਨੰਗਲ, ਸੀਤਾ ਰਾਮ ਕੋਟਲੀ, ਸੋਮਨਾਥ ਦੁਬੇਟਾ, ਕੁਲਦੀਪ ਸਿੰਘ ਮੋਹੀਵਾਲ, ਧਰਮਿੰਦਰ ਕੌਰ ਫੂਲ, ਮਨਜੀਤ ਕੌਰ ਰੋਪੜ ਡੀਏਵੀ, ਸੰਜੇ ਡੀਏਵੀ ਨੰਗਲ, ਗੁਰਤੇਜ ਸਿੰਘ ਤਾਜਪੁਰ, ਕਰਮਨ ਸਿੰਘ, ਤੁਸ਼ਾਰ, ਪ੍ਰਿੰਸ ਭਵੇਲ, ਰਾਜੇਸ਼ ਕੁਮਾਰ ਮੀਆਂਪਰ, ਬਲਜੀਤ ਸਿੰਘ ਸਤਲੁਜ ਪਬਲਿਕ ਸਕੂਲ, ਰਮਨਪ੍ਰੀਤ ਸਿੰਘ ਮੀਆਪੁਰ, ਚਰਨਜੀਤ ਹੋਲੀ ਫੈਮਲੀ, ਰਵਿੰਦਰ ਸਿੰਘ ਡੀਏਵੀ ਰੋਪੜ, ਲਵਪ੍ਰੀਤ ਮਨਸੂਹਾ ਕਲਾ, ਜਸਵਿੰਦਰ ਸਿੰਘ ਬੇਲਾ, ਗਗਨਦੀਪ ਸਿੰਘ ਝੱਲੀਆਂ ਕਲਾਂ, ਭਾਸਕਰ ਕਟਲੀ, ਜਸਪ੍ਰੀਤ ਸਿੰਘ ਲੋਦੀ ਮਾਜਰਾ, ਸਰਬਜੀਤ ਕੌਰ ਕੋਟਲਾ ਨਿਹੰਗ, ਗੁਰਪ੍ਰੀਤ ਕੌਰ ਹੋਲੀ ਫੈਮਲੀ, ਸੁਖਵਿੰਦਰ ਸਿੰਘ ਕਿਸ਼ਨਪੁਰਾ, ਸਿਮਰਨਜੀਤ ਸਿੰਘ ਰੈਲੋ, ਸੁਰਮਖ ਸਿੰਘ ਲਠੇੜੀ ਆਦਿ ਹਾਜਰ ਸਨ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੇ ਅਹੁੱਦਾ ਸੰਭਾਲਣ 'ਤੇ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਦਿੱਤੀਆਂ ਸ਼ੁੱਭ ਕਾਮਨਾਵਾਂ



**ਹੁਸ਼ਿਆਰਪੁਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਅੱਜ ਚੰਡੀਗੜ੍ਹ ਵਿਚ ਸਥਾਨਕ ਸਰਕਾਰਾਂ ਮੰਤਰੀ ਵਜੋਂ ਅਹੁੱਦਾ ਸੰਭਾਲ ਲਿਆ ਹੈ।

ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪੁਰ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਉਨ੍ਹਾਂ ਦੇ ਚੰਡੀਗੜ੍ਹ ਦਫ਼ਤਰ ਪਹੁੰਚ ਕੇ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਨਵੇਂ ਕਾਰਜਕਾਲ ਦੀ ਸਫਲਤਾ ਦੀ ਕਾਮਨਾ ਕੀਤੀ।

ਕਰਮਜੀਤ ਕੌਰ ਨੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੂੰ ਉਨ੍ਹਾਂ ਦੇ ਰਾਜਨੀਤਿਕ ਕਰੀਅਰ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਦੂਰਦਰਸ਼ੀ ਲੀਡਰਸ਼ਿਪ ਯੋਗਤਾ ਅਤੇ ਪ੍ਰਸ਼ਾਸਨਿਕ ਅਨੁਭਵ ਨਾਲ ਪੰਜਾਬ ਦੇ ਲੋਕਲ ਬਾਡੀਜ਼ ਵਿਭਾਗ ਨੂੰ ਨਵੀਂ ਦਿਸ਼ਾ ਮਿਲੇਗੀ।

ਉਨ੍ਹਾਂ ਵਿਸ਼ਵਾਸ਼ ਜਤਾਇਆ ਕਿ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਵਿਚ ਸੂਬੇ ਦੇ ਸ਼ਹਿਰੀ ਵਿਕਾਸ ਅਤੇ ਬੁਨਿਆਦੀ ਢਾਂਚੇ ਵਿਚ ਵੱਧੇ ਵੱਧਰ 'ਤੇ ਸੁਧਾਰ ਹੋਵੇਗਾ.

ਜਿਸ ਨਾਲ ਜਨਤਾ ਨੂੰ ਬਿਹਤਰ ਸੁਵਿਧਾਵਾਂ ਮਿਲਣਗੀਆਂ।

## ਸੰਪਾਦਕੀ

# ਬੱਚਿਆਂ ਦਾ ਜਿਨਸੀ ਸ਼ੋਸ਼ਣ

ਮਦਰਾਸ ਹਾਈਕੋਰਟ ਦੀ ਵੱਡੀ ਭੁੱਲ ’ਚ ਸੁਧਾਰ ਕਰਦਿਆਂ ਮੁਲਕ ਦੀ ਸੁਪਰੀਮ ਕੋਰਟ ਨੇ ਅਹਿਮ ਫ਼ੈਸਲਾ ਸੁਣਾਇਆ ਹੈ ਕਿ ਅਜਿਹੀ ਕਾਮੁਕ ਸਮੱਗਰੀ ਡਾਊਨਲੋਡ ਕਰਨੀ ਅਤੇ ਦੇਖਣੀ ਜਿਸ ਵਿੱਚ ਬੱਚੇ ਸ਼ਾਮਿਲ ਹੋਣ, ਬਾਲ ਜਿਨਸੀ ਅਪਰਾਧ ਰੋਕੂ ਕਾਨੂੰਨ (ਪੋਕਸੋ) ਅਤੇ ਸੂਚਨਾ ਤਕਨਾਲੋਜੀ ਐਕਟ ਤਹਿਤ ਅਪਰਾਧ ਗਿਣੀ ਜਾਵੇਗੀ। ਇਸ ਦਾ ਇਹ ਭਾਵ ਵੀ ਲਿਆ ਜਾਵੇਗਾ ਕਿ ਜੇ ਕੋਈ ਬਾਲ ਅਸ਼ਲੀਲ ਸਮੱਗਰੀ ਬਿਨਾਂ ਸਟੋਰ ਅਤੇ ਸ਼ੇਅਰ ਕੀਤਿਆਂ ਆਪਣੇ ਕੋਲ ਰੱਖਦਾ ਹੈ ਤਾਂ ਇਸ ਲਈ ਉਸ ਨੂੰ ਜਿ ?ਮੇਵਾਰ ਸਮਝਿਆ ਜਾਵੇਗਾ। ਸੁਪਰੀਮ ਕੋਰਟ ਦਾ ਇਹ ਮਿਸਾਲੀ ਫ਼ੈਸਲਾ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਅਲਾਮਤ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਾਬਿਤ ਹੋ ਸਕਦਾ ਹੈ।

ਬੱਚੇ ਅਣਭੋਲ ਹੁੰਦੇ ਹਨ ਅਤੇ ਉਨ੍ਹਾਂ ਨੂੰ ਘਰਾਂ, ਸਕੂਲਾਂ ਜਾਂ ਜਨਤਕ ਥਾਵਾਂ ’ਤੇ ਕਿਤੇ ਵੀ ਕੋਈ ਆਪਣੀ ਹਵਸ ਦਾ ਸ਼ਿਕਾਰ ਬਣਾ ਸਕਦਾ ਹੈ। ਭਾਰਤ ਵਰਗੇ ਬਹੁਤ ਸਾਰੇ ਮੁਲਕਾਂ ਵਿੱਚ ਬੱਚਿਆਂ ਦੇ ਕਾਮੁਕ ਸ਼ੋਸ਼ਣ ਨੂੰ ਨਕਾਰਿਆ ਨਹੀਂ ਜਾ ਸਕਦਾ। ਅਜਿਹੀਆਂ ਖ਼ਬਰਾਂ ਅਕਸਰ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਇਸ ਮਸਲੇ ਦਾ ਇਕ ਹੋਰ ਪਹਿਲੂ ਵੀ ਹੈ: ਬਦਨਾਮੀ ਦੇ ਡਰੋਂ ਪੀੜਤ ਪਰਿਵਾਰ ਕਈ ਵਾਰ ਅਜਿਹੇ ਮਾਮਲਿਆਂ ਨੂੰ ਰਫ਼ਾ-ਦਫ਼ਾ ਕਰ ਦਿੰਦੇ ਹਨ। ਹਾਲਾਤ ਉਦੋਂ ਖ਼ਰਾਬ ਹੋ ਜਾਂਦੇ ਹਨ ਜਦੋਂ ਕੋਈ ਰਿਸ਼ਤੇਦਾਰ ਜਾਂ ਅਧਿਆਪਕ ਇਸ ਤਰ੍ਹਾਂ ਦੇ ਅਪਰਾਧਾਂ ਵਿੱਚ ਸ਼ਾਮਿਲ ਹੋ ਜਾਂਦੇ ਹਨ ਜਾਂ ਇਨ੍ਹਾਂ ਨੂੰ ਸ਼ਹਿ ਦਿੰਦੇ ਹਨ। ਯੂਨੀਸੈੱਫ ਵੱਲੋਂ ਡਿਜੀਟਲ ਤਕਨੀਕਾਂ ਦੀ ਵਿਆਪਕ ਵਰਤੋਂ ਨੂੰ ਖ਼ਤਰਾ ਦੱਸਣ ਦੇ ਮੱਦੇਨਜ਼ਰ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਬੱਚਿਆਂ ਨੂੰ ਬਚਾਇਆ ਜਾਵੇ ਅਤੇ ਨਿੱਗਰ ਕਾਨੂੰਨੀ ਢਾਂਚਾ ਬਣਾਇਆ ਜਾਵੇ ਤਾਂ ਜੋ ਭਵਿੱਖ ’ਚ ਕੋਈ ਵੀ ਇਸ ਤਰ੍ਹਾਂ ਦਾ ਅਪਰਾਧ ਕਰਨ ਤੋਂ ਪਹਿਲਾਂ ਡਰੇ। ਪੋਕਸੋ ਕਾਨੂੰਨ ਵਿੱਚ ਕੁਝ ਸਖ਼ਤ ਤਜਵੀਜ਼ਾਂ ਮੌਜੂਦ ਹਨ ਪਰ ਹਾਈਕੋਰਟਾਂ ਵੱਲੋਂ ਇਨ੍ਹਾਂ ਦੀ ਵਿਆਖਿਆ ਵੱਖ-ਵੱਖ ਢੰਗ ਨਾਲ ਕਰਨਾ ਅਡਿ ?ਕਾ ਸਾਬਿਤ ਹੋ ਰਿਹਾ ਹੈ।

ਬਾਲ ਅਸ਼ਲੀਲਤਾ; ਇਹ ਸ਼ਬਦ ਹੁਣ ਵਰਤੋਂ ਤੋਂ ਬਾਹਰ ਹੋ ਰਿਹਾ ਹੈ ਕਿਉਂਕਿ ਸੁਪਰੀਮ ਕੋਰਟ ਨੇ ਵੱਖ-ਵੱਖ ਅਦਾਲਤਾਂ ਨੂੰ ਕਿਹਾ ਹੈ ਕਿ ਉਹ ਕਿਸੇ ਵੀ ਨਿਆਂਇਕ ਹੁਕਮ ਜਾਂ ਫ਼ੈਸਲੇ ਵਿੱਚ ਇਸ ਦੀ ਵਰਤੋਂ ਨਾ ਕਰਨ ਤੇ ਇਸ ਦੀ ਬਜਾਇ ‘ਬਾਲ ਜਿਨਸੀ ਸ਼ੋਸ਼ਣ ਤੇ ਦੁਰਵਰਤੋਂ ਸਮੱਗਰੀ’ ਵਰਤਿਆ ਜਾਵੇ। ਇਸ ਨਾਲ ਸਮਾਜ ਨੂੰ ਵੱਡਾ ਸੁਨੇਹਾ ਜਾਵੇਗਾ ਕਿ ਇਸ ਤਰ੍ਹਾਂ ਦੇ ਅਪਰਾਧਾਂ ਨਾਲ ਪੂਰੀ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਤੇ ਕੋਈ ਢਿੱਲ ਨਹੀਂ ਵਰਤੀ ਜਾਵੇਗੀ। ਕਿਸੇ ਵੀ ਤਰ੍ਹਾਂ ਦਾ ਜਿਨਸੀ ਸ਼ੋਸ਼ਣ ਬੱਚਿਆਂ ਨੂੰ ਮਨੋਵਿਗਿਆਨਕ ਤੌਰ ’ਤੇ ਪੂਰੀ ਜਿ ?ਦਗੀ ਲਈ ਕਸ਼ਟ ਦਿੰਦਾ ਰਹਿੰਦਾ ਹੈ। ਇਹ ਨਾ ਸਿਰਫ਼ ਉਨ੍ਹਾਂ ਦੀ ਪੜ੍ਹਾਈ ਅਤੇ ਰਿਸ਼ਤਿਆਂ ਉੱਤੇ ਬੁਰਾ ਅਸਰ ਪਾਉਂਦਾ ਹੈ ਬਲਕਿ ਪੂਰੀ ਸ਼ਖ਼ਸੀਅਤ ਨੂੰ ਪ੍ਰਭਾਵਿਤ ਕਰਦਾ ਹੈ। ਇਸੇ ਕਾਰਨ ਇਸ ਮਸਲੇ ਵੱਲ ਤਰਜੀਹੀ ਆਧਾਰ ’ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਹੁਣ ਆਸ ਕਰਨੀ ਚਾਹੀਦੀ ਹੈ ਕਿ ਸੁਪਰੀਮ ਕੋਰਟ ਦਾ ਦਖ਼ਲ ਮਾਪਿਆਂ, ਅਧਿਆਪਕਾਂ ਅਤੇ ਹੋਰਾਂ ਨੂੰ ਪ੍ਰੇਰਿਤ ਕਰੇਗਾ ਕਿ ਉਹ ਜਿਨਸੀ ਮੁੱਦਿਆਂ ਬਾਰੇ ਬਿਨਾਂ ਕਿਸੇ ਸ਼ਰਮ ਤੋਂ ਗੱਲ ਕਰ ਸਕਦੇ ਹਨ। ਇਸ ਬਾਰੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧੇਰੇ ਸੁਚੇਤ ਕਰਨ ਦੀ ਲੋੜ ਹੈ। ਇਨ੍ਹਾਂ ਸਾਰੀਆਂ ਧਿਰਾਂ ਨੂੰ ਬੱਚਿਆਂ ਦੀ ਸਮਾਰਟਫੋਨ ਵਰਤੋਂ ਉੱਤੇ ਵੀ ਧਿਆਨ ਦੇਣਾ ਪਏਗਾ ਤਾਂ ਕਿ ਉਹ ਬੁਰੇ ਅਸਰਾਂ ਤੋਂ ਬਚੇ ਰਹਿਣ।

# ਰਾਜਪਾਲ ਦਾ ਵਿਹਾਰ

ਸੰਵਿਧਾਨਕ ਪਦਵੀਆਂ ’ਤੇ ਬੈਠੇ ਵਿਅਕਤੀਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਖ਼ੁਦ ਨੂੰ ਅਹੁਦੇ ਦੇ ਮਿਆਰਾਂ ’ਤੇ ਖਰਾ ਸਾਬਿਤ ਕਰਨ। ਤਾਮਿਲਨਾਡੂ ਦੇ ਰਾਜਪਾਲ ਆਰਐੱਨ ਰਵੀ ਨੇ ਕਈ ਵਾਰ ਇਸ ਤਰ੍ਹਾਂ ਦੀਆਂ ਕਦਰਾਂ-ਕੀਮਤਾਂ ਦਾ ਨਿਰਾਦਰ ਕਰਨਾ ਹੀ ਚੁਣਿਆ ਹੈ। ਵਿਵਾਦ ਖੜ੍ਹੇ ਕਰਨਾ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਆਦਤ ਜਿਹੀ ਬਣ ਗਈ ਜਾਪਦੀ ਹੈ। ਡੀਐੱਮਕੇ ਸਰਕਾਰ ਨਾਲ ਰਾਜਪਾਲ ਦੇ ਨਿਰੰਤਰ ਟਕਰਾਅ ’ਚੋਂ ਉਨ੍ਹਾਂ ਦੇ ਰੁੱਖੇ ਵਿਹਾਰ ਦੀ ਝਲਕ ਪੈਂਦੀ ਹੈ। ਹੁਣ ਉਨ੍ਹਾਂ ਨੇ ਇਹ ਕਹਿ ਕੇ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ ਕਿ ਧਰਮ ਨਿਰਪੱਖਤਾ ਯੂਰੋਪੀਅਨ ਵਿਚਾਰ ਹੈ ਅਤੇ ਇਸ ਦੀ ਭਾਰਤ ਵਿੱਚ ਕੋਈ ਥਾਂ ਨਹੀਂ ਹੈ। ਵਿਰੋਧੀ ਧਿਰ ਨੇ ਰਾਜਪਾਲ ਦੀ ਟਿੱਪਣੀ ਨੂੰ ਸੰਵਿਧਾਨ ਦੀ ਉਲੰਘਣਾ ਦੱਸਿਆ ਹੈ ਜੋ ਭਾਰਤ ਨੂੰ ਧਰਮ ਨਿਰਪੱਖ ਮੁਲਕ ਵਜੋਂ ਸਥਾਪਿਤ ਕਰਦਾ ਹੈ ਅਤੇ ਸਿਆਸਤ ਨੂੰ ਧਰਮ ਨਾਲੋਂ ਵੱਖਰਾ ਰੱਖਦਾ ਹੈ। ਰਵੀ ਆਪਣੀ ਵਿਅਕਤੀਗਤ ਸਮਰੱਥਾ ਵਿੱਚ ਕੁਝ ਵੀ ਕਹਿਣ ਲਈ ਸੁਤੰਤਰ ਹਨ, ਭਾਵੇਂ ਉਹ ਕਿੰਨਾ ਵੀ ਨਾਗਵਾਰ ਕਿਉਂ ਨਾ ਹੋਵੇ ਪਰ ਉਹ ਭੁੱਲ ਗਏ ਹਨ ਕਿ ਜਾਣਬੁੱਝ ਕੇ ਇਸ ਤਰ੍ਹਾਂ ਦੇ ਬਿਆਨ ਜਨਤਕ ਤੌਰ ’ਤੇ ਦੇਣਾ ਉਨ੍ਹਾਂ ਦੇ ਅਹੁਦੇ ਦੀ ਮਰਿਆਦਾ ਨੂੰ ਸੋਭਾ ਨਹੀਂ ਦਿੰਦਾ। ਇਹ ਉਨ੍ਹਾਂ ਦੀ ਸੰਵਿਧਾਨਕ ਜਿ ?ਮੇਵਾਰੀ ਦਾ ਉਲੰਘਣ ਹੈ ਤੇ ਉਹ ਇਸ ਦੀ ਬਿਲਕੁਲ ਪਰਵਾਹ ਨਹੀਂ ਕਰਦੇ, ਇਹ ਵੀ ਬਹੁਤ ਵੱਡੀ ਸਮੱਸਿਆ ਹੈ।

ਰਾਜਪਾਲ ਦਫ਼ਤਰ ਦਾ ਸਿਆਸੀਕਰਨ ਕਾਂਗਰਸ ਵੀ ਕਰਦੀ ਰਹੀ ਹੈ ਅਤੇ ਭਾਜਪਾ ਨੇ ਨਾ ਸਿਰਫ਼ ਇਸ ਨੂੰ ਜਾਰੀ ਰੱਖਿਆ ਹੈ ਬਲਕਿ ਖੁੱਭ ਕੇ ਇਸ ਨਾਲ ਖੇਡ ਰਹੀ ਹੈ। ਕਈ ਰਾਜਪਾਲ ਇਹ ਮੰਨਦੇ ਰਹੇ ਜਾਂ ਉਨ੍ਹਾਂ ਨੂੰ ਯਕੀਨ ਦਿਵਾਇਆ ਗਿਆ ਕਿ ਉਨ੍ਹਾਂ ਦਾ ਮੁੱਢਲਾ ਰੋਲ ਚੁਣੀਆਂ ਹੋਈਆਂ ਸਰਕਾਰਾਂ ਨਾਲ ਟਕਰਾਅ ਵਿਚ ਪੈਣਾ ਹੀ ਹੈ। ਕਈਆਂ ਨੇ ਹੱਦ ਪਾਰ ਕਰਦਿਆਂ ਆਪਣੀ ਵਿਚਾਰਧਾਰਾ ਤੇ ਸਿਆਸੀ ਨੇੜਤਾ ਨੂੰ ਖੁੱਲ੍ਹ ਕੇ ਜ਼ਾਹਿਰ ਕੀਤਾ। ਅਹੁਦੇ ਦੀ ਮਰਿਆਦਾ ਉਲੰਘ ਕੇ ਰਾਜਪਾਲ ਆਪਣੇ ’ਤੇ ਲੱਗੇ ਏਜੰਡਾ ਪ੍ਰਚਾਰਨ ਦੇ ਠੱਪੇ ਨੂੰ ਹੋਰ ਪੁਖਤਾ ਕਰ ਰਹੇ ਹਨ। ਇਹ ਚਿੰਤਾਜਨਕ ਰੁਝਾਨ ਇੱਕ ਤੋਂ ਬਾਅਦ ਇੱਕ ਕਈ ਰਾਜਾਂ ਵਿਚ ਦੇਖਣ ਨੂੰ ਮਿਲ ਰਿਹਾ ਹੈ। ਭਰੋਸੇਯੋਗਤਾ ਦੇ ਘਾਣ ਅਤੇ ਸੰਘੀ ਢਾਂਚੇ ਦੇ ਇਸ ਅਹਿਮ ਹਿੱਸੇ ’ਚ ਵਿਸ਼ਵਾਸ ਨੂੰ ਵੱਜੀ ਸੱਟ ਦਾ ਰਾਜਾਂ ਅਤੇ ਕੇਂਦਰ ਦੇ ਰਿਸ਼ਤਿਆਂ ਉੱਤੇ ਬਹੁਤ ਮਾੜਾ ਅਸਰ ਪੈ ਸਕਦਾ ਹੈ।

ਧਰਮ ਨਿਰਪੱਖਤਾ ਨੂੰ ਕਮਜ਼ੋਰ ਕਰਨ ਦੀ ਕਿਸੇ ਵੀ ਕੋਸ਼ਿਸ਼ ਨਾਲ ਪੂਰੀ ਤਾਕਤ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ। ਇਹ ਹੈਰਾਨ ਕਰਨ ਵਾਲਾ ਹੈ ਕਿ ਜਿਨ੍ਹਾਂ ਨੂੰ ਇਸ ਨੂੰ ਕਾਇਮ ਰੱਖਣ ਦੀ ਜਿ ?ਮੇਵਾਰੀ ਸੌਂਪੀ ਗਈ ਹੈ, ਉਨ੍ਹਾਂ ਨੂੰ ਹੀ ਨਿਯਮ ਚੇਤੇ ਕਰਾਉਣ ਦੀ ਫੌਰੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਉਂਝ, ਇਸ ਪ੍ਰਸੰਗ ਵਿਚ ਹੁਣ ਇਹ ਗੱਲ ਉੱਭਰ ਕੇ ਸਾਹਮਣੇ ਆ ਰਹੀ ਹੈ ਕਿ ਕਿਸੇ ਰਾਜਪਾਲ ਦਾ ਅਜਿਹਾ ਵਿਹਾਰ ਅਤੇ ਵਤੀਰਾ ਕੀ ਕੇਂਦਰ ਸਰਕਾਰ ਦੀ ਸ਼ਹਿ ਤੋਂ ਬਗੈਰ ਸੰਭਵ ਹੈ ? ਅਸਲ ਵਿਚ ਕੇਂਦਰ ਵਿਚ ਸੱਤਾਧਾਰੀ ਪਾਰਟੀ ਆਪਣੇ ਵਿਰੋਧੀਆਂ ਨਾਲ ਲਗਾਤਾਰ ਮਾੜਾ ਵਿਹਾਰ ਕਰ ਰਹੀ ਹੈ। ਲੋਕਤੰਤਰ ਦੇ ਕੋਣ ਤੋਂ ਇਹ ਵੱਡਾ ਸਵਾਲ ਬਣਦਾ ਹੈ ਅਤੇ ਇਸ ਬਾਰੇ ਅਿਵਾਪਕ ਵਿਚਾਰ-ਵਟਾਂਦਰੇ ਦੀ ਲੋੜ ਹੈ।

## ਪੰਜਾਬ ਸਰਕਾਰ ਵੱਲੋਂ ਹਰਿਆਣਾ ਵਿਧਾਨ ਸਭਾ ਸੂਚੀ ’ਚ ਸ਼ਾਮਲ ਵੋਟਰਾਂ ਲਈ 5 ਅਕਤੂਬਰ ਨੂੰ ਤਨਖ਼ਾਹ ਸਮੇਤ ਛੁੱਟੀ ਦਾ ਐਲਾਨ

**ਚੰਡੀਗੜ੍ਹ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਵਿੱਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ, ਪੰਜਾਬ ਸਰਕਾਰ ਨੇ 5 ਅਕਤੂਬਰ, 2024 ਨੂੰ ਤਨਖ਼ਾਹ ਸਮੇਤ ਛੁੱਟੀ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅੱਜ ਇੱਥੇ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਹਰਿਆਣਾ ਵਿਧਾਨ ਸਭਾ ਦੀ ਵੋਟਰ ਸੂਚੀ ਵਿੱਚ ਬਤੌਰ ਵੋਟਰ ਸ਼ਾਮਲ ਹੈ ਅਤੇ ਪੰਜਾਬ ਰਾਜ ਦੇ ਸਰਕਾਰੀ ਦਫ਼ਤਰਾਂ/ਬੋਰਡਾਂ/ਨਿਗਮਾਂ ਅਤੇ ਸਰਕਾਰੀ ਵਿਦਿਅਕ ਸੰਸਥਾਵਾਂ ਵਿੱਚ ਕੰਮ ਕਰ ਰਿਹਾ ਹੈ ਤਾਂ ਉਹ ਆਪਣਾ ਵੋਟਰ ਸ਼ਨਾਖਤੀ ਕਾਰਡ ਪੇਸ਼ ਕਰਕੇ ਸਮਰੱਥ ਅਥਾਰਟੀ ਤੋਂ 5 ਅਕਤੂਬਰ, 2024 ਨੂੰ ਇਸ ਵਿਸ਼ੇਸ਼ ਛੁੱਟੀ ਦਾ ਲਾਭ ਲੈਣ ਲਈ ਯੋਗ ਹੋਵੇਗਾ। ਇਹ ਛੁੱਟੀ ਅਧਿਕਾਰੀ/ਕਰਮਚਾਰੀ ਦੇ ਛੁੱਟੀ ਖਾਤੇ ਵਿੱਚੋਂ ਨਹੀਂ ਕੱਟੀ ਜਾਵੇਗੀ। ਬੁਲਾਰੇ ਨੇ ਅੱਗੇ ਦੱਸਿਆ ਕਿ ਪ੍ਰਸੋਨਲ ਵਿਭਾਗ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਨੋਟੀਫਿਕੇਸ਼ਨ ਅਨੁਸਾਰ, ਪੰਜਾਬ ਸਰਕਾਰ ਨੇ ਹਰਿਆਣਾ ਵਿਧਾਨ ਸਭਾ ਦੀ ਵੋਟਰ ਸੂਚੀ ਵਿੱਚ ਸ਼ਾਮਲ ਵੋਟਰਾਂ ਅਤੇ ਰਾਜ ਵਿੱਚ ਕਿਸੇ ਵੀ ਕਾਰੋਬਾਰ, ਵਪਾਰ, ਉਦਯੋਗਿਕ ਉੱਦਮ ਜਾਂ ਕਿਸੇ ਹੋਰ ਅਦਾਰੇ ਵਿੱਚ ਕੰਮ ਕਰਨ ਵਾਲੇ ਵੋਟਰਾਂ ਨੂੰ, ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 135ਬੀ(1) ਦੇ ਉਪਬੰਧ ਅਨੁਸਾਰ, ਵੋਟ ਪਾਉਣ ਲਈ 5 ਅਕਤੂਬਰ, ਨੂੰ ਤਨਖਾਹ ਸਮੇਤ ਛੁੱਟੀ ਦਾ ਐਲਾਨ ਕੀਤਾ ਹੈ।

# ਬੁਲਡੋਜ਼ਰ ਨਿਆਂ ਅਤੇ ਲੋਕਤੰਤਰ ਦੀ ਰਾਖੀ

**ਅਸ਼ਵਨੀ ਕੁਮਾਰ**



ਸੁਪਰੀਮ ਕੋਰਟ ਦਾ ਲੰਘੀ 17 ਸਤੰਬਰ ਦਾ ਅੰਤਰਿਮ ਹੁਕਮ ਜਿਸ ਵਿੱਚ ਅਪਰਾਧਕ ਕੇਸਾਂ ਦੇ ਮੁਲਜ਼ਮਾਂ ਦੀਆਂ ਸੰਪਤੀਆਂ ਢਾਹੁਣ ਉੱਤੇ ਰੋਕ ਲਾਈ ਗਈ ਹੈ, ਸੰਵਿਧਾਨਕ ਸ਼ਾਸਨ ਪ੍ਰਣਾਲੀ ਦੇ ਇਸ ਸਪੱਸ਼ਟ ਸਿਧਾਂਤ ਉੱਤੇ ਆਧਾਰਿਤ ਹੈ ਕਿ ਸੱਤਾ ਦੀ ਤਾਕਤ ਸੰਵਿਧਾਨ ਦੇ ਅਨੁਸ਼ਾਸਨ ਪ੍ਰਤੀ ਜਵਾਬਦੇਹ ਹੈ। ਕਾਰਜਕਾਰੀ ਸ਼ਕਤੀਆਂ ਨੂੰ ਚੇਤੇ ਕਰਾਇਆ ਗਿਆ ਹੈ ਕਿ ਕਾਨੂੰਨ ਦੇ ਸ਼ਾਸਨ ਹੇਠ ਚੱਲ ਰਹੇ ਮੁਲਕ ਵਿੱਚ ਕਾਰਜਵਿਧੀ ਦੀ ਦੇ ਖਰੇਪਣ ਬਾਰੇ ਮਹਿਜ਼ ਗੱਲਾਂ ਕਰਨਾ ਹੀ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਢੁੱਕਵੀਂ ਕਾਨੂੰਨੀ ਪ੍ਰਕਿਰਿਆ ਦੀਆਂ ਲਾਜ਼ਮੀ ਸ਼ਰਤਾਂ ਦਾ ਅਸਲੋਂ ਪਾਲਣ ਹੋ ਰਿਹਾ ਹੈ। ‘ਸੰਵਿਧਾਨ ਦੇ ਚਰਿੱਤਰ’ ਵਿੱਚ ਪੂਰੀ ਤਰ੍ਹਾਂ ਲਿਪਤ ਅਦਾਲਤ ਦਾ ਇਹ ਹੁਕਮ ਬਦਲੇ ਦੀ ਭਾਵਨਾ ਨਾਲ ਇਨਸਾਫ਼ ਕਰਨ ਲਈ ਸਰਕਾਰੀ ਤਾਕਤ ਦੀ ਕਠੋਰ ਵਰਤੋਂ ਖਿ ?ਲਾਫ਼ ਭੜਕੀ ਦੇਸ਼ ਦੀ ਜ਼ਮੀਰ ਦੀ ਆਵਾਜ਼ ਨੂੰ ਦ੍ਰਿੜਾਉਂਦਾ ਹੈ। ਇੱਕ ਅਜਿਹਾ ਮਾਮਲਾ ਜਿਸ ਨੂੰ ਸੰਵਿਧਾਨਕ ਮੂਲ ਭਾਵਨਾ ਉੱਤੇ ਸਿੱਧੇ ਹੱਲੇ ਤੇ ਦੇਸ਼ ਦੀ ਰੂਹ ਉੱਤੇ ਅਮਿੱਟ ਦਾਗ਼ ਵਜੋਂ ਦੇਖਿਆ ਜਾ ਰਿਹਾ ਹੈ, ਬਾਰੇ ਸਰਕਾਰ ਵੱਲੋਂ ਅਦਾਲਤ ਵਿੱਚ ਅਪਣਾਇਆ ਰੁਖ਼ ਆਪਣੇ ਆਪ ਵਿੱਚ ਹੀ ਬਹੁਤ ਕੁਝ ਕਹਿੰਦਾ ਹੈ। ਸਰਕਾਰ ਨੇ ਇਸ ਅਦਾਲਤੀ ਫ਼ੈਸਲੇ ਦਾ ਵਿਰੋਧ ਕੀਤਾ ਹੈ।

ਜਮੀਅਤ ਉਲੇਮਾ-ਏ-ਹਿੰਦ ਨੇ ਪੂਰੇ ਦੇਸ਼ ’ਚ ਵਿਆਪਕ ਪੱਧਰ ’ਤੇ ਢਾਹੀਆਂ ਜਾ ਰਹੀਆਂ ਸੰਪਤੀਆਂ ਦੇ ਮੱਦੇਨਜ਼ਰ ਪਟੀਸ਼ਨ ਦਾਇਰ ਕਰ ਕੇ ਸੰਵਿਧਾਨ ਦੀ ਧਾਰਾ 21 ਦੇ ਹਵਾਲੇ ਨਾਲ ਇਸ ਮਾਮਲੇ ਵਿੱਚ ਅਦਾਲਤ ਦਾ ਦਖ਼ਲ ਮੰਗਿਆ ਗਿਆ ਸੀ। ਧਾਰਾ 21 ਹਰੇਕ ਨਾਗਰਿਕ ਨੂੰ ਇੱਜ਼ਤ ਨਾਲ ਜਿਊਣ ਦਾ ਹੱਕ ਦਿੰਦੀ ਹੈ ਜਿਸ ਵਿੱਚ ਆਸਰੇ, ਨਿੱਜਤਾ ਤੇ ਸਾਖ ਦੀ ਰਾਖੀ ਦਾ ਹੱਕ ਸ਼ਾਮਿਲ ਹੈ। ਦੇਰ ਨਾਲ ਹੀ ਸਹੀ, ਅਦਾਲਤ ਦਾ ਹੁਕਮ ‘ਬੁਲਡੋਜ਼ਰ ਇਨਸਾਫ਼’ ਉੱਤੇ ਰੋਕ ਲਾਉਂਦਾ ਹੈ, ਸਜ਼ਾ ਦੇਣ ਦਾ ਇਹ ਵਰਤਾਰਾ ਕਾਫ਼ੀ ਬਦਨਾਮੀ ਖੱਟ ਚੁੱਕਾ ਹੈ ਤੇ ਸੰਵਿਧਾਨਕ ਨਿਆਂ ਦੇ ਬੁਨਿਆਦੀ ਸਿਧਾਂਤਾਂ ਦੇ ਪੂਰੀ ਤਰ੍ਹਾਂ ਉਲਟ ਵੀ ਹੈ।

ਤਜਵੀਜ਼ਸ਼ੁਦਾ ਨਿਆਂਇਕ ਦਖ਼ਲ ’ਚ ਅਦਾਲਤ ਨੇ ਦੇਸ਼ ਵਿੱਚ ਕਿਤੇ ਵੀ ਉਸਾਰੀ ਢਾਹੁਣ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕਣ ਲਈ ‘ਦੇਸ਼ ਵਿਆਪੀ’ ਹਦਾਇਤਾਂ ਦਾ ਪ੍ਰਸਤਾਵ ਰੱਖਿਆ ਹੈ ਅਤੇ ਇਸ ਤਰ੍ਹਾਂ ਕਾਨੂੰਨੀ ਖੱਪੇ ਨੂੰ ਭਰਨ ਲਈ ਆਪਣਾ ਸੰਪੂਰਨ ਅਧਿਕਾਰ ਖੇਤਰ ਵਰਤਿਆ ਹੈ। ਸਾਰੇ ਪੱਖਾਂ ਦਾ ਖਿਆਲ ਰੱਖਦਿਆਂ ਅਦਾਲਤ ਨੇ ਫ਼ੈਸਲਾ ਦਿੱਤਾ ਹੈ ਕਿ ਇਹ ਹਦਾਇਤਾਂ ਜਨਤਕ ਥਾਵਾਂ ਜਿਵੇਂ ਸੜਕਾਂ, ਫੁਟਪਾਥ, ਰੇਲ ਪੱਟੜੀਆਂ ਜਾਂ ਕਿਸੇ ਨਦੀ ਜਾਂ ਜਲ ਸਰੋਤ ਉੱਤੇ ਕੀਤੇ ਕਬਜਿ ?ਆਂ ਦੇ ਮਾਮਲਿਆਂ ਵਿੱਚ ਲਾਗੂ ਨਹੀਂ ਹੋਣਗੀਆਂ ਤੇ ਨਾ ਹੀ ਉੱਥੇ ਜਿੱਥੇ ਅਦਾਲਤ ਵੱਲੋਂ ਉਸਾਰੀ ਢਾਹੁਣ ਦਾ ਹੁਕਮ ਦਿੱਤਾ ਗਿਆ ਹੋਵੇ ਚਿੰਤਾਜਨਕ ਹੈ ਕਿ ਸੁਪਰੀਮ ਕੋਰਟ ਨੇ ਉਦੋਂ ਦਖ਼ਲ ਦਿੱਤਾ ਹੈ ਜਦ ਕਈ ਰਾਜਾਂ ਜਿਵੇਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ, ਮਹਾਰਾਸ਼ਟਰ ਤੇ ਦਿੱਲੀ ਵਿੱਚ ਕਈ ਰਿਹਾਇਸ਼ੀ ਤੇ ਕਾਰੋਬਾਰੀ ਇਮਾਰਤਾਂ ਪਹਿਲਾਂ ਹੀ ਗ਼ੈਰ-ਕਾਨੂੰਨੀ ਢੰਗ ਨਾਲ ਢਾਹੀਆਂ ਜਾ ਚੁੱਕੀਆਂ ਹਨ, ਹਾਲਾਂਕਿ ਦੇਖਿਆ ਜਾਵੇ ਤਾਂ ਇਨ੍ਹਾਂ ਸਾਰੀਆਂ ਕਾਰਵਾਈਆਂ ਦਾ ਕਾਨੂੰਨੀ ਤੌਰ ’ਤੇ ਬਚਾਅ ਵੀ ਸੰਭਵ ਨਹੀਂ ਹੈ। ‘ਬੁਲਡੋਜ਼ਰ ਇਨਸਾਫ਼’ ਨੂੰ ਭਾਵੇਂ ਜਾਇਜ਼ ਠਹਿਰਾਉਣ ਦੀਆਂ ਕੋਸ਼ਿਸ਼ਾਂ ਅਜੇ ਵੀ ਹੋ ਰਹੀਆਂ ਹਨ ਪਰ ਕਾਰਜਕਾਰੀ ਸ਼ਕਤੀਆਂ ਨੇ ਆਪਣੀਆਂ ਤਾਕਤਾਂ ਦੀ ਕਠੋਰ ਵਰਤੋਂ ਨਾਲ ਨਾਗਰਿਕਾਂ ਨੂੰ ਉਨ੍ਹਾਂ ਦੇ ਘਰਾਂ ਤੇ ਦੁਕਾਨਾਂ ਤੋਂ ਵਾਂਝੇ ਕਰ ਕੇ ਦੇਸ਼ ਨੂੰ ਸ਼ਰਮਸਾਰ ਕੀਤਾ ਹੈ। ਅਸੀਂ ਖ਼ੁਦ ਨੂੰ ਪੁੱਛਣ ਲਈ ਮਜਬੂਰ ਹੋ ਗਏ ਹਾਂ ਕਿ ਕੀ ਗ਼ਰੀਬਾਂ ਤੇ ਅਮੀਰਾਂ, ਪ੍ਰਾਈਵੇਟ ਵਿਅਕਤੀਆਂ ਤੇ ਸਰਕਾਰੀ ਅਧਿਕਾਰੀਆਂ ਨਾਲ ਬਰਾਬਰ ਵਿਹਾਰ ਹੋ ਰਿਹਾ ਹੈ ਤੇ ਕੀ ਕਿਸੇ ਦਾ ਹੱਕ ਜੋ ਰਾਜ ਪ੍ਰਤੀ ਉਸ ਦੇ ਫ਼ਰਜ਼ਾਂ ਦੇ ਨਾਲੋ-ਨਾਲ ਚੱਲਦਾ ਹੈ, ਕਾਇਮ, ਲਾਗੂ ਤੇ ਬੁਲੰਦ ਹੈ। (ਵਿੰਸਟਨ ਚਰਚਿਲ ਦੇ 1983 ਦੇ ਭਾਸ਼ਣ ਵਿੱਚੋਂ, ਲੋਕਤੰਤਰ ਦੀਆਂ ਲਾਜ਼ਮੀ ਸ਼ਰਤਾਂ ਦੱਸਣਾ)

ਸਪੱਸ਼ਟ ਹੈ ਕਿ ਜਦੋਂ ਤੱਕ ਪੱਖਪਾਤੀ ਸਰਕਾਰੀ ਉਲੰਘਣ ਖਿ ?ਲਾਫ਼ ਸਾਡੇ ਘਰਾਂ ਦੀ ਪਵਿੱਤਰਤਾ ਸਲਾਮਤ ਨਹੀਂ ਹੈ, ਉਦੋਂ ਤੱਕ ਗਾਂਧੀ ਦੇ ਸਵਰਾਜ ਦਾ ਪਸੰਦੀਦਾ ਆਦਰਸ਼ ਅਤੇ ਉਦਾਰਵਾਦੀ ਜਮਹੂਰੀਅਤ ਦਾ ਸੁਫਨਾ ਜਿਸ ਵਿੱਚ ਸ਼ਾਇਦ ਗ਼ਰੀਬ ਤੋਂ ਗ਼ਰੀਬ ਵਿਅਕਤੀ ਵੀ ਆਪਣੀ ਕੁਟੀਆ ’ਚ ਸੱਤਾ ਦੀਆਂ ਸਾਰੀਆਂ ਤਾਕਤਾਂ ਅੱਗੇ ਡਟ ਸਕਦਾ ਹੈ ਅਧੂਰਾ ਹੀ ਰਹੇਗਾ। ਪੱਖਪਾਤੀ, ਬੇਕਾਬੂ, ਗ਼ੈਰ-ਅਨੁਪਾਤਕ ਤੇ ਕਾਨੂੰਨ ਦਾ ਸ਼ਾਸਨ ਭੰਗ ਕਰਨ ਵਾਲਾ ‘ਬੁਲਡੋਜ਼ਰ ਇਨਸਾਫ਼’ ਕਿਸੇ ਵੀ ਸੱਭਿਅਕ ਸਮਾਜ ਲਈ ਸਰਾਪ ਹੈ, ਖ਼ਾਸ ਤੌਰ ’ਤੇ ਅਜਿਹੇ ਮੁਲਕ ਵਿੱਚ ਜਿਸ ਦੀ ਸਿਆਸੀ ਤੇ ਸਮਾਜਿਕ ਚੇਤਨਾ ਦਾ ਰੂਪ ਦਮਨਕਾਰੀ ਬਸਤੀਵਾਦੀ ਸ਼ਾਸਨ ਖਿ ?ਲਾਫ਼ ਆਜ਼ਾਦੀ ਦੇ ਸਖ਼ਤ ਤੇ ਲੰਮੇ ਸੰਘਰਸ਼ ਦੀ ਕਰੜੀ ਪ੍ਰੀਖਿਆ ’ਚੋਂ ਉੱਘੜਿਆ ਹੈ।

ਜਿਸ ਮੁੱਦੇ ਉੱਪਰ ਅਜੇ ਬਹਿਸ ਕੀਤੀ ਜਾਣੀ ਹੈ, ਉਸ ਮੁਤੱਲਕ ਅਦਾਲਤ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ ਬਾਰੇ ਬੇਬਾਕੀ ਨਾਲ ਸੰਵਿਧਾਨਕ ਫ਼ਤਵੇ ਦਾ ਜਵਾਬ ਦੇਵੇ। ਬੁਨਿਆਦੀ ਆਜ਼ਾਦੀਆਂ ਦੀ ਰਾਖੀ ਕਰਨਾ ਇਸ ਦਾ ਫ਼ਰਜ਼ ਹੈ ਜਿਸ ਕਰ ਕੇ ਇਸ ਨੂੰ ਦੇਸ਼ ਦੇ ਨਿਰਲੇਪ ਸਾਲਸ ਵਜੋਂ ਆਪਣੀ ਭੂਮਿਕਾ ਦੀ ਤਸਦੀਕ ਕਰਦਿਆਂ ਭਰੋਸੇਮੰਦ ਨੁਸਖਾ ਪੇਸ਼ ਕਰਨਾ ਚਾਹੀਦਾ ਹੈ ਜਿਸ ਨਾਲ ਆਪਣੇ ਨਾਗਰਿਕਾਂ ਖਿ ?ਲਾਫ਼ ਸਟੇਟ (ਸਰਕਾਰ) ਦੀਆਂ ਜਿ ?ਆਦਤੀਆਂ ਜੇ ਬਿਲਕੁਲ ਨਾ ਵੀ ਖਤਮ ਹੋ ਹੋਣ ਤਾਂ ਵੀ ਘਟ ਜ਼ਰੂਰ ਸਕਣ।

ਉਂਝ, ਹਥਲੇ ਮੁੱਦੇ ਨਾਲ ਵਡੇਰੇ ਸੁਆਲ ਵੀ ਖੜ੍ਹੇ ਹੁੰਦੇ ਹਨ: ਕੀ ਨਾਗਰਿਕਾਂ ਨੂੰ ਕਾਰਜਪਾਲਿਕਾ ਦੀਆਂ ਵਾਰ-ਵਾਰ ਵਧੀਕੀਆਂ ਤੋਂ ਰਾਹਤ ਲੈਣ ਲਈ ਸਰਬਉੱਚ ਅਦਾਲਤ ਕੋਲ ਪਹੁੰਚ ਕਰਨ ਲਈ ਮਜਬੂਰ ਹੋਣਾ ਜ਼ਰੂਰੀ ਹੈ ? ਕੀ ਸੰਵਿਧਾਨਕ ਸਟੇਟ ਕਾਨੂੰਨ ਤੋਂ ਨਾਮਾਲੂਮ ਪ੍ਰਕਿਰਿਆਵਾਂ ਰਾਹੀਂ ਬਦਲੇਖੋਰੀ ਦੀ ਪ੍ਰਵਾਨਗੀ ਦੇ ਸਕਦੀ ਹੈ ਅਤੇ ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਸਣੇ ਮੁਲਜ਼ਮ ਦੇ ਬੇਦੋਸ਼ੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੇ ਸਿਰ ਦੀ ਛੱਤ ਅਤੇ ਰੋਜ਼ੀ ਰੋਟੀ ਦੇ ਸਾਧਨਾਂ ਤੋਂ ਮਹਿਰੂਮ ਕਰਨ ਜਿਹੀ ਸਜ਼ਾ ਦੇ ਸਕਦੀ ਹੈ ?

ਇਹ ਠੀਕ ਹੈ ਕਿ ਅਦਾਲਤਾਂ ਤੋਂ ਆਪਣੇ ਜਿ ?ਮੇ ਲੱਗੇ ਕਾਰਜਾਂ ਦਾ ਨਿਰਬਾਹ ਕਰਨ ਦੀ ਤਵੱਕੋ ਕੀਤੀ ਜਾਂਦੀ ਹੈ ਪਰ ਸੰਸਥਾਈ ਸੀਮਾਵਾਂ ਦੇ ਮੱਦੇਨਜ਼ਰ ਨਿਆਂਪਾਲਿਕਾ ਉੱਪਰ ਨਾਜਾਇਜ਼ ਬੋਝ ਪਾਉਣਾ ਸਹੀ ਨਹੀਂ ਹੋਵੇਗਾ। ਆਖਿ ?ਰਕਾਰ, ਲੋਕਤੰਤਰ ਅਤੇ ਕਾਨੂੰਨ ਦੇ ਰਾਜ ਦੀ ਰਾਖੀ ਭਾਰਤੀ ਰਾਜ ਦੇ ਤਿੰਨੋਂ ਅੰਗਾਂ ਦਾ ਸਮੂਹਿਕ ਭਾਰ ਹੈ ਅਤੇ ਸਮੁੱਚੇ ਰੂਪ ਵਿੱਚ ਲੋਕਾਂ ਦੇ ਅੰਤਮ ਨਿਰਣੇ ਵਿੱਚ ਸਟੇਟ ਦੀਆਂ ਅਨਿਆਂਕਾਰੀ ਕਾਰਵਾਈ ਖਿ ?ਲਾਫ਼ ਸ਼ਾਂਤਮਈ ਜਮਹੂਰੀ ਨਿਸ਼ਚੇ ਦੀ ਉਨ੍ਹਾਂ ਦੀ ਆਪਣੀ ਕਹਾਣੀ ਕੌਣ ਲਿਖੇਗਾ। ਲੋਕ ਸ਼ਕਤੀ ਦੇ ਭੰਡਾਰ ਦੇ ਰੂਪ ਵਿੱਚ ਸਰਕਾਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸਥਾਪਤ ਕਾਨੂੰਨੀ ਵਿਧੀਆਂ ਦੇ ਦਾਇਰੇ ਅੰਦਰ ਆਪਣੇ ਅਖ਼ਤਿਆਰਾਂ ਦੀ ਪ੍ਰਤੱਖ ਫਰਮਾਬਰਦਾਰੀ ਵਜੋਂ ਇਸਤੇਮਾਲ ਕਰੇ ਤਾਂ ਕਿ ਨਾ ਕੇਵਲ ਨਿਆਂ ਕੀਤਾ ਜਾਵੇ ਸਗੋਂ ਇਹ ਨਜ਼ਰ ਵੀ ਆਵੇ ਕਿ ਨਿਆਂ ਕੀਤਾ ਗਿਆ ਹੈ।

ਸਾਨੂੰ ਵਡੇਰੇ ਸੁਆਲ ਨਾਲ ਮੱਥਾ ਲਾਉਣਾ ਪਵੇਗਾ: ਕੀ ਸਾਡੀ ਸਿਆਸਤ ਦੀ ਤੁੱਛਤਾ ਕਿਸੇ ਨਿਆਂਪੂਰਨ ਸਮਾਜ ਦੀ ਸਥਾਪਨਾ ਲਈ ਸਾਜ਼ਗਾਰ ਹੁੰਦੀ ਹੈ ? ਦਰਅਸਲ, ਇਹ ਗੱਲ ਜ਼ਰੂਰੀ ਹੈ ਕਿ ਜ਼ਾਹਰਾ ਅਤੇ ਔਖੇ ਸੁਆਲ ਪੁੱਛੇ ਜਾਣ, ਨਹੀਂ ਤਾਂ ਅਸੀਂ ਇਹ ਭੁੱਲ ਜਾਵਾਂਗੇ ਕਿ ਅਸੀਂ ਕੌਣ ਹਾਂ। ਕੌਮੀ ਸੰਵੇਦਨਾਵਾਂ ਨੂੰ ਵਲੂੰਧਰਿਆ ਹੋਵੇ ਅਤੇ ਪਿਛਾਂਹ ਕੋਈ ਅਸਹਿ ਤੇ ਅਮੁੱਕ ਪੀੜਾ ਰਹਿ ਗਈ ਹੋਵੇ, ਅਜਿਹੀਆਂ ਅਪ੍ਰਵਾਨਯੋਗ ਅਤੇ ਅਣਮਨੁੱਖੀ ਕਾਰਵਾਈਆਂ ਲਈ ਕੋਈ ਖਿਮਾ ਨਹੀਂ ਮੰਗੀ ਜਾ ਸਕਦੀ। ਨਾਇਨਸਾਫ਼ੀ ਅਤੇ ਸੱਤਾ ਦੀ ਦੁਰਵਰਤੋਂ ਦਾ ਖੰਡਨ ਕਰਦੇ ਹੋਏ ਜਸਟਿਸ ਬੀਆਰ ਗਵਈ ਅਤੇ ਕੇਵੀ ਵਿਸ਼ਵਨਾਥਨ ਨੇ ਆਪਣੇ ਉੱਚ ਅਹੁਦਿਆਂ ਦੇ ਹਲਫ਼ ਨੂੰ ਇੱਕ ਵਾਰ ਫਿਰ ਦ੍ਰਿੜਾਇਆ ਹੈ। ਜ਼ਮਾਨਤ ਅਤੇ ਬੁਲਡੋਜ਼ਰ ਇਨਸਾਫ਼ ਬਾਰੇ ਉਨ੍ਹਾਂ ਦੇ ਮਿਸਾਲੀ ਫ਼ੈਸਲੇ ਵਿਚ ਜੱਜਾਂ ਨੇ ਉੱਘੇ ਇਤਿਹਾਸਕਾਰ ਆਰਨੋਲਡ ਟੌਇਨਬੀ ਦੇ ਇਸ ਵਿਚਾਰ ਦੀ ਸ਼ਾਹਦੀ ਭਰੀ ਹੈ ਕਿ ਮਨੁੱਖੀ ਸਭਿਅਤਾ ਦਾ ਇਤਿਹਾਸ ਇਹ ਦੱਸਦਾ ਹੈ ਕਿ ਸਭਿਅਤਾਵਾਂ ਦੁਨੀਆ ਦੀ ਨਕਸ਼ ਨੁਹਾਰ ਘੜਨ ਵਾਲੀਆਂ ਚੁਣੌਤੀਆਂ ਨੂੰ ਕਿਵੇਂ ਜਵਾਬ ਦਿੰਦੀਆਂ ਹਨ। ਬੁਲਡੋਜ਼ਰ ਇਨਸਾਫ਼ ਦੀ ਤਰਾਸਦੀ ਅਤੇ ਅਦਾਲਤ ਦੀ ਕਾਰਵਾਈ ਨਿਰਸੰਦੇਹ ਭਾਰਤ ਦੇ ਲੋਕਤੰਤਰ ਦੇ ਭਵਿੱਖ ਦੇ ਅਗਲੇ ਰਾਹ ਨੂੰ ਪਰਿਭਾਸ਼ਤ ਕਰਨਗੀਆਂ।

# ਜ਼ਿਲ੍ਹਾ ਪੱਧਰੀ ਖੇਡਾਂ ’ਚ ਨੌਜਵਾਨਾਂ ’ਚ ਭਾਰੀ ਉਤਸਾਹ : ਜ਼ਿਲ੍ਹਾ ਖੇਡ ਅ.ਫਸਰ ਲੁਧਿਆਣਾ

**ਲੁਧਿਆਣਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਖੇਡ ਅਫ਼ਸਰ ਲੁਧਿਆਣਾ ਕੁਲਦੀਪ ਚੁੱਘ ਵੱਲੋ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜ਼ਿਲ੍ਹਾ ਪੱਧਰ ’ਤੇ ਖੇਡ ਮੁਕਾਬਲਿਆਂ ਦੀਆਂ 24 ਖੇਡਾਂ ਦੇ ਤੈਅਸੁਦਾ ਸਡਿਊਲ ਅਨੁਸਾਰ ਬਾਸਕਟਬਾਲ, ਸਾਫਟਬਾਲ, ਚੈੱਸ, ਕਿੱਕ ਬਾਕਸਿੰਗ, ਨੈੱਟਬਾਲ, ਲਾਅਨ ਟੈਨਿਸ, ਬੈਡਮਿੰਟਨ, ਪਾਵਰ ਲਿਫਟਿੰਗ ਅਤੇ ਵੇਟਲਿਫਟਿੰਗ, ਐਥਲੈਟਿਕਸ, ਹਾਕੀ, ਹੈਂਡਬਾਲ, ਫੁੱਟਬਾਲ, ਖੋ-ਖੋ, ਜੂਡੋ, ਕਬੱਡੀ ਅਤੇ ਵਾਲੀਬਾਲ ਸਮੈਸਿੰਗ ਦੇ ਕਰਵਾਏ ਜਾ ਰਹੇ ਹਨ।

ਜ਼ਿਲ੍ਹਾ ਖੇਡ ਅਫ਼ਸਰ ਲੁਧਿਆਣਾ ਕੁਲਦੀਪ ਚੁੱਘ ਵੱਲੋ ਅੱਜ ਦੇ ਨਤੀਜਿਆਂ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਬੱਡੀ ਨੈਸਨਲ ਸਟਾਈਲ ਦੇ ਮਲਟੀਪਰਪਜ ਹਾਲ ਵਿਖੇ ਹੋਏ ਲੜਕਿਆਂ ਦੇ ਅੰ14 ਦੇ ਮੁਕਾਬਲਿਆਂ ਵਿੱਚ - ਪੱਖੋਵਾਲ ਦੀ ਟੀਮ ਨੇ ਰਾਏਕੋਟ ਦੀ ਟੀਮ ਨੂੰ 23-6 ਦੇ ਫਰਕ ਨਾਲ, ਕ੍ਰੀੜਾ ਭਾਰਤੀ ਸਕੂਲ ਦੀ ਟੀਮ ਨੇ ਸਾਹਨੇਵਾਲ ਖੁਰਦ ਦੀ ਟੀਮ ਨੂੰ 32-5 ਦੇ ਫਰਕ ਨਾਲ, ਇੰਡੋ ਕਨੇਡੀਅਨ ਸਕੂਲ ਦੀ ਟੀਮ ਨੇ ਸਿਵਾਲਿਕ ਸਕੂਲ ਦੀ ਟੀਮ ਨੂੰ 39-22 ਦੇ ਫਰਕ ਨਾਲ ਅਤੇ ਪੱਖੋਵਾਲ ਦੀ ਟੀਮ ਨੇ ਇੰਡੀਅਨ ਪਬਲਿਕ ਸਕੂਲ ਨੂੰ 17-4 ਦੇ ਫਰਕ ਨਾਲ ਹਰਾਇਆ। ਅੰ17 ਲੜਕਿਆਂ ਦੇ ਮੁਕਾਬਲਿਆਂ ਵਿੱਚ ਖੰਨਾ ਦੀ ਟੀਮ ਨੇ ਸਾਹਨੇਵਾਲ ਖੁਰਦ ਦੀ ਟੀਮ ਨੂੰ 19-3 ਦੇ ਫਰਕ ਨਾਲ, ਪੱਖੋਵਾਲ ਦੀ ਟੀਮ ਨੇ ਜਗਰਾਉਂ ਦੀ ਟੀਮ ਨੂੰ 26-19 ਦੇ ਫਰਕ ਨਾਲ, ਪਿੰਡ ਰਣੀਆਂ ਦੀ ਟੀਮ ਨੇ ਲੁਧਿਆਣਾ 2 ਦੀ ਟੀਮ ਨੂੰ 26-7 ਦੇ ਫਰਕ ਨਾਲ ਹਰਾਇਆ।

ਜੂਡੋ - ਮਲਟੀਪਰਪਜ ਹਾਲ ਵਿਖੇ ਹੋਏ ਅੰ14 ਲੜਕੀਆਂ ਦੇ ਮੁਕਾਬਲਿਆਂ ਵਿੱਚ -28 ਕਿਲਗ੍ਰਾਮ ਵਿੱਚ - ਰਿਸੂ (ਮਾਧੋਪੁਰੀ) ਨੇ ਪਹਿਲਾ, ਮਦਲਾਸਾ (ਡੀ.ਏ.ਵੀ ਸਕੂਲ ਪੱਖੋਵਾਲ) ਨੇ ਦੂਜਾ, ਅੰਜੂ (ਜਮਾਲਪੁਰ) ਅਤੇ ਮੱਧੂ (ਜਮਾਲਪੁਰ ) ਨੇ ਤੀਜਾ ਸਥਾਨ; -32 ਕਿਲੋਗ੍ਰਾਮ ਵਿੱਚ - ਡਿੰਪਲ (ਜਮਾਲਪੁਰ) ਨੇ ਪਹਿਲਾ, ਆਯੂਸੀ ਨੇ ਦੂਜਾ, ਰਿਤਿਕਾ ਅਤੇ ਸਹਿਜਪ੍ਰੀਤ ਕੌਰ ਨੇ ਤੀਜਾ ਸਥਾਨ; -36 ਕਿਲੋਗ੍ਰਾਮ ਵਿੱਚ - ਨਮਨ (ਪੀ.ਏ.ਯੂ) ਨੇ ਪਹਿਲਾ, ਅਮੀਨਾ (ਮਾਧੋਪੁਰੀ) ਨੇ ਦੂਜਾ, ਖੁਸੀ (ਆਦਰਸ ਪਬਲਿਕ ਸਕੂਲ) ਅਤੇ ਹੇਜਲ (ਡੀ.ਏ.ਵੀ ਸਕੂਲ ਪੱਖੋਵਾਲ) ਨੇ ਤੀਜਾ ਸਥਾਨ; - 40 ਕਿਲੋਗ੍ਰਾਮ ਵਿੱਚ - ਨਵਰੂਪ (ਬੀ.ਵੀ.ਐਮ ਸਕੂਲ ਊਧਮ ਸਿੰਘ ਨਗਰ) ਨੇ ਪਹਿਲਾ, ਪਾਰੂਲ ਨੇਗੀ (ਐਵਰੈਸਟ ਸਕੂਲ) ਨੇ ਦੂਜਾ, ਮੁਸਕਾਨ ਅਤੇ ਅਸੀਰਾ ਨੇ ਤੀਜਾ ਸਥਾਨ; -44 ਕਿਲੋਗ੍ਰਾਮ ਵਿੱਚ - ਕ੍ਰਿਸਨਾ (ਡੀ.ਏ.ਵੀ ਸਕੂਲ) ਨੇ ਪਹਿਲਾ, ਹਿਤਵੀ ਨੇ ਦੂਜਾ, ਕ੍ਰਿਸਮਾ ਅਤੇ ਪੁਸਪਪੰਜਲੀ (ਐਵਰੈਸਟ ਸਕੂਲ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਹੈਂਡਬਾਲ ਲੜਕਿਆਂ ਦੇ ਪੀ.ਏ.ਯੂ ਵਿਖੇ ਹੋਏ ਮੁਕਾਬਲਿਆਂ ਵਿੱਚ - ਅੰ14 ਗਰੁੱਪ ਵਿੱਚ - ਬੀ.ਵੀ.ਐਮ ਸਕੂਲ ਊਧਮ ਸਿੰਘ ਨਗਰ ਦੀ ਟੀਮ ਨੇ ਡੀ.ਏ.ਵੀ ਪੱਖੋਵਾਲ ਦੀ ਟੀਮ ਨੂੰ 3-2 ਦੇ ਫਰਕ ਨਾਲ, ਜੀ.ਏ.ਡੀ ਸਕੂਲ ਦੀ ਟੀਮ ਨੇ ਜੀ.ਏ.ਡੀ ਕਲੱਬ ਦੀ ਟੀਮ ਦੀ ਟੀਮ ਨੂੰ 10-0 ਦੇ ਫਰਕ ਨਾਲ, ਬੀ.ਵੀ.ਐਮ ਕਲੱਬ ਨੇ ਆਈ.ਪੀ.ਐਸ. ਨੂੰ 6-0 ਦੇ ਫਰਕ ਨਾਲ ਅਤੇ ਸਮਰਾਲਾ ਕਿੰਡਰ ਗਾਰਡਨ ਦੀ ਟੀਮ ਨੇ ਗੁਰੂ ਨਾਨਕ ਇੰਟਰਨੈਸਨਲ ਪਬਲਿਕ ਸਕੂਲ ਦੀ ਟੀਮ ਨੂੰ 10-9 ਦੇ ਫਰਕ ਨਾਲ ਹਰਾਇਆ। ਅੰ17 ਦੇ ਮੁਕਾਬਲਿਆਂ ਵਿੱਚ - ਜੀ.ਏ.ਡੀ ਸਕੂਲ ਦੀ ਟੀਮ ਨੇ ਸਮਰਾਲਾ ਦੀ ਟੀਮ ਨੂੰ 7-4 ਦੇ ਫਰਕ ਨਾਲ, ਆਈ.ਪੀ.ਐਸ. ਸਕੂਲ ਦੀ ਟੀਮ ਨੇ ਬੀ.ਵੀ.ਐਮ ਸਕੂਲ ਊਧਮ ਸਿੰਘ ਨਗਰ ਦੀ ਟੀਮ ਨੂੰ 6-5 ਦੇ ਫਰਕ ਨਾਲ, ਸਰਕਾਰੀ ਸਕੂਲ ਜਵੱਦੀ ਦੀ ਟੀਮ ਨੇ ਡੀ.ਏ.ਵੀ ਸਕੂਲ ਪੱਖੋਵਾਲ ਦੀ ਟੀਮ ਨੂੰ 7-3 ਦੇ ਫਰਕ ਨਾਲ ਹਰਾਇਆ। ਅੰ21 ਲੜਕਿਆਂ ਦੇ ਮੁਕਾਬਲਿਆਂ ਵਿੱਚ - ਆਈ.ਪੀ.ਐਸ. ਸਕੂਲ ਦੀ ਟੀਮ ਨੇ ਯੂਨੀਵਰਸਿਟੀ ਕਲੱਬ ਨੂੰ 5-2 ਦੇ ਫਰਕ ਨਾਲ ਅਤੇ ਭੂੰਦੜੀ ਦੀ ਟੀਮ ਨੇ ਜੇ.ਐਨ.ਵੀ ਕਲੱਬ ਦੀ ਟੀਮ ਨੂੰ 15-12 ਦੇ ਫਰਕ ਨਾਲ ਹਰਾਇਆ।

ਐਥਲੈਟਿਕਸ ਲੜਕਿਆਂ ਦੇ ਮੁਕਾਬਲਿਆਂ ਵਿੱਚ -ਅੰਡਰ-14 ਵਿੱਚ -ਲੰਮੀ ਛਾਲ ਵਿੱਚ - ਜਸਕੰਵਰ ਸਿੰਘ ਨੇ ਪਹਿਲਾ, ਸਯਮ ਨੇ ਦੂਜਾ ਅਤੇ ਹਰਸਿਮਰ ਨੇ ਤੀਜਾ ਸਥਾਨ; 60 ਮੀਟਰ ਵਿੱਚ - ਗੈਵੀ ਰੱਤਾ ਨੇ ਪਹਿਲਾ, ਸਕਸਮ ਆਨੰਦ ਨੇ ਦੂਜਾ ਅਤੇ ਸਯਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਐ17 ਲੜਕਿਆਂ ਦੇ ਮੁਕਾਬਲਿਆਂ ਵਿੱਚ - 100 ਮੀਟਰ ਵਿੱਚ - ਜਸਕਰਨ ਸਿੰਘ ਨੇ ਪਹਿਲਾ, ਉਤਕਰਸ ਨੇ ਦੂਜਾ, ਅਨਮੋਲਪ੍ਰੀਤ ਸਿੰਘ ਅਤੇ ਨਮਨ ਨੇ ਤੀਜਾ ਸਥਾਨ; ਸਾਟਪੁੱਟ ਵਿੱਚ - ਰਣਵਿਜੈ ਸਿੰਘ ਬੁੱਟਰ ਨੇ ਪਹਿਲਾ, ਗੁਰਮਨਜੋਤ ਸਿੰਘ ਰੰਧਾਵਾ ਨੇ ਦੂਜਾ ਅਤੇ ਜੋਬਨਪ੍ਰੀਤ ਸਿੰਘ ਨੇ ਤੀਜਾ ਸਥਾਨ; ਲੰਮੀ ਛਾਲ ਵਿੱਚ - ਗਗਨਦੀਪ ਸਿੰਘ ਨੇ ਪਹਿਲਾ, ਸੁਲੇਸ ਨੇ ਦੂਜਾ, ਪ੍ਰਵੀਨ ਅਤੇ ਗੌਤਮ ਨੇ ਤੀਜਾ ਸਥਾਨ; 1500 ਮੀਟਰ - ਸੁਖਵੀਰ ਸਿੰਘ ਨੇ ਪਹਿਲਾ, ਅੰਕਿਤ ਕੁਮਾਰ ਨੇ ਦੂਜਾ ਅਤੇ ਪ੍ਰੀਤ ਕੁਮਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਅੰ21 ਦੇ ਮੁਕਾਬਲਿਆਂ ਵਿੱਚ - 100 ਮੀਟਰ ਵਿੱਚ - ਲਵਜੀਤ ਸਿੰਘ ਨੇ ਪਹਿਲਾ, ਆਦਰਸ ਕੁਮਾਰ ਸਿੰਘ ਨੇ ਦੂਜਾ, ਰਾਜਵੰਸ ਸਿੰਘ ਅਤੇ ਕਾਰਤਿਕ ਸਰਮਾ ਨੇ ਤੀਜਾ ਸਥਾਨ; 400 ਮੀਟਰ ਵਿੱਚ - ਵਿਸਵਪ੍ਰਤਾਪ ਸਿੰਘ ਨੇ ਪਹਿਲਾ, ਸਿਵਰਾਜ ਨੇ ਦੂਜਾ, ਸੁਖਵੀਰ ਸਿੰਘ ਅਤੇ ਦਕਸ ਨੇ ਤੀਜਾ ਸਥਾਨ; ਸਾਟਪੁੱਟ ਵਿੱਚ - ਰਵਿੰਦਰ ਸਿੰਘ ਨੇ ਪਹਿਲਾ, ਕੁਲਰਾਜ ਸਿੰਘ ਨੇ ਦੂਜਾ ਅਤੇ ਗੁਰਸਰਨ ਸਿੰਘ ਨੇ ਤੀਜਾ ਸਥਾਨ; ਲੰਮੀ ਛਾਲ ਵਿੱਚ - ਵਿਜੈ ਕੁਮਾਰ ਨੇ ਪਹਿਲਾ, ਅਮਨਪ੍ਰੀਤ ਸਿੰਘ ਨੇ ਦੂਜਾ, ਬਲਜੀਤ ਸਿੰਘ ਅਤੇ ਆਨੰਦ ਯਾਦਵ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

21-30 ਗਰੁੱਪ ਵਿੱਚ - 100 ਮੀਟਰ ਵਿੱਚ - ਆਰੀਅਨ ਭੰਡਾਰੀ ਨੇ ਪਹਿਲਾ, ਮਨਦੀਪ ਸਿੰਘ ਨੇ ਦੂਜਾ, ਗੁਰਦੀਪ ਸਿੰਘ ਅਤੇ ਕਰਨਜੋਤ ਸਿੰਘ ਨੇ ਤੀਜਾ ਸਥਾਨ; 400 ਮੀਟਰ ਵਿੱਚ - ਜਸਨਦੀਪ ਸਿੰਘ ਨੇ ਪਹਿਲਾ, ਰਾਜਬੀਰ ਸਿੰਘ ਨੇ ਦੂਜਾ ਅਤੇ ਅੰਗਪਾਲ ਸਿੰਘ ਨੇ ਤੀਜਾ ਸਥਾਨ ; ਲੰਮੀ ਛਾਲ ਵਿੱਚ - ਹਰਪਾਲ ਸਿੰਘ ਨੇ ਪਹਿਲਾ, ਹਰਸਿਤ ਤਿਵਾੜੀ ਨੇ ਦੂਜਾ, ਜਸਨਪ੍ਰੀਤ ਸਿੰਘ ਅਤੇ ਪ੍ਰਭਜੋਤ ਸਿੰਘ ਨੇ ਤੀਜਾ ਸਥਾਨ; 1500 ਮੀਟਰ ਵਿੱਚ - ਰਣਜੋਤ ਸਿੰਘ ਨੇ ਪਹਿਲਾ, ਸੁਸਾਂਤ ਸਿੰਘ ਨੇ ਦੂਜਾ ਅਤੇ ਮਨਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਹਾਕੀ ਦੇ ਪੀ.ਏ.ਯੂ ਲੁਧਿਆਣਾ ਵਿਖੇ ਹੋਏ ਅੰ17 ਲੜਕਿਆਂ ਦੇ ਸੈਮੀਫਾਈਨਲ ਮੈਚਾਂ ਵਿੱਚ - ਚਚਰਾੜੀ ਦੀ ਟੀਮ ਨੇ ਸਮਰਾਲਾ ਦੀ ਟੀਮ ਨੂੰ 5-0 ਦੇ ਫਰਕ ਨਾਲ, ਜਰਖੜ ਦੀ ਟੀਮ ਨੇ ਘੱਵਦੀ ਦੀ ਟੀਮ ਨੂੰ 2-1 ਦੇ ਫਰਕ ਨਾਲ ਅਤੇ ਰਾਮਪੁਰ ਦੀ ਟੀਮ ਨੇ ਹੇਰਾਂ ਦੀ ਟੀਮ ਨੂੰ 4-3 ਦੇ ਫਰਕ ਨਾਲ ਹਰਾਇਆ।

ਫੁੱਟਬਾਲ ਅੰ14 ਲੜਕਿਆਂ ਦੇ ਪੀ.ਏ.ਯੂ ਵਿਖੇ ਹੋਏ ਮੁਕਾਬਲਿਆਂ ਵਿੱਚ - ਮਾਛੀਵਾੜਾ ਏ ਦੀ ਟੀਮ ਨੇ ਮਲੌਦ ਏ ਦੀ ਟੀਮ ਨੂੰ 2-0 ਦੇ ਫਰਕ ਨਾਲ, ਦੋਰਾਹਾ ਬੀ ਟੀਮ ਨੇ ਰਾਏਕੋਟ ਦੀ ਟੀਮ ਨੂੰ 1-0 ਦੇ ਫਰਕ ਨਾਲ, ਲੁਧਿਆਣਾ-1 ਏ ਦੀ ਟੀਮ ਨੇ ਪੱਖੋਵਾਲ ਦੀ ਟੀਮ ਨੂੰ 2-0 ਦੇ ਫਰਕ ਨਾਲ, ਖੰਨਾ ਏ ਦੀ ਟੀਮ ਨੇ ਲੁਧਿਆਣਾ-2 ਏ ਦੀ ਟੀਮ ਨੂੰ 3-2 ਦੇ ਫਰਕ ਨਾਲ, ਮਾਛੀਵਾੜਾ ਏ ਟੀਮ ਨੇ ਦੋਰਾਹਾ ਬੀ ਟੀਮ ਨੂੰ 1-0 ਦੇ ਫਰਕ ਨਾਲ ,ਖੰਨਾ ਬੀ ਟੀਮ ਨੇ ਮਿਊਸੀਪਲ ਕਾਰਪੋਰੇਸਨ ਦੀ ਟੀਮ ਨੂੰ 2-0 ਦੇ ਫਰਕ ਨਾਲ, ਦੋਰਾਹਾ ਏ ਟੀਮ ਨੇ ਜਗਰਾਉ ਏ ਟੀਮ ਨੂੰ 2-0 ਦੇ ਫਰਕ ਨਾਲ, ਪੱਖੋਵਾਲ ਬੀ ਟੀਮ ਨੇ ਸਮਰਾਲਾ ਏ ਟੀਮ ਨੂੰ 2-0 ਦੇ ਫਰਕ ਨਾਲ ਹਰਾਇਆ।

# ਪੰਜਾਬ ਸਰਕਾਰ ਵੱਲੋਂ ਮਿਆਰੀ ਸਿਹਤ ਸਹੂਲਤਾਂ ਦੇ ਵਾਧੇ ਅਧੀਨ ਸੀ.ਐਚ.ਸੀ ਗੋਨਿਆਣਾ ਮੰਡੀ ਵਿਖੇ ਨਵੇਂ ਬਣੇ ਡਾਇਲਸਿਸ ਵਾਰਡ ਦੀ ਕੀਤੀ ਸਥਾਪਨਾ

**ਬਠਿੰਡਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਪੱਧਰ ਦੀਆਂ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ।

ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਵੱਖ ਵੱਖ ਤਰ੍ਹਾਂ ਦੀ ਸਿਹਤ ਸਹੂਲਤਾਂ ਵਿੱਚ ਦਿਨ ਪ੍ਰਤੀ ਦਿਨ ਵਾਧਾ ਕਰ ਰਹੀ ਹੈ। ਹੰਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਸੀ.ਐਚ.ਸੀ ਗੋਨਿਆਣਾ ਮੰਡੀ ਵਿਖੇ ਅਧੁਨਿਕ ਸਹੂਲਤਾਂ ਨਾਲ ਲੈੱਸ ਡਾਇਲਸਿਸ ਸੈਂਟਰ ਸਥਾਪਿਤ ਕੀਤਾ ਗਿਆ ਹੈ। ਜਿਸ ਦਾ ਅੱਜ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਦੁਆਰਾ ਵਰਚੂਅਲ ਮਾਧਿਅਮ ਅਤੇ ਐਮ.ਐਲ.ਏ ਭੁੱਚੋ ਮਾਸਟਰ ਜਗਸੀਰ ਸਿੰਘ ਨੇ ਉਦਘਾਟਨ ਕੀਤਾ। ਇਸ ਮੌਕੇ ਕਾਰਜਕਾਰੀ ਸਿਵਲ ਸਰਜਨ ਬਠਿੰਡਾ ਡਾ ਰਮਨਦੀਪ ਸਿੰਘ ਸਿੰਗਲਾ, ਸੀਨੀਅਰ ਮੈਡੀਕਲ ਅਫ਼ਸਰ ਸੀ.ਐਚ.ਸੀ ਗੋਨਿਆਣਾ ਮੰਡੀ ਡਾ ਧੀਰਾ ਗੁਪਤਾ, ਡਿਪਟੀ ਮਾਸ ਮੀਡੀਆ ਅਫ਼ਸਰ ਮਲਕੀਤ ਕੌਰ, ਬੀ.ਈ.ਈ ਗਗਨਦੀਪ ਸਿੰਘ ਭੁੱਲਰ, ਬੀ.ਈ.ਈ ਮਹੇਸ਼ ਸਰਮਾ, ਯੂਨਿਟ ਦੇ ਇੰਚਾਰਜ ਡਾਕਟਰ ਨਿਖਿਲ ਭਾਰਦਵਾਜ, ਸੀਨੀਅਰ ਤਕਨੀਸ਼ੀਅਨ ਜਸ਼ਨ ਕੁਮਾਰ, ਚੀਫ ਫਾਰਮੇਸੀ ਅਫ਼ਸਰ ਅੱਪਰਤੇਜ਼ ਕੌਰ, ਫਾਰਮੇਸੀ ਅਫ਼ਸਰ ਸੰਦੀਪ ਕੁਮਾਰ, ਬੀ.ਐਸ.ਏ ਬਲਜਿੰਦਰ ਸਿੰਘ, ਦਫ਼ਤਰ ਕਲਰਕ ਪੁਨੀਤ ਸ਼ਰਮਾ, ਕੰਪਿਊਟਰ ਆਪਰੇਟਰ ਮੋਹਣ ਸਿੰਘ ਸਮੇਤ ਸਮੂਹ ਸਟਾਫ਼ ਮੈਂਬਰ, ਮਿਊਸੀਪਲ ਕਮੇਟੀ ਪ੍ਰਧਾਨ ਕਸ਼ਮੀਰੀ ਲਾਲ ਗਰਗ ਅਤੇ ਹੋਰ ਸਿਵਲ ਅਤੇ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ। ਇਸ ਸਮੇਂ ਐਮ.ਐਲ.ਏ ਮਾਸਟਰ ਜਗਸੀਰ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਡਾਇਲਸਿਸ ਸੈਂਟਰ ਵਿੱਚ 3 ਅਧੁਨਿਕ ਮਸ਼ੀਨਾਂ ਸਥਾਪਿਤ ਕੀਤੀਆਂ ਗਈਆਂ ਹਨ। ਇਸ ਸੈਂਟਰ ਵਿੱਚ ਮਰੀਜਾਂ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ। ਕਾਰਜਕਾਰੀ ਸਿਵਲ ਸਰਜਨ ਡਾ ਰਮਨਦੀਪ ਸਿੰਗਲਾ ਨੇ ਜਾਣਕਾਰੀ ਦਿੰਦਿਆ ਦੱਸਿਆ ਮੁੱਖ ਮੰਤਰੀ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਦੀ ਰਜਿਸ਼ਟ੍ਰੇਸ਼ਨ ਮੌਕੇ ਤੇ ਹੀ ਕੀਤੀ ਜਾਵੇਗੀ। ਡਾਇਲਸਿਸ ਸੈਂਟਰ ਵਿੱਚ ਐਲ.ਈ.ਡੀਜ਼. ਤੋਂ ਇਲਾਵਾ ਹੋਰ ਵੀ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਨਾਲ ਸੀ.ਐਚ.ਸੀ ਦੀਆਂ ਸਿਹਤ ਸਹੂਲਤਾਂ ਵਿੱਚ ਵੱਡੀ ਕ੍ਰਾਂਤੀ ਆਵੇਗੀ । ਇਹ ਸੈਂਟਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਮਰੀਜਾਂ ਨੂੰ ਮੁਫਤ ਡਾਇਲਸਿਸ ਸਹੂਲਤਾਂ ਮਹੱਈਆ ਕਰਵਾਇਆ ਕਰੇਗਾ । ਇਸ ਮੌਕੇ ਐਮ.ਐਲ.ਏ ਮਾਸਟਰ ਜਗਸੀਰ ਨੇ ਸਿਵਲ ਸਰਜਨ ਬਠਿੰਡਾ ਅਤੇ ਸੀਨੀਅਰ ਮੈਡਕਲ ਅਫ਼ਸਰ ਗੋਨਿਆਣਾ ਮੰਡੀ ਡਾ ਧੀਰਾ ਗੁਪਤਾ ਦੇ ਆਪਸੀ ਸਹਿਯੋਗ ਨਾਲ ਇਸ ਕਾਰਜ ਨੂੰ ਸ਼ਫ਼ਲਤਾਪੂਰਵਕ ਨੇਪਰੇ ਚਾੜਣ ਲਈ ਸਲਾਘਾ ਕੀਤੀ। ਡਾ ਰਮਨਦੀਪ ਸਿੰਗਲਾ ਕਾਰਜਕਾਰੀ ਸਿਵਲ ਸਰਜਨ ਨੇ ਮੀਡੀਆ, ਸਮਾਜ ਸੇਵੀ ਸੰਸਥਾਵਾਂ ਅਤੇ ਸਿਹਤ ਵਿਭਾਗ ਨੂੰ ਅਪੀਲ ਕੀਤੀ ਕਿ ਇਸ ਸੈਂਟਰ ਬਾਰੇ ਆਮ ਲੋਕਾਂ ਵਿੱਚ ਵੱਧ ਤੋਂ ਵੱਧ ਪ੍ਰਚਾਰ ਕਰਨ ਤਾਂ ਜ਼ੋ ਆਮ ਲੋਕਾਂ ਨੂੰ ਇਸ ਦਾ ਫਾਇਦਾ ਉਠਾ ਸਕਣ।

# ਕਿਸਾਨਾਂ ਵੱਲੋਂ ਨਕਲੀ ਖਾਦਾਂ ਦੀ ਵਿਕਰੀ ਰੋਕਣ ਲਈ ਡੀਸੀ ਦਫ਼ਤਰਾਂ ਅੱਗੇ ਮੁਜ਼ਾਹਰੇ

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਏਪੀ ਸਮੇਤ ਸਾਰੀਆਂ ਹੀ ਖਾਦਾਂ ਦੀ ਸਹਿਕਾਰੀ ਖੇਤਰਾਂ ਰਾਹੀਂ ਵੰਡ ਅਤੇ ਖਾਦਾਂ ਦੀ ਕਾਲਾਬਾਜ਼ਾਰੀ ਰੋਕਣ ਦੀ ਮੰਗ ਲਈ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਅੱਗੇ ਪ੍ਰਦਸ਼ਨ ਕੀਤੇ ਗਿਆ। ਇਸ ਦੌਰਾਨ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਵੀ ਭੇਜਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ‘ਆਪ’ ਦੇ ਰਾਜ ਅੰਦਰ ਨਕਲੀ ਖਾਦਾਂ ਦੀ ਵਿਕਰੀ ਅਤੇ ਹੋਰ ਢੰਗਾਂ ਰਾਹੀਂ ਹੋ ਰਹੀ ਕਿਸਾਨਾਂ ਦੀ ਲੁੱਟ ਨੂੰ ਰੋਕਿਆ ਜਾਵੇ। ਯੂਨੀਅਨ ਦੇ ਜਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਬਰਾਸ ਦੀ ਅਗਵਾਈ ਹੇਠਾਂ ਜ਼ਿਲ੍ਹਾ ਪੱਧਰ ’ਤੇ ਕੀਤੇ ਗਏ ਇਸ ਰੋਸ ਪ੍ਰਦਰਸ਼ਨ ਦੌਰਾਨ ਅਮਰੀਕ ਸਿੰਘ ਘੱਗਾ, ਰਜਿੰਦਰ ਕਕਰਾਲਾ, ਹਰਜਿੰਦਰ ਗੱਜੂਮਾਜਰਾ, ਜਸਵਿੰਦਰ ਸਾਲੂਵਾਲ, ਭਰਪੂਰ ਸਿੰਘ ਗਾਜੇਵਾਸ, ਗੁਰਵੀਰ ਸਿੰਘ ਨੰਦਪੁਰ ਕੇਸ਼ੋ, ਜਗਮੇਲ ਗਾਜੇਵਾਸ ਤੇ ਬਲਰਾਜ ਜੋਸ਼ੀ ਆਦਿ ਕਿਸਾਨ ਆਗੂ ਵੀ ਮੌਜੂਦ ਰਹੇ। ਬੁਲਾਰਿਆਂ ਦਾ ਕਹਿਣਾ ਸੀ ਕਿ ਨਕਲੀ ਖਾਦਾਂ ਦੀ ਵਿਕਰੀ ਸ਼ਰੇਆਮ ਹੋ ਰਹੀ ਹੈ ਜਿਸ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ। ਉਨ੍ਹਾਂ ਕਿਹਾ ਕਿ ਉਤਪਾਦਕ ਕੰਪਨੀਆਂ ਅਤੇ ਡੀਲਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।



ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ ਅਤੇ ਬੀਬੀਆਂ ਵੱਲੋਂ ਅਨਾਜ ਮੰਡੀ ਵਿਚ ਰੋਸ ਰੈਲੀ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਰੋਸ ਮਾਰਚ ਕੀਤਾ ਗਿਆ ਅਤੇ ਕਿਸਾਨੀ ਮੰਗਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਡੀਸੀ ਦਫ਼ਤਰ ਅੱਗੇ ਆਵਾਜਾਈ ਠੱਪ ਕਰ ਕੇ ਰੋਸ ਪ੍ਰਦਰਸ਼ਨ ਕਰਦਿਆਂ ਉਪ ਮੰਡਲ ਮੈਜਿਸਟ੍ਰੇਟ ਚਰਨਜੋਤ ਸਿੰਘ ਵਾਲੀਆ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਸੌਂਪਿਆ। ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਅਤੇ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਦੀ ਅਗਵਾਈ ਹੇਠ ਵੱਡੀ ਤਾਦਾਦ ’ਚ ਇਕੱਠੇ ਹੋਏ ਕਿਸਾਨ ਤੇ ਬੀਬੀਆਂ ਨੇ ਸਥਾਨਕ ਅਨਾਜ ਮੰਡੀ ਵਿਚ ਰੋਸ ਰੈਲੀ ਕੀਤੀ। ਬਾਅਦ ਦੁਪਹਿਰ ਵੱਡੇ ਕਾਫ਼ਲੇ ਦੇ ਰੂਪ ਵਿਚ ਰੋਸ ਮਾਰਚ ਕਰਦਿਆਂ ਡੀਸੀ ਦਫ਼ਤਰ ਅੱਗੇ ਪੁੱਜੇ। ਇਸ ਮੌਕੇ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਅਤੇ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਕਿਹਾ ਕਿ ਪੰਜਾਬ ਵਿਚ ਨਕਲੀ ਖਾਦਾਂ ਦੀ ਵਿਕਰੀ ਅਤੇ ਹੋਰ ਢੰਗਾਂ ਰਾਹੀਂ ਕਿਸਾਨਾਂ ਦੀ ਲੁੱਟ ਹੋ ਰਹੀ ਹੈ। ਪੰਜਾਬ ਅੰਦਰ ਡੀਏਪੀ ਖਾਦ ਦੀ ਕਿੱਲਤ ਹੈ ਜਿਸ ਕਾਰਨ ਕਿਸਾਨਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਨਕਲੀ ਖਾਦਾਂ ਦੀ ਵਿਕਰੀ ਤੁਰੰਤ ਬੰਦ ਕੀਤੀ ਜਾਵੇ, ਨੈਨੋ ਵਰਗੀਆਂ ਖਾਦਾਂ ਉਪਰ ਪਾਬੰਦੀ ਲਾਈ ਜਾਵੇ, ਪ੍ਰਚੱਲਿਤ ਸਹੀ ਖਾਦਾਂ ਦੀ ਸਪਲਾਈ ਸਾਰੇ ਡੀਲਰਾਂ ਅਤੇ ਖਾਸ ਕਰਕੇ ਸਹਿਕਾਰੀ ਸਭਾਵਾਂ ਰਾਹੀਂ ਕੀਤੀ ਜਾਵੇ, ਸਭਾਵਾਂ ਦੀ ਮੰਗ ਅਨੁਸਾਰ ਤੁਰੰਤ ਖਾਦਾਂ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ।

# ਸੁੰਦਰ ਅਤੇ ਨਰਮ ਚਮੜੀ ਦਿੰਦੀ ਹੈ ਆਕਰਸ਼ਕ ਸ਼ਖਸ਼ੀਅਤ

**ਤੇਜ਼ ਧੁੱਪ ਚਮੜੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਸੂਰਜ ਦੀਆਂ ਪਾਰਵੈਂਗੜੀ ਕਿਰਨਾਂ ਚਮੜੀ ਨੂੰ ਰੁੱਖਾ, ਬੇਜਾਨ ਅਤੇ ਝੁਰੜੀਆਂ ਵਾਲੀ ਬਣਾ ਦਿੰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਬਚਣ ਲਈ ਸਨਸਕ੍ਰੀਮ ਲੋਸ਼ਣ ਜ਼ਰੂਰ ਲਗਾਉ।**



ਤੁਹਾਡੀ ਸ਼ਖ਼ਸੀਅਤ ਦੀ ਖੂਬਸੂਰਤੀ ਸੁੰਦਰ ਚਮੜੀ ਨਾਲ ਹੀ ਨਿਖ਼ਰਦੀ ਹੈ। ਚਮੜੀ ਦਾ ਤੰਦਰੁਸਤ ਅਤੇ ਸੁੰਦਰ ਹੋਣ ਦੇ ਨਾਲ-ਨਾਲ ਉਸ ਦਾ ਸਾਫ਼ ਅਤੇ ਨਰਮ ਹੋਣ ਵੀ ਜ਼ਰੂਰੀ ਹੈ। ਸਹੀ ਢੰਗ ਨਾਲ ਕੀਤੀ ਗਈ ਚਮੜੀ ਦੀ ਦੇਖਭਾਲ ਨਾਲ ਤੁਹਾਡੀ ਸ਼ਖ਼ਸੀਅਤ ਵੀ ਆਕਰਸ਼ਕ ਲੱਗੇਗੀ। ਔਰਤਾਂ ਦੀ ਪੂਰੀ ਸੁੰਦਰਤਾ 'ਚ ਨਰਮ ਚਮਕਦੀ ਹੋਈ ਚਮੜੀ ਦਾ ਖ਼ਾਸ ਯੋਗਦਾਨ ਹੈ ਜੋ ਸਾਹਮਣੇ ਵਾਲੇ ਦਾ ਧਿਆਨ ਖਿੱਚਦਾ ਹੈ ਪਰ ਅੱਜਕੱਲ ਦੀ ਭੱਜ-ਨੌਂੜ ਵਾਲੀ ਜ਼ਿੰਦਗੀ 'ਚ ਚਮਣੀ ਦੀ ਦੇਖਭਾਲ ਲਈ ਸਮਾਂ ਕੱਢਣਾ ਬਹੁਤ ਜ਼ਰੂਰੀ ਹੈ। ਕਿਤੇ ਅਜਿਹਾ ਨਾ ਹੋਵੇ ਕਿ ਸਮਾਂ ਹੱਥਾਂ 'ਚੋਂ ਨਿਕਲ ਜਾਵੇ ਭਾਵ ਤੁਹਾਡੀ ਚਮੜੀ ਤੁਹਾਨੂੰ ਆਪਣੀ ਉਮਰ ਤੋਂ ਕਿਤੇ ਜ਼ਿਆਦਾ ਨਾ ਬਣਾ ਦੇਵੇ। ਇਸ ਲਈ ਆਉ ਜਾਣੀਏ ਕੁਝ ਖਾਸ ਜਾਣਕਾਰੀਜੋ ਕਿ ਤੁਹਾਡੀ ਚਮੜੀ ਦੀ ਦੇਖਭਾਲ 'ਚ ਤੁਹਾਡਾ ਸਹੀ ਮਾਰਗ ਦਰਸ਼ਨ ਕਰੇਗੀ।

☛ ਚਮੜੀ ਨੂੰ ਸਾਫ਼ ਕਰਨ ਲਈ ਉਸ ਨੂੰ ਦਿਨ 'ਚ ਦੋ-ਤਿੰਨ ਵਾਰ ਕਲੀਨਜ਼ਰ ਨਾਲ ਸਾਫ਼ ਕਰੋ, ਜਿਸ ਨਾਲ ਚਿਹਰੇ ਦੀ ਵਾਧੂ ਚਿਕਨਾਈ ਅਤੇ ਗੰਦਗੀ ਚੰਗੀ ਤਰ੍ਹਾਂ ਨਾਲ ਸਾਫ਼ ਹੋ ਜਾਵੇਗੀ। ਰਾਤ ਨੂੰ ਵੀ ਸੌਣ ਤੋਂ ਪਹਿਲਾਂ ਚਿਹਰੇ ਨੂੰ ਕਲੀਨਜ਼ਰ ਲਗਾ ਕੇ ਸਾਫ਼ ਕਰੋਨ ਤੋਂ ਬਾਅਦ ਸਾਫ਼ ਪਾਣੀ ਨਾਲ ਚਿਹਰੇ ਨੂੰ ਧੋਵੋ।

☛ ਚਮੜੀ 'ਤੇ ਜੇ ਕਿੱਲ ਹੋਣ ਤਾਂ ਉਨ੍ਹਾਂ ਨੂੰ ਛਿੱਲੋ ਨਾ ਸਗੋਂ ਉਨ੍ਹਾਂ ਨੂੰ ਦੂਰ ਕਰਨ ਲਈ ਰਾਤ ਨੂੰ ਸੌਣ ਤੋਂ ਪਹਿਲਾਂ ਨਿਯਮਿਤ ਐਕਨੇ ਕ੍ਰੀਮ ਜਾਂ ਐਂਟੀ ਬਲਮਿਸ਼ ਸਲਿਊਸ਼ਨ ਜਾਂ ਐਂਟੀਸੈਪਟਿਕ ਕ੍ਰੀਮ ਲਗਾਉ।

☛ 25 ਸਾਲ ਦੀ ਉਮਰ ਤੋਂ ਬਾਅਦ ਤੁਹਾਡੀ ਚਮੜੀ ਨੂੰ ਖ਼ਾਸ ਦੇਖਭਾਲ ਦੀ ਜ਼ਰੂਰਤ ਪੈਂਦੀ ਹੈ। ਚਮੜੀ ਦੀ ਸਫ਼ਾਈ 'ਤੇ ਖ਼ਾਸ ਧਿਆਨ ਦਿਉ। ਚਮੜੀ 'ਚ ਕੁਦਰਤੀ ਨਮੀ ਬਣਾਏ ਰੱਖਣ ਲਈ ਹਮੇਸ਼ਾ ਖੁੱਲ੍ਹੇ ਰਹਿਣ ਇਸ ਲਈ ਅਸਟ੍ਰੇਜੈਂਕਟ ਲਗਾਉ। ਚਮੜੀ ਦੀ ਰੋਮਛਿਦਰਾਂ ਰਾਹੀਂ ਆਕਸੀਜਨ ਲੈਂਦੀ ਹੈ। ਇਸ ਲਈ ਰੋਮਛਿਦਰ ਹਮੇਸ਼ਾ ਖੁੱਲ੍ਹੇ ਰਹਿਣ ਇਸ ਲਈ ਅਸਟ੍ਰੇਜੈਂਟ ਲੋਸ਼ਨ ਲਗਾਉ। ਇਸ ਨਾਲ ਚਮੜੀ 'ਚ ਤਾਜ਼ਗੀ ਵੀ ਬਣੀ ਰਹੇਗੀ।

☛ 40 ਸਾਲ ਦੀ ਉਮਰ 'ਚ ਚਮੜੀ 'ਚ ਕੁਦਰਤੀ ਨਮੀ ਅਤੇ ਤੇਲ ਦੀ ਕਮੀ ਹੋਣ ਲੱਗਦੀ ਹੈ, ਜਿਸ ਨਾਲ ਚਮੜੀ 'ਚ ਕੋਮਲਤਾ ਦੀ ਜਗ੍ਹਾ ਰੁੱਖਾਪਣ ਆ ਜਾਂਦਾ ਹੈ। ਇਸ ਲਈ ਚਮੜੀ ਨੂੰ ਫੇਸਵਾਸ਼ ਨਾਲ ਸਾਫ਼ ਕਰਨ ਤੋਂ ਬਾਅਦ ਵਿਟਾਮਿਨ-ਏ ਯੁਕਤ ਕ੍ਰੀਮ ਨਾਲ ਚਮੜੀ ਦੀ ਹਰ ਰੋਜ਼ ਮਾਲਿਸ਼ ਕਰੋ। 15 ਦਿਨ ਦੇ ਫ਼ਰਕ ਨਾਲ ਕ੍ਰੀਮ ਯੁਕਤ ਫ਼ੇਸ਼ੀਅਲ ਵੀ ਜ਼ਰੂਰ ਕਰਾਉ, ਤਾਂ ਜੋ ਚਮੜੀ ਨਰਮ ਅਤੇ ਕਸੀ ਹੋਈ ਬਣੀ ਰਹੇ।

☛ 50 ਸਾਲ ਦੀ ਉਮਰ ਤੋਂ ਬਾਅਦ ਚਮੜੀ 'ਚ ਕੋਲੇਜਨ ਤੱਤ ਘੱਟ ਹੋਣ ਲੱਗਦਾ ਹੈ, ਜਿਸ ਨਾਲ ਚਮੜੀ ਦਾ ਲਚੀਲਾਪਣ ਘੱਟ ਹੋਣ ਲੱਗਦਾ ਹੈ ਅਤੇ ਚਮੜੀ ਢਿੱਲੀ ਪੈ ਜਾਂਦੀ ਹੈ। ਇਸ ਦੇ ਕਾਰਨ ਚਮੜੀ 'ਤੇ ਝੁਰੜੀਆਂ ਪੈ ਜਾਂਦੀਟਾਂ ਹਨ। ਇਸ ਲਈ ਇਸ ਉਮਰ 'ਚ ਚਿਹਰੇ ਨੂੰ ਵਾਧੂ ਟੋਨਿੰਗ ਅਤੇ ਨਰੀਸ਼ਿੰਗ ਦੀ ਜ਼ਰੂਰਤ ਪੈਂਦੀ ਹੈ। ਇਸ ਉਮਰ 'ਚ ਚਮੜੀ ਨੂੰ ਨਰਮ ਅਤੇ ਕਲੀਜ਼ਿੰਗ ਜੈਲ ਨਾਲ ਸਾਫ਼ ਕਰੋ। ਨਿਯਮਿਤ ਟੋਨਿੰਗ ਤੋਂ ਇਲਾਵਾ ਚਮੜੀ ਦੀ ਕ੍ਰੀਮ ਲਗਾ ਕੇ ਹਲਕੀ ਜਿਹੀ ਮਾਲਿਸ਼ ਵੀ ਕਰੋ। ਰਾਤ ਨੂੰ ਸੌਣ ਤੋਂ ਪਹਿਲਾਂ ਵਿਟਾਮਿਨ-ਈ ਅਤੇ ਲੈਨੋਲਿਨਯੁਕਤ ਨਰੀਸ਼ਿੰਗ ਕ੍ਰੀਮ ਨਾਲ ਚਿਹਰੇ ਦੀ ਮਾਲਿਸ਼ ਕਰੋ। ਮਾਲਿਸ਼ ਕਰਦੇ ਸਮੇਂ ਆਪਣੇ ਹੱਥਾਂ ਨੂੰ ਉਪਰ ਵੱਲ ਘੁਮਾਉਂਦੇ ਹੋਏ 5-10 ਮਿੰਟ ਤੱਕ ਮਾਲਿਸ਼ ਕਰੋ, ਜਿਸ ਨਾਲ ਚਮੜੀ 'ਚ ਖ਼ੂਨ ਦਾ ਸੰਚਾਰ ਠੀਕ ਤਰ੍ਹਾਂ ਨਾਲ ਹੋਣ ਲੱਗੇਗਾ ਅਤੇ ਚਮੜੀ 'ਚ ਕਸਾਉ ਅਤੇ ਕੋਮਲਤਾ ਵੀ ਆਏਗੀ।

☛ ਮਹੀਨੇ 'ਚ ਇਕ ਵਾਰ ਗਰਮ ਆਇਲ ਥੈਰੇਪੀ ਵੀ ਕਰੋ। ਦੋ-ਦੋ ਛੋਟੇ ਚਮਚ ਬਾਦਾਮ, ਜੈਤੂਨ ਜਾਂ ਨਾਰੀਅਲ ਦੇ ਤੇਲ ਨੂੰ ਮਿਲਾ ਕੇ ਗਰਮ ਕਰੋ। ਆਪਣੇ ਚਿਹਰੇ ਦੇ ਆਕਾਰ ਦੇ ਅਨੁਕੂਲ ਰੂੰ ਦੀ ਪੱਟੀ ਬਣਾ ਲਉ। ਪੱਟੀ ਨੂੰ ਕੋਸੇ ਤੇਲ 'ਚ ਡੁਬੋ ਦਿਉ। ਤੁਹਾਡੀ ਚਮੜੀ ਉਸ ਗਰਮ ਮਾਸਕ ਨੂੰ ਜਿੰਨਾਂ ਸਹਿ ਸਕੇ, ਉਸ ਦੇ ਅਨੁਕੂਲ ਉਸ ਨੂੰ ਚਿਹਰੇ 'ਤੇ ਹਲਕੇ ਦਬਾਅ ਨਾਲ ਉਦੋਂ ਤੱਕ ਰੱਖੋ ਜਦੋਂ ਤੱਕ ਪੱਟੀ ਠੰਡੀ ਨਾ ਹੋ ਜਾਵੇ। ਧਿਆਨ ਰੱਖੋ ਕਿ ਤੇਲ ਅੱਖਾਂ 'ਚ ਨਾ ਜਾਵੇ। ਇਸ ਲਈ ਅੱਖਾਂ ਦੇ ਆਲੇ-ਦੁਆਲੇ ਤੇਲ ਵਾਲੀ ਪੱਟੀ ਨਾ ਰੱਖੋ ਸਗੋਂ ਉਨ੍ਹਾਂ ਦੇ ਉਪਰ ਗੁਲਾਬ ਜਲ 'ਚ ਡੁੱਬੀ ਹੋਈ ਰੂੰ ਦੇ ਫੋਹੇ ਰੱਖੋ। ਬਾਅਦ 'ਚ ਇਸੇ ਤਰ੍ਹਾਂ ਠੰਡੇ ਪਾਣੀ ਦੀ ਪੱਟੀ ਵੀ ਕਰੋ। ਚਮੜੀ 'ਤੇ ਬਰਫ਼ ਦੇ ਟੁੱਕੜੇ ਰਗੜ ਕੇ ਨਹੀਂ ਸਗੋਂ ਬਰਫ਼ ਦੇ ਚੂਰੇ 'ਚ ਰੂੰ ਦੀ ਪੌਂ ਨੂੰ ਗਿੱਲਾ ਕਰੋ ਅਤੇ ਚਿਹਰੇ 'ਤੇ ਹਲਕਾ-ਹਲਕਾ ਦਬਾਅ ਦਿੰਦੇ ਹੋਏ ਰੱਖੋ। 5-10 ਮਿੰਟ ਬਾਅਦ ਪੱਟੀ ਉਤਾਰ ਦਿਉ। ਬਾਅਦ 'ਚ ਕਲੀਨਜ਼ਰ ਨਾਲ ਵਾਧੂ ਤੇਲ ਸਾਫ਼ ਕਰ ਲਉ ਫਿਰ ਚੇਹਰੇ 'ਤੇ ਫੇਸ ਪੈਕ ਲਗਾਉ। 15 ਮਿੰਟ ਸੁੱਕਣ ਤੋਂ ਬਾਅਦ ਚਮੜੀ ਨੂੰ ਪਾਣੀ ਨਾਲ ਸਾਫ਼ ਕਰੋ। ਅਜਿਹਾ ਕਰਨ ਨਾਲ ਤੁਸੀਂ ਕਾਫ਼ੀ ਹੱਦ ਤੱਕ ਚਮੜੀ 'ਤੇ ਪੈਂਦੇ ਉਮਰ ਦੇ ਪ੍ਰਭਾਵ ਨੂੰ ਘੱਟ ਕਰ ਸਕਦੇ ਹੋ।

☛ ਤੇਜ਼ ਧੁੱਪ ਚਮੜੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਸੂਰਜ ਦੀਆਂ ਪਾਰਵੈਂਗੜੀ ਕਿਰਨਾਂ ਚਮੜੀ ਨੂੰ ਰੁੱਖਾ, ਬੇਜਾਨ ਅਤੇ ਝੁਰੜੀਆਂ ਵਾਲੀ ਬਣਾ ਦਿੰਦੀਆਂ ਹਨ। ਇਸ ਲਈ ਇਨ੍ਹਾਂ ਤੋਂ ਬਚਣ ਲਈ ਸਨਸਕ੍ਰੀਮ ਲੋਸ਼ਣ ਜ਼ਰੂਰ ਲਗਾਉ। ਇਹ ਸੂਰਜ ਦੀਆਂ ਕਿਰਨਾਂ ਦੇ ਹਾਨੀਕਾਰਕ ਪ੍ਰਭਾਵ ਨੂੰ ਵੀ ਰੋਕਦਾ ਹੈ ਅਤੇ ਚਮੜੀ ਦੀ ਨਮੀ ਵੀ ਬਣਾਏ ਰੱਖਦਾ ਹੈ।

☛ ਚਮੜੀ ਨੂੰ ਕੋਮਲ ਅਤੇ ਕਸੀ ਹੋਈ ਬਣਾਉਣ ਲਈ ਹਫ਼ਤੇ 'ਚ ਦੋ ਵਾਰ ਫੇਸ ਪੈਕ ਅਤੇ ਇਕ ਵਾਰ ਫੇਸ ਸਕਰਬ ਜਾਂ ਫੇਸ ਮਾਸਕ ਲਗਾਉ।





ਤੰਦਰੁਸਤੀ, ਹਰ ਇਨਸਾਨ ਦੀ ਸਭ ਤੋਂ ਪਿਆਰਾ ਸੁਪਨਾ ਹੈ। ਸਭ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਨ ਲਈ ਵਿਅਕਤੀ ਦਾ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਹੋਣਾ ਬਹੁਤ ਹੀ ਜ਼ਰੂਰੀ ਹੈ। ਚੰਗੀ ਸਿਹਤ ਦੀ ਪ੍ਰਾਪਤੀ ਲਈ, ਮਨੁੱਖੀ ਸਰੀਰ ਅਤੇ ਮਨ ਦੀ ਬਣਤਰ ਅਤੇ ਕੰਮ ਕਰਨ ਦੇ ਢੰਗ ਨੂੰ ਬਰੀਕੀ ਨਾਲ ਸਮਝਣਾ ਜ਼ਰੂਰੀ ਹੈ। ਆਧੁਨਿਕ ਚਕਿਤਸਾ ਪ੍ਰਣਾਲੀ, ਜਿਸ ਨੂੰ ਐਲੋਪੈਥੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਅਨੁਸਾਰ ਮਨੁੱਖੀ ਸਰੀਰ ਨੂੰ ਇਕ ਮਸ਼ੀਨ ਵਾਂਗੂ ਸਮਝਿਆ ਜਾਂਦਾ ਹੈ। ਇਸ ਨੂੰ ਲੱਗਣ ਵਾਲੀਆਂ ਬਿਮਾਰੀਆਂ ਅਤੇ ਪੈਣ ਵਾਲੇ ਨੁਕਸਾਂ ਨੂੰ ਵੀ ਇਕ ਆਮ ਮਸ਼ੀਨ ਵਾਂਗੂ ਪੈਣ ਵਾਗੂ ਪੈਣ ਵਾਲੇ ਨੁਕਸਾਂ ਵਾਂਗ ਦੇਖਿਆ ਜਾਂਦਾ ਹੈ। ਇਸੇ ਸਮਝ 'ਚੋਂ ਨਿਕਲੇ ਇਲਾਜ਼ ਦੇ ਢੰਗ ਵੀ ਉਵੇਂ ਹੀ ਹਨ, ਜਿਵੇਂ ਕਿ ਇਕ ਮਕੈਨਿਕ, ਮਸ਼ੀਨ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਕੈਨਿਕ ਵਾਂਗੂ ਸਰੀਰ 'ਚ ਪਏ ਨੁਕਸਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਕਿਤੇ-ਕਿਤੇ ਤਾਂ ਕਾਰਗਰ ਸਾਬਤ ਹੁੰਦੀ ਹੈ, ਜਿਵੇਂ ਕੀ ਟੁੱਟੀਆਂ ਹੱਡੀਆਂ ਨੂੰ ਜੋੜਨ ਦੀ ਵਿਧੀ 'ਤੇ ਆਮ ਤੌਰ 'ਤੇ ਅਜਿਹੇ ਢੰਗ ਗੈਰ-ਕੁਦਰਤੀ, ਆਰਜ਼ੀ ਲਾਭ ਦੇਣ ਵਾਲੇ ਅਤੇ ਸਿਰਫ਼ ਬਿਮਾਰੀ ਦੀਆਂ ਅਲਾਮਤਾਂ ਨੂੰ ਦਬਾਉਣ ਵਾਲੇ ਹਨ। ਇਨ੍ਹਾਂ ਢੰਗਾਂ 'ਚ ਕਿਧਰੇ ਵੀ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਨ ਦੀ ਕੋਈ ਕੋਸ਼ਿਸ਼ ਨਹੀਂ ਹੁੰਦੀ। ਇਲਾਜ ਲਈ ਵਰਤੀਆਂ ਗਈਆਂ ਵਿਧੀਆਂ ਨਾਲ, ਬਿਨਾਂ ਵਜ੍ਹਾ ਸਰੀਰ ਨੂੰ ਅੰਗਾਂ ਦੀ ਚੀਰ-ਫਾੜ ਕਰ ਦਿੱਤੀ ਜਾਂਦੀ ਹੈ। ਤੇਜ਼ ਅਤੇ ਮਾੜੇ ਅਸਰਾਂ ਵਾਲੀਆਂ ਦਵਾਈਆਂ ਖੁਆਈਆਂ ਜਾਂਦੀਆਂ ਹਨ ਅਤੇ ਬੇਲੋੜੇ, ਮਹਿੰਗੇ ਅਤੇ ਮਾੜੇ ਅਸਰਾਂ ਵਾਲੇ ਟੈਸਟ ਕੀਤੇ ਜਾਂਦੇ ਹਨ। ਚਕਿਤਸਾ ਦੇ ਅਜਿਹੇ ਤਰੀਕਿਆਂ ਨਾਲ ਬਹੁਤ ਵਾਰੀ ਲਾਭ ਨਾਲੋਂ ਨੁਕਸਾਨ ਵੱਧ ਹੋ ਜਾਂਦਾ ਹੈ। ਕਈ ਵਾਰੀ ਬਿਮਾਰੀ ਤਾਂ ਇੰਨੀ ਗੰਭੀਰ ਨਹੀਂ ਹੁੰਦੀ, ਪ੍ਰੰਤੂ ਚਕਿਤਸਾ ਦੇ ਨੁਕਸਾਨਦੇਹ ਤਰੀਕਿਆਂ ਕਾਰਨ ਮਰੀਜ਼ ਦੀ ਮੌਤ ਹੋ ਜਾਂਦੀ ਹੈ।

ਅੱਜ ਦੇ ਸਮੇਂ 'ਚ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਕੁਝ ਲੋਕ ਦਵਾਈਆਂ ਦਾ ਏਨਾ ਸੇਵਨ ਕਰਦੇ ਹਨ ਕਿ ਦਵਾਈ ਖਾਧੇ ਵਗੈਰ ਸਬਰ ਹੀ ਨਹੀਂ ਕਰਦੇ। ਜਦੋਂ ਕਿ ਫਜ਼ੂਲ ਦਵਾਈਆਂ ਲੋਕਾਂ ਨੂੰ ਗੁਲਾਮ ਬਣਾਉਂਦੀਆਂ ਹਨ। ਲੋਕਾਂ ਦੀ ਸੋਚਣ ਸਮਝਣ ਦੀ ਸ਼ਕਤੀ ਜਾਂ ਸਰੀਰ ਕਸ਼ਕਤੀ ਨੂੰ ਘਟਾਉਂਦੀਆਂ ਹਨ। ਅਕਸਰ ਸੁਣਿਆ ਜਾਂਦਾ ਹੈ ਕਿ ਐਲੋਪੈਥੀ ਦਵਾਈਆਂ ਖਾਣ ਨਾਲ ਕਿਸੇ ਦਾ ਕਾਲਜਾ ਮੱਚਣ ਲੱਗ ਪਿਆ ਹੈ, ਗਰਮੀ ਸਰੀਰ 'ਚ ਬਹੁਤ ਵੱਧ ਗਈ ਹੈ, ਕਿਸੇ ਦਾ ਪਿਸ਼ਾਬ ਜਲਣ ਨਾਲ ਆਉਣ ਲੱਗ ਪਿਆ ਹੈ, ਕਿਸੇ ਦਾ ਸਿਰ ਚਕਰਾਉਣ ਲੱਗ ਪੈਂਦਾ ਹੈ ਜਾਂ ਲੀਵਰ, ਗੁਰਦੇ ਖਰਾਬ ਹੋ ਗਏ ਹਨ, ਆਦਿ ਫਿਰ ਵੀ ਪਤਾ ਨਹੀਂ ਕਿਵੂੰ ਲੋਕ ਸਭ ਕੁਝ ਜਾਨਣ ਦੇ ਬਾਵਜੂ ਦਵਾਈਆਂ ਅਪਣਾਉਂਦੇ ਹਨ ਅਤੇ ਆਪਣੀ ਸਿਹਤ ਨੂੰ ਸੁੱਰਖਿਅਤ ਸਮਝਦੇ ਹਨ ਅਤੇ ਜ਼ਿੰਦਗੀ ਨੂੰ ਪ੍ਰਗਤੀਸ਼ੀਲ ਰੱਖਣ ਲਈ ਬਹੁਤ ਲੋਕਾਂ ਦੀ ਆਦਤ ਹੁੰਦੀ ਹੈ ਕਿ ਥੋੜ੍ਹੇ ਜਿਹੇ ਜ਼ੁਕਾਮ, ਖਾਂਸੀ ਜਾਂ ਬੁਖਾਰ ਸਿਰ ਦਰਦ ਹੋਣ 'ਤੇ ਘਰ ਪਈ ਦਵਾਈ ਆਪੇ ਹੀ ਬਿਨਾ ਸੰਕੋਚ ਕੀਤੇ ਖਾ ਜਾਂਦੇ ਹਨ। ਜਦੋਂ ਕਿ ਜ਼ੁਕਾਮ, ਖਾਂਸੀ ਆਪਣੇ ਆਪ 'ਚ ਕੋਈ ਰੋਗ ਲਹੀਂ ਹੁੰਦੇ, ਸਗੋਂ ਸਰੀਰ 'ਚੋਂ ਬਿਮਾਰੀ ਜਾਂ ਵਿਸ਼ੈਲ ਤੱਤ ਕੱਢਣ ਦੇ ਲੱਛਣ ਹੁੰਦੇ ਹਨ। ਪਰ ਲੋਕ ਝੱਟ-ਪੱਟ ਦਵਾਈ ਖਾ ਕੇ ਰੋਗ ਸਰੀਰ 'ਚੋਂ ਕੱਢਣ ਦੀ ਥਾਂ ਅੰਦਰ ਹੀ ਦਬਾ ਜਾਂ ਧੱਕ ਦਿੰਦੇ ਹਨ। ਅਜਿਹਾ ਨਹੀਂ ਕਰਨਾ ਚਾਹੀਦਾ। ਅਜਿਹੀ ਆਦਤ ਲੋਕਾਂ ਨੂੰ ਦਵਾਈਆਂ ਦੇ ਗੁਲਾਮ ਬਣਾ ਦਿੰਦੀ ਹੈ, ਜੋ ਕਿ ਇਨਸਾਨ ਦੇ ਮਰਨ ਤੱਕ ਦਵਾਈਆਂ ਸਾਥ ਨਹੀਂ ਛੱਡਦੀਆਂ ।

ਪੁਰਾਣੇ ਜਮਾਨੇ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲੋਕ ਬਿਮਾਰ ਘੱਟ ਹੀ ਹੁੰਦੇ ਸਨ। ਜੇਕਰ ਬਿਮਾਰ ਹੁੰਦੇ ਵੀ ਸਨ ਤਾਂ ਘਰੇਲੂ ਉਪਯੋਗ ਜਾਂ ਐਕਯੂਪ੍ਰੈਸ਼ਰ ਨਾਲ ਆਪਣਾ ਰੋਗ ਠੀਕ ਕਰ ਲੈਂਦੇ ਸਨ। ਪਰ ਅਧੁਨਿਕ ਯੁੱਗ 'ਚ ਹਰ ਵਿਅਕਤੀ ਇਕ ਤੋਂ ਵੱਧ ਕੇ ਕਾਹਲਾ ਅਤੇ ਬੇਸਬਰਾ ਹੈ, ਜੋ ਹਰ ਰੋਗ ਇਕ ਦਿਨ ਤਾਂ ਕਿ ਇਕ ਮਿੰਟ 'ਚ ਹੀ ਠੀਕ ਕਰਵਾਉਣਾ ਚਾਹੁੰਦਾ ਹੈ। ਸ਼ੁਰੂਆਤ ਛੋਟੇ ਡਾਕਟਰ ਤੋਂ ਕਰਦਾ ਹੈ, ਫਿਰ ਨਾ ਠੀਕ ਹੋਣ 'ਤੇ ਵੱਡੇ ਡਾਕਟਰ ਕੋਲ ਚਲਾ ਜਾਂਦਾ ਹੈ। ਉਸ ਤੋਂ ਵੀ ਸਬਰ ਨਾ ਆਏ ਤਾਂ ਹੋਰ ਵੱਡੇ ਡਾਕਟਰ ਕੋਲ ਚਲਾ ਜਾਂਦਾ ਹੈ। ਹੌਲੀ-ਹੌਲੀ ਵੱਡੇ ਤੋਂ ਵੱਡਾ ਹਸਪਤਾਲ ਪਹੁੰਚ ਕੇ ਮਹਿੰਗੀਆਂ ਤੋਂ ਮਹਿੰਗੀਆਂ ਦਵਾਈਆਂ ਖਾ ਖਾ ਸਰੀਰ ਨੂੰ ਹੋਰ ਰੋਗੀ ਅਤੇ ਕੰਡਮ ਕਰ ਲੈਂਦਾ ਹੈ, ਪਰ ਦਵਾਈਆਂ ਖਾਣੋਂ ਨਹੀਂ ਥੱਕਦਾ ਅਤੇ ਅਸਲ ਰੋਗ ਨਿਵਾਰਨ ਪੱਧਤੀਆਂ ਐਕਯੂਪ੍ਰੈਸ਼ਰ ਆਯੁਰਵੈਦਿਕ ਵੱਲ ਸੋਚਦਾ ਹੈ। ਜੇਕਰ ਥੱਕ ਹਾਰ ਕੇ ਐਕਯੂਪ੍ਰੈਸ਼ਰ ਜਾਂ ਆਯੁਰਵੈਦਿਕ ਅਪਣਾ ਵੀ ਲਵੇ ਤਾਂ ਕੰਡਮ ਸਰੀਰ ਨੂੰ 2-4 ਦਿਨਾਂ 'ਚ ਠੀਕ ਕਰ ਲੈਣਾ ਚਾਹੁੰਦਾ ਹੈ।

# ਕਿਉਂ ਹੁੰਦੀ ਹੈ ਬੱਚਿਆਂ ਵਿਚ ਹਕਲਾਹਟ



ਹਕਲਾਉਣ ਦੀ ਸਮੱਸਿਆ ਤਿੰਨ ਤਰ੍ਹਾਂ ਦੀ ਹੋ ਸਕਦੀ ਹੈ ਇਕ ਤਾਂ ਇਹ ਕਿ ਬੱਚਾ ਕਿਸੇ ਵਾਕ ਦਾ ਪਹਿਲਾ ਸ਼ਬਦ ਬੋਲਣ 'ਤੇ ਹਕਲਾਉਂਦਾ ਹੈ। ਦੂਜੀ ਕਿਸਮ ਦੀ ਹਕਲਾਹਟ ਵਿਚ ਬੱਚਾ ਵਾਕ ਬੋਲਣ ਵੇਲੇ ਪਹਿਲਾ ਸ਼ਬਦ ਤਾਂ ਠੀਕ ਤਰ੍ਹਾਂ ਬੋਲ ਲੈਂਦਾ ਹੈ ਪਰ ਵਿਚਲੇ ਸ਼ਬਦਾਂ 'ਤੇ ਅੜ ਜਾਂਦਾ ਹੈ ਅਤੇ ਤੀਜੀ ਸਥਿਤੀ ਇਹ ਹੁੰਦੀ ਹੈ ਕਿ ਜਬਾੜੇ ਤੇ ਬੁੱਲ੍ਹ ਤਾਂ ਹਿੱਲਦੇ ਹਨ ਪਰ ਮੂੰਹ ਵਿਚੋਂ ਆਵਾਜ਼ ਨਹੀਂ ਨਿਕਲਦੀ। ਇਹ ਆਮ ਤੌਰ 'ਤੇ ਕਿਸੇ ਵੱਡੇ ਵਿਅਕਤੀ ਜਾਂ ਅਜਨਬੀ ਨਾਲ ਗੱਲ ਕਰਨ ਵੇਲੇ ਹੋ ਸਕਦੀ ਹੈ।

ਹਕਲਾਹਟ ਮੁੰਡੇ-ਕੁੜੀ ਕਿਸੇ ਨੂੰ ਵੀ ਹੋ ਸਕਦੀ ਹੈ ਪਰ ਕੁੜੀਆਂ ਦੇ ਮੁਕਾਬਲੇ ਇਹ ਮੁੰਡਿਆਂ ਵਿਚ ਵਧੇਰੇ ਪਾਈ ਜਾਂਦੀ ਹੈ। ਅੱਧੇ ਬੱਚਿਆਂ ਦੀ ਹਕਲਾਹਟ 16 ਸਾਲ ਦੀ ਉਮਰ ਪੂਰੀ ਹੋਣ ਤੱਕ ਦੂਰ ਹੋ ਜਾਂਦੀ ਹੈ। ਜੇਕਰ ਵੱਡੇ ਹੋਣ 'ਤੇ ਵੀ ਬੱਚਿਆਂ ਦੀ ਹਕਲਾਹਟ ਦੂਰ ਨਹੀਂ ਹੁੰਦੀ ਤਾਂ ਇਸਦਾ ਅਸਰ ਉਨ੍ਹਾਂ ਦੇ ਕੈਰੀਅਰ 'ਤੇ ਪੈਂਦਾ ਹੈ। ਹਕਲਾਉਣ ਵਾਲੇ ਅੱਲ੍ਹੜ ਅਤੇ ਜਵਾਨ ਉਹ ਕੈਰੀਅਰ ਨਹੀਂ ਚੁਣ ਸਕਦੇ ਜਿਸ ਵਿਚ ਉਨ੍ਹਾਂ ਨੂੰ ਬੋਲਣਾ ਪੈਂਦਾ ਹੈ। ਉਹ ਦੂਜਿਆਂ ਨਾਲ ਗੱਲ ਕਰਨੋਂ ਕਤਰਾਉਂਦੇ ਹਨ। ਸਮਾਜ ਦੀ ਮੁੱਖ ਧਾਰਾ ਤੋਂ ਟੁੱਟੇ ਅਤੇ ਜੁਦਾ ਜਿਹੇ ਹੋ ਜਾਂਦੇ ਹਨ। 3-4 ਸਾਲ ਦੀ ਉਮਰ ਤੋਂ ਬਾਅਦ ਵੀ ਜੇਕਰ ਬੱਚਾ ਤੋਤਲ ਬੋਲੇ ਜਾਂ ਹਕਲਾਅ ਕੇ ਬੋਲੇ ਤਾਂ ਇਸ ਨੂੰ ਨਜ਼ਰ ਅੰਦਾਜ਼ ਨਾ ਕਰੋ। ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਿਸੇ ਮਨੋਵਿਗਿਆਨੀ ਦੀ ਸਲਾਹ ਲਓ ਅਤੇ ਫਿਰ ਕਿਸੇ ਮਸ਼ਹੂਰ ਸਪੀਚ ਥੈਰੇਪਿਸਟ ਤੋਂ ਪੂਰੀ ਜਾਂਚ ਕਰਵਾਓ। ਡਾਕਟਰ ਇਸ ਗੱਲ ਦੀ ਜਾਂਚ ਕਰੇਗਾ ਕਿ ਬੱਚੇ ਵਿਚ ਕੋਈ ਸਰੀਰਕ ਅਸਮਰੱਥਾ ਜਾਂ ਨੁਕਸ ਤਾਂ ਨਹੀਂ। ਜੇਕਰ ਹਕਲਾਉਣਾ ਪੀੜ੍ਹੀ ਦਰ ਪੀੜ੍ਹੀ ਚੱਲਿਆ ਆ ਰਿਹਾ ਹੈ ਤਾਂ ਬੱਚੇ ਦੇ ਜਨਮ ਪਿੱਛੋਂ ਜਦੋਂ ਉਹ ਬੋਲਣਾ ਸਿੱਖਦਾ ਹੈ ਤਾਂ ਉਸਨੂੰ ਵੱਖਰੇ ਮਾਹੌਲ ਵਿਚ ਰੱਖੋ, ਜਿਥੇ ਕੋਈ ਨਾ ਹਕਲਾਉਂਦਾ ਹੋਵੇ।

ਬੱਚੇ ਨੂੰ ਮਾਨਸਿਕ ਤਣਾਅ ਤੋਂ ਮੁਕਤ ਰੱਖਣ ਦੀ ਕੋਸ਼ਿਸ਼ ਕਰੋ। ਉਸਨੂੰ ਵਾਰ-ਵਾਰ ਟੋਕਣਾ ਜਾਂ ਜ਼ਲੀਲ ਕਰਨਾ ਠੀਕ ਨਹੀਂ ਸਗੋਂ ਉਸ ਦਾ ਮਨੋਬਲ ਉੱਚਾ ਕਰੋ ਕਿ ਉਹ ਕੋਸ਼ਿਸ਼ ਕਰੇ ਸਹੀ ਬੋਲ ਸਕਦਾ ਹੈ।

ਬੱਚਿਆਂ ਦੀ ਭਾਸ਼ਾ, ਵਿਕਾਸ ਅਤੇ ਉਚਾਰਨ ਵਿਚ ਪ੍ਰੇਰਨਾ ਦਾ ਅਹਿਮ ਸਥਾਨ ਹੈ। ਹਕਲਾਉਣ ਵਾਲੇ ਬੱਚੇ ਜੇਕਰ ਸ਼ੁੱਧ ਬੋਲਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਦੀ ਤਾਰੀਫ ਕਰਨੀ ਚਾਹੀਦੀ ਹੈ।

ਜੇਕਰ ਬੱਚਾ ਹਕਲਾਉਂਦਾ ਹੈ ਤਾਂ ਉਸਨੂੰ ਤੁਹਾਡੀ ਮਦਦ ਦੀ ਲੋੜ ਹੈ। ਉਸਦੇ ਹਕਲਾਉਣ 'ਤੇ ਉਸਦੀ ਕੁੱਟਮਾਰ ਕਰਨੀ, ਸਜ਼ਾ ਆਦਿ ਦੇਣ ਦਾ ਵਤੀਰਾ ਸਮੱਸਿਆ ਨੂੰ ਹੋਰ ਉਲਝਾ ਸਕਦਾ ਹੈ। ਮਾਤਾ-ਪਿਤਾ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ।

ਡਰ ਕਾਰਨ ਵੀ ਬੱਚੇ ਹਕਲਾਅ ਸਕਦੇ ਹਨ। ਜੇਕਰ ਕਿਸੇ ਵਿਦਿਆਰਥੀ ਦਾ ਕਲਾਸ ਵਿਚ ਧਿਆਨ ਨਹੀਂ ਹੈ ਅਤੇ ਟੀਚਰ ਅਚਾਨਕ ਉਸ ਤੋਂ ਸਵਾਲ ਪੁੱਛ ਲਵੇ ਤਾਂ ਉਹ ਹਕਲਾਉਣ ਲੱਗਦਾ ਹੈ, ਜਦਕਿ ਸਧਾਰਨ ਤੌਰ 'ਤੇ ਉਹ ਹਕਲਾਉਂਦਾ ਨਹੀਂ।

ਮਾਨਸਿਕ ਤੌਰ 'ਤੇ ਤਣਾਅਗ੍ਰਸਤ ਬੱਚੇ ਵੀ ਹਕਲਾਉਂਦੇ ਦੇਖੇ ਗਏ ਹਨ, ਜਦੋਂ ਉਹ ਤਣਾਅ ਵਿਚ ਹੁੰਦੇ ਹਨ ਤਾਂ ਚਾਹ ਕੇ ਵੀ ਸਧਾਰਨ ਰੂਪ ਵਿਚ ਨਹੀਂ ਬੋਲ ਸਕਦੇ।

ਹਕਲਾਹਟ ਵੰਸ਼ਕ ਰੂਪ ਵਿਚ ਵੀ ਹੋ ਸਕਦੀ ਹੈ। ਜੇਕਰ ਮਾਂ ਜਾਂ ਪਿਤਾ ਹਕਲਾਉਂਦੇ ਹਨ ਤਾਂ ਇਸ ਦਾ ਅਸਰ ਬੱਚੇ 'ਚ ਵੀ ਦੇਖਣ ਨੂੰ ਮਿਲ ਸਕਦਾ ਹੈ। ਦਾਦਾ, ਚਾਚਾ, ਤਾਇਆ, ਭੂਆ ਜਾਂ ਨਾਨਾ, ਮਾਮਾ, ਮਾਸੀ ਆਦਿ ਵਿਚੋਂ ਵੀ ਕੋਈ ਹਕਲਾਉਂਦਾ ਹੈ ਤਾਂ ਇਹ ਔਗੁਣ ਬੱਚਿਆਂ ਵਿਚ ਵੀ ਆ ਸਕਦਾ ਹੈ।

ਹਕਲਾਉਣ ਦਾ ਸਭ ਤੋਂ ਵੱਡਾ ਕਾਰਨ ਹੈ ਕਿ ਸੁਰ ਯੰਤਰ ਵਿਚ ਗੜਬੜੀ। ਦਿਮਾਗ ਵਿਚ ਅਸੰਤੁਲਨ, ਖ਼ੂਨ ਵਿਚ ਸ਼ੱਕਰ ਜਾਂ ਕੈਲਸ਼ੀਅਮ ਦੀ ਜ਼ਿਆਦਾ ਮਾਤਰਾ ਆਦਿ ਪ੍ਰੋਟੀਨ ਤੇ ਪੋਟਾਸ਼ੀਅਮ ਦੀ ਕਮੀ ਹੋਣ ਨਾਲ ਵੀ ਬੱਚੇ ਹਕਲਾਉਂਦੇ ਹਨ। ਹਕਲਾਉਣ ਵਾਲੇ ਨੂੰ ਅੱਗੇ ਬੋਲਣ ਵਾਲੇ ਸ਼ਬਦ ਪ੍ਰਤੀ ਭਰਮ-ਭੁਲੇਖਾ ਹੁੰਦਾ ਹੈ। ਜੇਕਰ ਉਸਨੂੰ ਭੁਲੇਖਾ ਨਾ ਹੋਵੇ ਤਾਂ ਉਹ ਬੋਲਦਾ ਹੋਇਆ ਰੁਕੇਗਾ ਨਹੀਂ।





ਆਮ ਕਹਾਵਤ ਹੈ, "ਇਕ ਅਨਾਰ ਸੌ ਬਿਮਾਰ"। ਅਨਾਰ ਬਿਮਾਰਾਂ ਲਈ ਬਹੁਤ ਪੌਸ਼ਟਿਕ ਅਤੇ ਗੁਣਕਾਰੀ ਫੱਲ ਹੈ। ਮਹਿੰਗਾ ਹੋਣ ਕਾਰਨ ਘੱਟ ਹੀ ਪ੍ਰਯੋਗ 'ਚ ਲਿਆਇਆ ਜਾਂਦਾ ਹੈ। ਅਕਸਰ ਬਿਮਾਰ ਹੋਣ 'ਤੇ ਹੀ ਲੋਕ ਅਨਾਰ ਨੂੰ ਇਕ ਦਵਾਈ ਦੇ ਰੂਪ ਵਿਚ ਇਸਤੇਮਾਲ ਕਰਦੇ ਹਨ। ਬਿਮਾਰੀ ਹੋਣ 'ਤੇ ਸਰੀਰਕ ਕਮਜ਼ੋਰੀ, ਲਹੂ ਦੀ ਕਮੀ 'ਚ ਅਨਾਰ ਖਾਣਾ ਬਹੁਤ ਫ਼ਾਇਦੇਮੰਦ ਹੈ। ਅਨਾਰ ਤਿੰਨ ਤਰ੍ਹਾਂ ਦਾ ਹੁੰਦਾ ਹੈ। 1. ਬਹੁਤ ਮਿੱਠਾ 2. ਖਟਮਿੱਠਾ 3. ਖੱਟਾ।

ਇਨ੍ਹਾਂ ਵਿਚ ਵੱਖ,-ਵੱਖ ਔਸ਼ਧੀ ਗੁਣ ਹੁੰਦੇ ਹਨ। ਅਨਾਰ ਸਾਰੇ ਭਾਰਤ ਵਿਚ ਪਾਇਆ ਜਾਂਦਾ ਹੈ ਪਰ ਵਿਸ਼ੇਸ਼ ਕਰ ਕੇ ਅਫ਼ਗਾਨਿਸਤਾਨ, ਬਲੋਚਿਸਤਾਨ ਅਤੇ ਇਰਾਕ 'ਚ ਹੁੰਦਾ ਹੈ। ਕਾਬਲੀ ਅਨਾਰ ਸਭ ਤੋਂ ਉੱਤਮ ਹੁੰਦਾ ਹੈ। ਪਟਨਾ (ਬਿਹਾਰ) ਦਾ ਅਨਾਰ ਵੀ ਚੰਗੀ ਕਿਸਮ ਦਾ ਹੁੰਦਾ ਹੈ।

ਮਿੱਠਾ ਅਨਾਰ ਲਹੂ ਪੈਦਾ ਕਰਨ ਵਾਲਾ ਅਤੇ ਜਿਗਰ ਨੂੰ ਤਾਕਤ ਦੇਣ ਵਾਲਾ ਹੁੰਦਾ ਹੈ। ਪੇਟ ਦੇ ਵਿਕਾਰਾਂ ਅਤੇ ਪੇਟ ਦੇ ਕੀੜਿਆਂ ਨੂੰ ਨਸ਼ਟ ਕਰਨ ਲਈ ਬਹੁਤ ਗੁਣਕਾਰੀ ਹੈ। ਕਬਜ਼, ਪੀਲੀਆ ਤੇ ਸੁੱਕੀ ਖਾਂਸੀ ਦੂਰ ਕਰਦਾ ਹੈ। ਨਵੀਂ ਖੋਜ ਅਨੁਸਾਰ ਅਨਾਰ ਦੀ ਛਿੱਲ ਪੁਰਾਣੇ ਡਾਇਉਰੀਆ (ਅਤਿਸਾਰ) ਅਤੇ ਪੁਰਾਣੀ ਡਾਇਮੈਂਟਰੀ (ਪੇਚਸ਼) ਨੂੰ ਠੀਕ ਕਰਦਾ ਹੈ। ਐਸੇਡਿਟੀ (ਅਮਲਪਿੱਤ) ਦੇ ਰੋਗੀ ਲਈ ਉਪਯੋਗ ਹੈ।

***ਪ੍ਰਦਰ, ਯੋਨੀ ਸੋਜ :*** ਅਨਾਰ ਦੀ ਜੜ੍ਹ ਦੀ ਛਿੱਲ 50 ਗ੍ਰਾਮ ਲੈ ਕੇ ਕੁਟ ਲਵੋ ਅਤੇ ਇਕ ਕਿਲੋ ਪਾਣੀ ਵਿਚ ਉਬਾਲੋ। ਜਦ ਪਾਣੀ ਅੱਧਾ ਰਹਿ ਜਾਵੇ ਤਾਂ ਉਤਾਰ ਕੇ ਠੰਢਾ ਕਰ ਕੇ ਪੁਣ ਛਾਣ ਲਵੋ। ਫਿਰ ਅੱਧਾ ਚਮਚ ਪੀਸੀ ਹੋਈ ਫਟਕੜੀ ਮਿਲਾ ਲਵੋ। ਇਸ ਪਾਣੀ ਨਾਲ ਯੋਨੀ ਨੂੰ ਧੋਵੋ ਜਾਂ ਪਿਚਕਾਰੀ ਨਾਲ ਯੋਨੀ ਨੂੰ ਧੋਵੋ। ਇਸ ਨਾਲ ਯੋਨੀ ਦਾ ਢਿੱਲਾਪਣ, ਯੋਨੀਸੋਜ, ਯੋਨੀ 'ਚੋਂ ਸਫ਼ੈਦ ਪਾਣੀ ਆਉਣਾ ਬੰਦ ਹੋ ਜਾਂਦਾ ਹੈ।

***ਛਾਤੀਆਂ (ਸਤਨਾਂ) ਦਾ ਢਿਲਕਣਾ :*** ਛਿਲਕਾ ਅਨਾਰ, ਫੁੱਲ ਅਨਾਰ, ਪੱਤੇ ਅਨਾਰ, ਜੜ੍ਹ ਅਨਾਰ ਬਰਾਬਰ ਮਾਤਰਾ ਵਿਚ ਲੈ ਕੇ ਛਾਂਵੇਂ ਸੁਕਾ ਲਵੋ। 250 ਗ੍ਰਾਮ ਦੀ ਮਾਤਰਾ ਵਿਚ ਇਨ੍ਹਾਂ ਚੀਜ਼ਾਂ ਦਾ ਚੂਰਨ ਲੈ ਕੇ 2 ਕਿਲੋ ਪਾਣੀ ਵਿਚ ਚੰਗੀ ਤਰ੍ਹਾਂ ਉਬਾਲੋ। ਜਦ ਪਾਣੀ 250 ਗ੍ਰਾਮ ਰਹਿ ਜਾਵੇ ਤਾਂ ਛਾਣ ਕੇ 125 ਗ੍ਰਾਮ ਤੇਲ ਸਰ੍ਹੋਂ ਮਿਲਾ ਕੇ ਫਿਰ ਅੱਗ 'ਤੇ ਪਕਾਵੋ।

ਜਦ ਪਾਣੀ ਸੁੱਕ ਜਾਵੇ ਅਤੇ ਕੇਵਲ ਤੇਲ ਹੀ ਰਹਿ ਜਾਵੇ ਤਾਂ ਉਤਾਰ ਲਵੋ। ਪੁਣ ਛਾਣ ਕੇ ਕਿਸੇ ਸ਼ੀਸ਼ੀ ਵਿਚ ਪਾ ਲਵੋ। ਔਰਤ ਦੀਆਂ ਛਾਤੀਆਂ ਢਿੱਡੀਆਂ ਹੋਣ ਤਾਂ ਉਨ੍ਹਾਂ 'ਤੇ ਕੋਸਾ-ਕੋਸਾ ਤੇਲ ਦਿਨ 'ਚ ਦੋ ਵਾਰੀ ਮਲ ਕੇ ਛਾਤੀਆਂ ਬੰਨ੍ਹ ਲੈਣੀਆਂ ਚਾਹੀਦੀਆਂ ਹਨ। ਕੁਝ ਦਿਨਾਂ ਦੇ ਪ੍ਰਯੋਗ ਨਾਲ ਛਾਤੀਆਂ 'ਚ ਮਜ਼ਬੂਤੀ ਆ ਜਾਵੇਗੀ ਅਤੇ ਢਿੱਲਾਪਣ ਦੂਰ ਹੋ ਜਾਵੇਗਾ।

***ਪੇਟ ਦੇ ਕੀੜੇ :*** ਅਨਾਰ ਜੜ੍ਹ ਦੀ ਛਿੱਲ 50 ਗ੍ਰਾਮ ਲੈ ਕੇ ਕੁੱਟ ਲਵੋ ਅਤੇ 2 ਕਿਲੋ ਪਾਣੀ 'ਚ 24 ਘੰਟੇ ਲਈ ਭਿੱਜੀ ਰਹਿਣ ਦਿਉ। ਫਿਰ ਚੰਗੀ ਤਰ੍ਹਾਂ ਮਸਲ ਲਵੋ ਅਤੇ ਅੱਗ 'ਤੇ ਉਬਾਲ ਲਵੋ। ਜਦ ਪਾਣੀ ਇਕ ਕਿਲੋ ਰਹਿ ਜਾਵੇ ਤਾਂ ਉਤਾਰ ਲਵੋ। ਠੰਢਾ ਹੋਣ ਉਪਰੰਤ ਇਸ ਪਾਣੀ ਦੇ ਤਿੰਨ ਹਿੱਸੇ ਕਰ ਲਵੋ। ਸਵੇਰ, ਦੁਪਹਿਰ ਅਤੇ ਸ਼ਾਮ ਨੂੰ ਪੇਟ ਦੇ ਕੀੜਿਆਂ ਦੇ ਰੋਗੀ ਨੂੰ ਪਿਲਾ ਦਿਉ। ਉਸ ਦਿਨ ਵਰਤ ਹੀ ਰੱਖੋ ਭਾਵ ਕੁਝ ਖਾਣ ਨੂੰ ਨਾ ਦਿਉ। ਦੂਸਰੇ ਦਿਨ ਕੈਸਟਰ ਆਇਲ 2 ਚਮਚ ਪਿਲਾ ਦਿਉ। ਦੁਪਹਿਰ ਤੱਕ ਕੁਝ ਵੀ ਖਾਣ ਨੂੰ ਨਾ ਦਿਉ। ਫਿਰ ਖਿਚੜੀ ਖਵਾ ਦਿਉ। ਇਸ ਪ੍ਰਯੋਗ ਨਾਲ ਸਾਰੇ ਕੀੜ ਮਰ ਕੇ ਬਾਹਰ ਨਿਕਲ ਜਾਣਗੇ।

***ਮੂੰਹ ਦੀ ਬਦਬੂ :*** ਅਨਾਰ ਦੇ ਛਿਲਕਿਆਂ ਨੂੰ ਪਾਣੀ 'ਚ ਉਬਾਲ ਕੇ ਕੁਰਲੀਆਂ ਕਰਨ ਨਾਲ ਮੂੰਹ ਦੀ ਬਦਬੂ ਦੂਰ ਹੋ ਜਾਂਦੀ ਹੈ।

***ਪੇਟ ਦਰਦ :*** ਅਨਾਰ ਦੇ ਮਿੱਠੇ ਦਾਣਿਆਂ 'ਤੇ ਕਾਲੀ ਮਿਰਚ ਅਤੇ ਸੇਂਧਾ ਨਮਕ ਛਿੜਕ ਕੇ ਖਾਣ ਨਾਲ ਪੇਟ ਦਰਦ ਦੂਰ ਹੋ ਜਾਂਦੀ ਹੈ।

***ਖ਼ੂਨੀ ਪ੍ਰਦਰ :*** ਅਨਾਰ ਦੇ ਛਿਲਕਿਆਂ ਨੂੰ ਛਾਂਵੇਂ ਸੁਕਾ ਲਵੋ। ਫਿਰ ਕੁਟ ਪੀਸ ਕੇ ਕੱਪੜ ਛਾਣ ਚੂਰਨ ਬਣਾ ਲਵੋ। ਇਕ ਚਮਚ ਇਹ ਚੂਰਨ ਠੰਢੇ ਪਾਣੀ ਨਾਲ ਖਾਣ ਨਾਲ ਖ਼ੂਨੀ ਪ੍ਰਦਰ ਨੂੰ ਲਾਭ ਹੁੰਦਾ ਹੈ।

# ਦਹੀਂ ਖਾਉ ਬਿਮਾਰੀਆਂ ਭਜਾਓ

ਹਾਂ ਇਹ ਸੱਚ ਹੈ। ਸੰਸਾਰ ਵਿਚ ਦਿਲ ਦੀਆਂ ਬਿਮਾਰੀਆਂ ਤੋ ਗ੍ਰਸਤ ਕਰੋੜਾਂ ਹੀ ਲੋਕ ਹਨ, ਜਿਹੜੇ ਇਸ ਬਿਮਾਰੀ ਨਾਲ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ। ਕਿਹਾ ਜਾਂਦਾ ਹੈ ਕਿ ਬਚਾਅ ਵੀ ਵੱਡਾ ਇਲਾਜ ਹੈ। ਦਹੀਂ ਨੂੰ ਬਹੁਤ ਪੁਰਾਣੇ ਸਮੇਂ ਤੋਂ ਇਕ ਔਸ਼ਧੀ ਦੇ ਰੂਪ ਵਿਚ ਵਰਤਿਆ ਜਾਂਦਾ ਰਿਹਾ ਹੈ। ਐਲਾਈ ਮੈਟਨੀਕੋਫ਼ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਦਹੀਂ ਜਾਂ ਹੋਰ ਖ਼ਮੀਰ ਕੀਤੀਆਂ ਖਾਧ ਵਸਤਾਂ ਖਾਣ ਨਾਲ ਜ਼ਿੰਦਗੀ ਲੰਬੀ ਹੁੰਦੀ ਹੈ। ਵਿਗਿਆਨਕ ਤੌਰ 'ਤੇ ਜੇ ਇਸ ਸਬੰਧੀ ਸ਼ੁਰੂਆਤੀ ਖੋਜ ਦੇਖੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਭ ਤੋਂ ਪਹਿਲਾਂ 1974 ਵਿਚ ਮਾਨ ਅਤੇ ਸਪੋਇਰੀ ਨੇ ਇਹ ਪਰਖ ਕੀਤੀ ਕਿ ਦਹੀਂ ਖਾਣ ਨਾਲ ਬਲੱਡ ਕਲੈਸਟਰੋਲ ਘੱਟਦਾ ਹੈ। ਇਹ ਪਾਇਆ ਗਿਆ ਹੈ ਕਿ 1 ਫੀਸਦੀ ਬਲੱਡ ਕਲੈਸਟਰੋਲ ਘਟਣ ਨਾਲ 2 ਤੋਂ 3 ਫੀਸਦੀ ਦਿਲ ਦੀਆਂ ਬਿਮਾਰੀਆਂ ਘੱਟ ਹੁੰਦੀਆਂ ਹਨ। ਅਸਲ ਵਿਚ ਦਹੀਂ ਵਿਚ ਸੂਖਮ ਜੀਵ ਲੈਕਟੋਬੈਸੀਲਸ ਹੁੰਦੇ ਹਨ, ਜਿਨ੍ਹਾਂ ਨੂੰ ਪ੍ਰੋਬਾਇਓਟਿਕ ਵੀ ਕਿਹਾ ਜਾਂਦਾ ਹੈ।



ਇਹ ਸੂਖਮ ਜੀਵ ਮਨੁੱਖੀ ਸਰੀਰ ਦੇ ਅੰਦਰ, ਬਿਨਾ ਕੋਈ ਨੁਸਕਾਨ ਪਹੁੰਚਾਏ, ਰਹਿੰਦੇ ਹਨ ਅਤੇ ਸਰੀਰ ਨੂੰ ਕਈ ਤਰ੍ਹਾਂ ਨਾਲ ਤੰਦਰੁਸਤ ਰੱਖਣ ਵਿਚ ਸਹਾਈ ਹੁੰਦੇ ਹਨ। ਮਨੁੱਖ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਸੰਸਾਰ ਭਰ ਵਿਚ ਵਿਗਿਆਨੀ ਇਸ ਵਿਸ਼ੇ 'ਤੇ ਅਣਥੱਕ ਮਿਹਨਤ ਕਰ ਰਹੇ ਹਨ ਤਾਂ ਜੋ ਇਸ ਤੋਂ ਵੀ ਵਧੀਆ ਸੂਖਮ ਜੀਵ ਲੱਭਿਆ ਜਾ ਸਕੇ ਜੋ ਮਨੁੱਖੀ ਸਰੀਰ ਨੂੰ ਹੋਰ ਵੀ ਜ਼ਿਆਦਾ ਲਾਭ ਪਹੁੰਚਾਉਣ ਦੇ ਕਾਬਲ ਹੋਵੇ।

ਅਲੱਗ-ਲਅੱਲ ਖੋਜਾਂ ਦੇ ਸਰਵੇਖਣ ਤੋਂ ਬਾਅਦ ਅਧਿਐਨ ਵਿਚ ਇੱਥੋਂ ਤੱਕ ਕਿਹਾ ਗਿਆ ਹੈ ਕਿ ਦਹੀਂ ਖਾਣ ਨਾਲ ਸਰੀਰ ਦੀ ਰੋਗਾਣੂ ਪ੍ਰਤੀਰੋਧਮ ਸਮਰੱਥਾ ਵੀ ਵੱਧ ਜਾਂਦੀ ਹੈ। ਇਸ ਨਾਲ ਕੈਂਸਰ ਵੀ ਘੱਟ ਹੁੰਦਾ ਹੈ। ਇਸ ਖੋਜ ਦੇ ਮੱਦੇਨਜ਼ਰ ਅੱਜ ਬਾਜ਼ਾਰ ਵਿਚ ਪ੍ਰੋਬਾਇਓਟਿਕ ਦੁੱਧ ਜਾਂ ਦਹੀਂ ਆਮ ਹੀ ਮਿਲ ਜਾਂਦਾ ਹੈ।

# ਮੁੱਖ ਮੰਤਰੀ ਵੱਲੋਂ ਸੂਬੇ ਵਿੱਚ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ

## ➢ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ➢ ਮੀਟਿੰਗ ਵਿੱਚ ਰਾਈਸ ਮਿੱਲਰਾਂ ਦੇ ਨੁਮਾਇੰਦੇ ਵੀ ਹੋਏ ਸ਼ਾਮਲ

**ਚੰਡੀਗੜ੍ਹ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਸੂਬੇ ਭਰ ਦੀਆਂ ਮੰਡੀਆਂ ਵਿੱਚ ਕਿਸਾਨਾਂ ਦਾ ਇੱਕ-ਇੱਕ ਦਾਣਾ ਖਰੀਦਣ ਲਈ ਵਚਨਬੱਧ ਹੈ।

ਸੂਬੇ ਵਿੱਚ ਝੋਨੇ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਕੀਤੀ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਫ਼ਸਲ ਮੰਡੀਆਂ ਵਿੱਚ ਪੁੱਜਦੇ ਸਾਰ ਹੀ ਖਰੀਦਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮੌਕੇ 'ਤੇ ਹੀ ਅਦਾਇਗੀ ਯਕੀਨੀ ਬਣਾਉਣ ਲਈ ਵਿਹਾਰਕ ਵਿਧੀ ਵਿਕਸਿਤ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਡੀਆਂ ਵਿੱਚ ਅਨਾਜ ਦੀ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਨਿਰਵਿਘਨ ਅਤੇ ਤਰੁੰਤ ਖਰੀਦ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਸਮੇਂ ਸਿਰ ਅਦਾਇਗੀ ਕਰਨ ਦੀ ਵੀ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਸੂਬੇ ਦੇ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫਸਲ ਦੀ ਵਿਕਰੀ ਸਬੰਧੀ ਕਿਸੇ ਕਿਸਮ ਦੀ ਔਕੜ ਨਹੀਂ ਹੋਣੀ ਚਾਹੀਦੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਦੇ ਹਰ ਦਾਣੇ ਦੀ ਤੁਰੰਤ ਖਰੀਦ ਅਤੇ ਚੁਕਾਈ ਯਕੀਨੀ ਬਣਾਉਣਾ ਸੂਬਾ ਸਰਕਾਰ ਦਾ ਫਰਜ਼ ਹੈ।

ਇਸ ਦੌਰਾਨ ਪੰਜਾਬ ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਵਫ਼ਦ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਦੌਰਾਨ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਉਨ੍ਹਾਂ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਏਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਮਾਜ ਦੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਇਸ ਮੁੱਦੇ ਬਾਰੇ ਕੇਂਦਰੀ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਮਾਮਲੇ ਨੂੰ ਸੁਲਝਾਉਣ ਲਈ ਉਨ੍ਹਾਂ ਦੇ ਦਖਲ ਦੀ ਮੰਗ ਕੀਤੀ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਐਫ.ਸੀ.ਆਈ. ਨੂੰ ਚੌਲਾਂ ਦੀ ਡਿਲਿਵਰੀ ਲਈ ਲੋੜੀਂਦੀ ਜਗ੍ਹਾ ਬਣਾਉਣ ਲਈ ਨਿਰਦੇਸ਼ ਦੇਣ ਲਈ ਕਿਹਾ ਤਾਂ ਜੋ ਸੂਬੇ ਵਿੱਚ ਸਾਉਣੀ ਮੰਡੀਕਰਨ ਸੀਜ਼ਨ 2024-25 ਦੌਰਾਨ ਝੋਨੇ/ਚਾਵਲਾਂ ਦੀ ਖਰੀਦ ਨਿਰਵਿਘਨ ਢੰਗ ਨਾਲ ਹੋ ਸਕੇ। ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਕੋਲ ਭੰਡਾਰਨ ਲਈ ਥਾਂ ਦੀ ਘਾਟ ਦਾ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਨੇ ਅਫਸੋਸ ਪ੍ਰਗਟਾਇਆ ਕਿ ਐਫ.ਸੀ.ਆਈ. ਕੋਲ ਖਾਸ ਤੌਰ 'ਤੇ ਮਈ ਤੋਂ ਲੈ ਕੇ ਹੁਣ ਤੱਕ ਜਗ੍ਹਾ ਦੀ ਕਾਫ਼ੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਾਰਨ ਸੂਬੇ ਦੇ ਚੌਲ ਮਿੱਲਰਾਂ ਵੱਲੋਂ ਸਾਉਣੀ ਮੰਡੀਕਰਨ ਸੀਜ਼ਨ 2023-24 ਦੇ ਚੌਲਾਂ ਦੀ ਡਿਲਿਵਰੀ ਕੇਂਦਰੀ ਪੂਲ ਵਿੱਚ ਐਫ.ਸੀ.ਆਈ. ਨੂੰ ਕਰਨ ਵਿੱਚ ਰੁਕਾਵਟ ਆਈ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਸੂਬੇ ਦੇ ਚੌਲ ਮਿੱਲਰਾਂ ਦਰਮਿਆਨ ਆਗਾਮੀ ਸਾਉਣੀ ਸੀਜ਼ਨ 2024-25 ਦੌਰਾਨ ਥਾਂ ਦੀ ਘਾਟ ਸਬੰਧੀ ਚਿੰਤਾ ਪੈਦਾ ਹੋ ਗਈ ਹੈ।

ਇਸ ਦੌਰਾਨ, ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਸਾਉਣੀ ਮੰਡੀਕਰਨ ਸੀਜ਼ਨ 2024-25 ਦੌਰਾਨ ਅਕਤੂਬਰ 2024 ਦੇ ਅੰਤ ਤੱਕ ਝੋਨੇ ਦੀ ਖਰੀਦ ਲਈ 41,339.81 ਕਰੋੜ ਰੁਪਏ (ਇਕਤਾਲੀ ਹਜ਼ਾਰ ਤਿੰਨ ਸੌ ਉਨਤਾਲੀ ਕਰੋੜ 81 ਲੱਖ ਰੁਪਏ) ਦੀ ਕੈਸ਼ ਕ੍ਰੈਡਿਟ ਲਿਮਿਟ ਜਾਰੀ ਕੀਤੀ ਗਈ ਹੈ।

# ਜ਼ਿਲ੍ਹਾ ਪੱਧਰੀ ਖੇਡਾਂ ਦੇ ਤੀਸਰੇ ਦਿਨ 6 ਹਜ਼ਾਰ ਖਿਡਾਰੀਆਂ ਨੇ ਲਿਆ ਹਿੱਸਾ

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-3 ਦੇ ਤੀਸਰੇ ਦਿਨ 6 ਹਜ਼ਾਰ ਖਿਡਾਰੀਆਂ ਨੇ ਲਿਆ ਹਿੱਸਾ।

ਉਨ੍ਹਾਂ ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਥਲੈਟਿਕਸ 31-40 ਉਮਰ ਵਰਗ ਮੈਨ 10 ਹਜ਼ਾਰ ਮੀਟਰ ਵਾਕ 'ਚ ਸੁਨੀਲ ਯਾਦਵ ਪਟਿਆਲਾ ਸ਼ਹਿਰੀ ਨੇ ਪਹਿਲਾ, ਨਿਰਮਲ ਸਿੰਘ ਨਾਭਾ ਨੇ ਦੂਸਰਾ, ਸੰਦੀਪ ਸਿੰਘ ਪਟਿਆਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 41-50 ਮੈਨ 3 ਹਜ਼ਾਰ ਵਾਕ ਵਿੱਚ ਅਮਰਜੀਤ ਸਿੰਘ ਪਟਿਆਲਾ ਦਿਹਾਤੀ ਨੇ ਪਹਿਲਾ, ਕੁਲਵੀਰ ਸਿੰਘ ਰਾਜਪੁਰਾ ਦੂਜਾ, ਤਪਨੇਸ਼ ਸ਼ਰਮਾ ਪਟਿਆਲਾ ਸ਼ਹਿਰੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਵੂਮੈਨ ਵਿੱਚ ਗਗਨਦੀਪ ਸ਼ੰਭੂਕਲਾਂ ਨੇ ਪਹਿਲਾ, ਸਵਰਨਪ੍ਰੀਤ ਕੌਰ ਪਟਿਆਲਾ ਸ਼ਹਿਰੀ ਨੇ ਦੂਜਾ ਅਤੇ ਬਲਵਿੰਦਰ ਕੌਰ ਘਨੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 41-50 ਵੂਮੈਨ ਈਵੈਂਟ ਸ਼ਾਟਪੁੱਟ ਗੁਰਨਾਮ ਕੌਰ ਪਟਿਆਲਾ ਨੇ ਪਹਿਲਾ, ਆਸ਼ਾ ਰਾਣੀ ਸਮਾਣਾ ਨੇ ਦੂਜਾ ਭੁਪਿੰਦਰ ਕੌਰ ਪਟਿਆਲਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਬਾਕਸਿੰਗ ਅੰਡਰ-17 ਉਮਰ ਵਰਗ ਵਿੱਚ 60-63 ਭਾਰ ਵਰਗ ਵਿੱਚ ਕੁਲਸ਼ਾਨ ਸਿੰਘ ਨੇ ਪਹਿਲਾ, ਆਸ਼ੂ ਨੇ ਦੂਜਾ, ਅਰਮਾਨ ਮਸਾਲ ਨੇ ਤੀਜਾ ਅਤੇ ਰਵਨੀਤ ਸਿੰਘ ਨੇ ਚੌਥਾ ਸਥਾਨ ਪ੍ਰਾਪਤ ਕੀਤਾ, ਇਸੇ ਤਰ੍ਹਾਂ 63-66 ਭਾਰ ਵਰਗ ਵਿੱਚ ਕੰਵਨਪ੍ਰਤਾਪ ਸਿੰਘ ਨੇ ਪਹਿਲਾ, ਦਵਿੰਦਰ ਸਿੰਘ ਨੇ ਦੂਜਾ, ਕੁਨਾਲ ਨੇ ਤੀਜਾ ਅਤੇ ਅਨਮੋਲਦੀਪ ਸਿੰਘ ਨੇ ਚੌਥਾ ਸਥਾਨ ਪ੍ਰਾਪਤ ਕੀਤਾ।

ਬਾਸਕਟਬਾਲ ਅੰਡਰ-14 ਲੜਕਿਆਂ ਦੇ ਫਾਈਨਲ ਮੁਕਾਬਲਿਆਂ ਵਿੱਚ ਮਲਟੀ ਕੋਚਿੰਗ ਸੈਂਟਰ ਨੇ ਮਲਟੀਪਰਪਜ਼ ਸਕੂਲ ਦੀ ਟੀਮ ਨੂੰ 31-19 ਦੇ ਫ਼ਰਕ ਨਾਲ ਹਰਾ ਕਿ ਜਿੱਤ ਹਾਸਲ ਕੀਤੀ।

ਟੇਬਲ ਟੈਨਿਸ ਅੰਡਰ-17 ਲੜਕੇ ਦੇ ਪ੍ਰੀ—ਕੁਆਟਰ ਫਾਈਨਲ ਮੁਕਾਬਲੇ ਵਿੱਚ ਆਰਵ ਪੰਜਾਬੀ ਯੂਨੀਵਰਸਿਟੀ ਨੇ ਅਭੀਨੂਰ ਨੂੰ, ਦਿਪਾਂਸ ਪੰਜਾਬੀ ਯੂਨੀਵਰਸਿਟੀ ਨੇ ਰੁਦਾਰਸ਼ ਘਨੌਰ ਨੂੰ, ਕੁਸ਼ਾਂਤ ਪੰਜਾਬੀ ਯੂਨੀਵਰਸਿਟੀ ਦੇ ਲਕਸ਼ੇ ਡੀ.ਏ.ਵੀ ਸਕੂਲ ਨੂੰ, ਸਤਪ੍ਰੀਤ ਪੋਲੋ ਗਰਾਊਂਡ ਨੇ ਹਰਸ਼ ਡੀ.ਏ.ਵੀ ਨੂੰ ਅਤੇ ਖੁਸ਼ਮਨ ਬੀ.ਡੀ.ਐਸ ਸਕੂਲ ਨੂੰ ਸਖਸ਼ ਨਰੂਲਾ ਸੈਂਟ ਮੈਰੀ ਨੂੰ 3-0 ਦੇ ਫ਼ਰਕ ਨਾਲ ਹਰਾ ਕਿ ਜਿੱਤ ਪ੍ਰਾਪਤ ਕੀਤੀ।

ਲਾਅਨ ਟੈਨਿਸ ਅੰਡਰ-14 ਲੜਕੀਆਂ ਵਿੱਚ ਜਪਮਨ ਨੇ ਗੁਰਨੂਰ ਨੂੰ 4-0, ਨਭਿਆ ਨੇ ਸ੍ਰਈ ਨੂੰ 4-1 ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ।

ਕਿੱਕ ਬਾਕਸਿੰਗ ਅੰਡਰ-17 ਲੜਕੇ ਵਿੱਚ 42 ਕਿੱਲੋਗਰਾਮ ਭਾਰ ਵਰਗ ਵਿੱਚ ਸ਼ਭਮ ਸ.ਸ.ਸ.ਸ ਸਿਵਲ ਲਾਇਨ ਨ ਪਹਿਲਾ ,ਉਮਾ ਸ਼ਕਰ ਮਲਟੀਪਰਪਜ਼ ਸਕੂਲ ਦੂਜਾ, ਯੁਵਰਾਜ ਵਰਮਾ ਅਧਾਰ ਸ਼ਿਖਾ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 37 ਕਿੱਲੋਗਰਾਮ ਵਿੱਚ ਅਰਸ਼ ਰਸੋਲੀ ਪਾਤੜਾਂ ਨੇ ਪਹਿਲਾ, ਜਸ਼ਨਪ੍ਰੀਤ ਸਿੰਘ ਹਡਾਵਾ ਨੇ ਦੂਜਾ ਅਤੇ ਬਿਕਰਮ ਰਾਮ ਸ.ਸ. ਦੁਗਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਚੈੱਸ 70 ਪਲੱਸ ਮੈਨ ਉਮਰ ਵਰਗ ਵਿੱਚ ਗੁਰਮੀਤ ਸਿੰਘ ਨੇ ਪਹਿਲਾ, ਤਰਸੇਮ ਲਾਲ ਨੇ ਦੂਜਾ, ਤਰਲੋਕ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ 70 ਪਲੱਸ ਵੂਮੈਨ ਵਿੱਚ ਕਿਰਨ ਸਿੰਗਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

# ਬੋਲਣ ਤੇ ਸੁਣਨ ਤੋਂ ਅਸਮਰੱਥ ਗਗਨਦੀਪ ਕੌਰ ਹੋਰਨਾਂ ਦਿਵਿਆਂਗਜਨਾਂ ਲਈ ਬਣੀ ਚਾਨਣ ਮੁਨਾਰਾ

## ਮੈਰਿਟ ਦੇ ਆਧਾਰ 'ਤੇ ਡਾਕ ਵਿਭਾਗ 'ਚ ਹਾਸਲ ਕੀਤੀ ਨੌਕਰੀ



**ਲੁਧਿਆਣਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਬਾਬਰਪੁਰ ਦੀ ਬੋਲਣ ਅਤੇ ਸੁਣਨ ਤੋਂ ਅਸਮਰੱਥ ਲੜਕੀ ਗਗਨਦੀਪ ਕੌਰ ਹੋਰਨਾਂ ਦਿਵਿਆਂਗਜਨਾਂ ਲਈ ਚਾਨਣ ਮੁਨਾਰਾ ਬਣੀ ਹੈ ਜਿਸਨੇ ਵਿਪਰੀਤ ਪਰਸਥਿਤੀਆਂ ਵਿੱਚ ਵੀ ਹਾਰ ਨਹੀਂ ਮੰਨੀ ਅਤੇ 10ਵੀਂ ਜਮਾਤ ਵਿੱਚ 650/650 ਅੰਕ ਪ੍ਰਾਪਤ ਕਰਕੇ ਡਾਕਘਰ ਰਾਜਗੜ੍ਹ, ਦੋਰਾਹਾ (ਲੁਧਿਆਣਾ) ਵਿੱਚ ਨੌਕਰੀ ਹਾਸਲ ਕੀਤੀ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਲੁਧਿਆਣਾ ਸ੍ਰੀਮਤੀ ਰਜਿੰਦਰ ਵੱਲੋਂ ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਬੋਲਣ ਅਤੇ ਸੁਣਨ ਤੋਂ ਅਸਮਰੱਥ ਬੱਚੀ ਗਗਨਦੀਪ ਕੌਰ ਪੁੱਤਰੀ ਸਰਦਾਰ ਭੁਪਿੰਦਰ ਸਿੰਘ, ਪਿੰਡ ਬਾਬਰਪੁਰ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਦੀ ਵਾਸੀ ਹੈ ਜਿਸਦੀ ਡਾਕ ਵਿਭਾਗ ਵਿੱਚ ਜੀ.ਡੀ.ਐਸ. ਦੀ ਪੋਸਟ ਲਈ ਚੋਣ ਹੋਈ ਹੈ।

ਉਨ੍ਹਾਂ ਦੱਸਿਆ ਕਿ ਬੱਚੀ ਗਗਨਦੀਪ ਕੌਰ ਜੋ ਕਿ ਆਈ.ਈ.ਆਰ.ਟੀ. ਹਰਜੀਤ ਸਿੰਘ ਬਲਾਕ ਡੇਹਲੋਂ-2 ਵੱਲੋਂ ਸਰਵੇ ਸੈਸ਼ਨ 2012-13 ਦੌਰਾਨ ਮਿਲੀ ਸੀ। ਆਈ.ਈ.ਆਰ.ਟੀ. ਹਰਜੀਤ ਸਿੰਘ ਵੱਲੋਂ ਬੱਚੀ ਦੇ ਮਾਪਿਆਂ ਤੋਂ ਪ੍ਰਾਪਤ ਜਾਣਕਾਰੀ ਅਤੇ ਬੱਚੀ ਦੀ ਅਸੈਸਮੈਂਟ ਕਰਨ ਉਪਰੰਤ ਪਾਇਆ ਗਿਆ ਕਿ ਬੱਚੀ ਸੁਣਨ ਅਤੇ ਬੋਲਣ ਤੋਂ ਅਸਮਰੱਥ ਹੈ।

ਉਨ੍ਹਾਂ ਦੱਸਿਆ ਕਿ ਉਸ ਸਮੇਂ ਗਗਨਦੀਪ ਕੌਰ ਦੀ ਉਮਰ 6 ਸਾਲ ਸੀ ਅਤੇ ਬੱਚੀ ਨੇ ਆਪਣੀ ਪੜ੍ਹਾਈ ਹਾਲੇ ਸ਼ੁਰੂ ਨਹੀਂ ਕੀਤੀ ਸੀ। ਇਸ ਸਬੰਧੀ ਜਦੋਂ ਬੱਚੀ ਦੇ ਮਾਪਿਆਂ ਨੂੰ ਸਕੂਲ ਵਿੱਚ ਦਾਖ਼ਲ ਨਾ ਕਰਵਾਉਣ ਦਾ ਕਾਰਨ ਪੁੱਛਿਆ ਤਾਂ ਬੱਚੀ ਦੇ ਪਿਤਾ ਨੇ ਕਿਹਾ ਕਿ ਇਹ ਸੁਣਨ ਅਤੇ ਬੋਲਣ ਤੋਂ ਅਸਮਰੱਥ ਹੈ ਇਸਨੇ ਕੀ ਪੜ੍ਹਨਾ ਉਨ੍ਹਾ ਦੱਸਿਆ ਕਿ ਬੱਚੀ ਦੇ ਮਾਪਿਆਂ ਦੀ ਕਾਊਂਸਲਿੰਗ ਕਰਕੇ ਪੜ੍ਹਾਈ ਲਈ ਸਹਿਮਤ ਕੀਤਾ ਅਤੇ ਬੱਚੀ ਨੂੰ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ, ਬਾਬਰਪੁਰ ਵਿੱਚ ਦਾਖਲ ਕਰਵਾ ਦਿੱਤਾ ਗਿਆ।

ਬਾਅਦ ਵਿੱਚ, ਬੱਚੀ ਦਾ ਦਿਵਿਆਂਗਤਾ ਦਾ ਸਰਟੀਫਿਕੇਟ ਬਣਵਾਇਆ ਅਤੇ ਸਰਕਾਰ ਵੱਲੋਂ ਜਾਰੀ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਗਗਨਦੀਪ ਕੌਰ ਜਦੋਂ ਪੰਜਵੀਂ ਜਮਾਤ ਪਾਸ ਕਰ ਗਈ ਤਾਂ ਉਸ ਦੇ ਮਾਪਿਆਂ ਨੇ ਉਸ ਨੂੰ ਅਗਲੇ ਸਕੂਲ ਵਿੱਚ ਪੜ੍ਹਾਈ ਕਰਨ ਲਈ ਦਾਖਲ ਨਾ ਕਰਵਾਇਆ। ਉਨ੍ਹਾਂ ਦਾ ਮੰਨਣਾ ਸੀ ਕਿ ਗਗਨਦੀਪ ਕੌਰ ਦੀ ਪੜ੍ਹਾਈ ਜਾਰੀ ਰੱਖਣ ਨਾਲ ਬੋਲਣ ਅਤੇ ਸੁਣਨ ਤੋਂ ਅਸਮਰੱਥ ਬੱਚੀ ਨੂੰ ਹੋਰ ਔਕੜਾਂ ਆਉਣਗੀਆਂ, ਇਸੇ ਫਿਕਰਮੰਦੀ ਤਹਿਤ ਇੱਕ ਸਾਲ ਬੱਚੀ ਦੀ ਪੜ੍ਹਾਈ ਵਿੱਚ ਵਖਵਾ ਪੈ ਗਿਆ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਲੁਧਿਆਣਾ ਸ੍ਰੀਮਤੀ ਰਜਿੰਦਰ ਕੌਰ ਨੇ ਦੱਸਿਆ ਕਿ ਬੱਚੀ ਦੇ ਮਾਪਿਆਂ ਦੀ ਮੁੜ ਕੌਂਸਲਿੰਗ ਕੀਤੀ ਤਾਂ ਉਸਦੇ ਪਿਤਾ ਬੱਚੀ ਨੂੰ ਸਕੂਲ ਭੇਜਣ ਲਈ ਸਹਿਮਤ ਹੋ ਗਏ ਤੇ ਬੱਚੀ ਨੂੰ ਸ.ਸ.ਸ.ਸ. ਸਿਹੌੜਾ ਵਿੱਚ ਦਾਖਲ ਕਰਵਾਇਆ ਗਿਆ। ਬੱਚੀ ਨੇ ਆਪਣੀ ਮਿਹਨਤ ਨਾਲ 10ਵੀਂ ਜਮਾਤ ਵਿੱਚੋਂ 650/650 ਅੰਕ ਪ੍ਰਾਪਤ ਕੀਤੇ ਜਦਕਿ 12ਵੀਂ ਜਮਾਤ ਵਿੱਚ 336/500 ਅੰਕ ਹਾਸਲ ਕੀਤੇ।

# ਪੰਚਾਇਤੀ ਚੋਣਾਂ ਕਰਵਾਉਣ ਦਾ ਸਮਾਂ ਢੁਕਵਾਂ ਨਹੀਂ: ਚੰਦੂਮਾਜਰਾ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰੇਮ ਸਿੰਘ ਚੰਦੂਮਾਜਰਾ ਤੇ ਹੋਰ।

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਲਈ ਤੈਅ ਸਮਾਂ ਢੁਕਵਾਂ ਨਹੀਂ ਹੈ ਕਿਉਂਕਿ ਇਨ੍ਹਾਂ ਦਿਨਾਂ 'ਚ ਪੇਂਡੂ ਤਬਕਾ ਝੋਨੇ ਦੀ ਫਸਲ ਵੱਢਣ, ਸੰਭਾਲਣ ਅਤੇ ਵੇਚਣ 'ਚ ਰੁੱਝਿਆ ਹੋਵੇਗਾ। ਪਾਰਟੀ ਨੇ ਤਰਕ ਦਿਤਾ ਕਿ ਸਰਕਾਰ ਨੇ ਅਸਲ 'ਚ ਇਹ ਸਮਾਂ ਇਸ ਕਰਕੇ ਚੁਣਿਆ ਹੈ ਕਿ ਕਿਉਂਕਿ ਸਰਕਾਰੀ ਪੱਧਰ 'ਤੇ ਝੋਨੇ ਦੀ ਖਰੀਦ ਅਤੇ ਸਾਂਭ ਸੰਭਾਲ ਅਤੇ ਭੰਡਾਰਨ ਲਈ ਢੁਕਵੇਂ ਪ੍ਰਬੰਧ ਨਹੀਂ ਹਨ ਤੇ ਅਜਿਹਾ ਕਰਕੇ ਸਰਕਾਰ ਆਪਣੀ ਇਸ ਨਾਲਾਇਕੀ ਨੂੰ ਪੰਚਾਇਤੀ ਚੋਣਾਂ ਦੇ ਘਮਸਾਣ 'ਚ ਹੀ ਰੋਲ ਦੇਣਾ ਚਾਹੁੰਦੀ ਹੈ।

ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਆਖਿਆ ਹੈ ਕਿ ਪੰਚਾਇਤੀ ਚੋਣਾਂ ਦਾ ਪੰਜਾਬ ਦੇ ਪੇਂਡੂ ਖੇਤਰ 'ਚ ਅਹਿਮ ਮਹੱਤਵ ਹੈ ਬਲਕਿ ਪੰਚਾਇਤ ਚੋਣ ਨੂੰ ਰਾਜਨੀਤੀ ਦਾ ਪਹਿਲਾ ਡੰਡਾ ਮੰਨਣ ਕਰਕੇ ਇਹ ਪ੍ਰਕਿਰਿਆ ਸਮੁੱਚੇ ਰਾਜਨੀਤਕ ਖੇਤਰ 'ਚ ਹੀ ਵਿਸ਼ੇਸ਼ ਸਥਾਨ ਰੱਖਦੀ ਹੈ ਪਰ ਸਰਕਾਰ ਵੱਲੋਂ ਚੋਣਾਂ ਲਈ ਜਾਣਬੁੱਝ ਕੇ ਪੇਂਡੂ ਵਰਗ ਦੇ ਅਤਿ ਰੁਝੇਵੇਂ ਵਾਲੇ ਸਮੇਂ ਦੀ ਚੋਣ ਕੀਤੀ ਗਈ ਹੈ। ਚੰਦੂਮਾਜਰਾ ਨੇ ਮੰਗ ਕੀਤੀ ਕਿ ਸਰਕਾਰ ਚੋਣਾਂ ਲਈ ਐਲਾਨੀ ਗਈ ਤਰੀਕ 'ਤੇ ਮੁੜ ਗੌਰ ਕਰੇ।

ਸ਼੍ਰੋਮਣੀ ਅਕਾਲੀ ਸੁਧਾਰ ਲਹਿਰ ਦੇ ਪ੍ਰੀਜ਼ੀਡੀਅਮ ਮੈਂਬਰ ਤੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਚਾਇਤੀ ਚੋਣਾਂ ਦੇ ਐਲਾਨ 'ਚ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਦਿੱਤਾ ਹੈ। ਵਿਸ਼ੇਸ਼ ਤੌਰ 'ਤੇ ਡਾ. ਭੀਮ ਰਾਓ ਅੰਬੇਡਕਰ ਦੀ ਸੋਚ ਨੂੰ ਦਰ ਕਿਨਾਰੇ ਕਰ ਕੇ ਜਿਹੜਾ ਪੰਚਾਇਤੀ ਚੋਣਾਂ ਵਿਚ ਬਿਨਾਂ ਕੋਈ ਵਿਸ਼ੇਸ਼ ਹਦਾਇਤਾਂ ਤੋਂ ਡਿਪਟੀ ਕਮਿਸ਼ਨਰਾਂ ਨੂੰ ਰਾਖਵੇਂਕਰਨ ਦਾ ਰੋਸਟਰ ਤਿਆਰ ਕਰਨ ਲਈ ਆਖ ਦਿੱਤਾ ਹੈ ਜਿਸ ਦੀ ਵਿਧਾਇਕਾਂ ਵੱਲੋਂ ਦੁਰਵਰਤੋਂ ਕਰਨੀ ਯਕੀਨੀ ਹੈ। ਹਰਿੰਦਰਪਾਲ ਚੰਦੂਮਾਜਰਾ ਅੱਜ ਸਨੌਰ 'ਚ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ।

# ਡਿਪਟੀ ਕਮਿਸ਼ਨਰ ਨੇ ਸੜਕੀ ਦੁਰਘਟਨਾਵਾਂ ਨੂੰ ਰੋਕਣ ਅਤੇ ਸੁਚਾਰੂ ਟ੍ਰੈਫ਼ਿਕ ਪ੍ਰਬੰਧਾਂ ਸਬੰਧੀ ਕੀਤੀ ਬੈਠਕ

**ਬਠਿੰਡਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰੋਡ ਸੇਫ਼ਟੀ ਸਬੰਧੀ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਬਾਰੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਜ਼ਿਲ੍ਹੇ ਅੰਦਰ ਸੜਕ ਦੁਰਘਟਨਾਵਾਂ ਨੂੰ ਰੋਕਣ ਅਤੇ ਟ੍ਰੈਫ਼ਿਕ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ ਗਏ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਰੋਡ ਸੇਫ਼ਟੀ ਦੇ ਮੱਦੇਨਜ਼ਰ ਚੁੱਕੇ ਜਾਣ ਵਾਲੇ ਸੁਚਾਰੂ ਕਦਮਾਂ, ਰੋਡ ਮੈਪ, ਸੁਝਾਅ ਅਤੇ ਪਲਾਨ ਤਿਆਰ ਕਰਦਿਆਂ ਜਲਦ ਤੋਂ ਜਲਦ ਰਿਪੋਰਟ ਪੇਸ਼ ਕੀਤੀ ਜਾਵੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਟਰੈਫਿਕ ਲਾਈਟਾਂ, ਸੜਕਾਂ ਉਪਰ ਮਾਰਕਿੰਗ ਅਤੇ ਸਾਈਨ ਬੋਰਡ, ਮੈਨ ਚੌਕਾਂ ਵਿੱਚ ਸੀਸੀਟੀਵੀ ਕੈਮਰੇ ਲਗਾਉਣੇ ਅਤੇ ਉਨ੍ਹਾਂ ਨੂੰ ਚਾਲੂ ਹਾਲਤ ਵਿੱਚ ਰੱਖਣੇ ਯਕੀਨੀ ਬਣਾਏ ਜਾਣ। ਇਸ ਤੋਂ ਇਲਾਵਾ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਪੱਠਿਆਂ ਵਾਲੀਆਂ ਟਾਲਾਂ ਨੂੰ ਸਾਈਡ ਤੇ ਕਰਵਾਇਆ ਜਾਵੇ ਤਾਂ ਜੋ ਅਵਾਰਾ ਪਸ਼ੂਆਂ ਨਾਲ ਹੋਣ ਵਾਲੇ ਹਾਦਸਿਆਂ ਤੋਂ ਬਚਿਆ ਜਾ ਸਕੇ।

ਸ਼ੌਕਤ ਅਹਿਮਦ ਪਰੇ ਨੇ ਟ੍ਰੈਫਿਕ ਪੁਲਿਸ ਅਤੇ ਪੀਆਰਟੀਸੀ ਬਠਿੰਡਾ ਡੀਪੂ ਦੇ ਅਧਿਕਾਰੀਆਂ ਨੂੰ ਕਿਹਾ ਕਿ ਬੱਸ ਸਟੈਂਡ ਦੇ ਸਾਹਮਣੇ ਲੱਗੀਆਂ ਲਾਈਟਾਂ ਤੇ ਸਵਾਰੀਆਂ ਨੂੰ ਬੱਸਾਂ ਵਿੱਚੋਂ ਉਤਰਨ ਤੋਂ ਸਖਤੀ ਨਾਲ ਰੋਕਿਆ ਜਾਵੇ ਤਾਂ ਜੋ ਇੱਥੇ ਹੋ ਰਹੇ ਹਾਦਸਿਆਂ ਨੂੰ ਠੱਲ੍ਹ ਪੈ ਸਕੇ।

ਡਿਪਟੀ ਕਮਿਸ਼ਨਰ ਨੇ ਇਹ ਵੀ ਹਦਾਇਤ ਕੀਤੀ ਕਿ ਦੁਰਘਟਨਾਵਾਂ ਤੋਂ ਬਚਾਅ ਲਈ ਜਾਗਰੂਕ ਕਰਨ ਵਾਸਤੇ ਸਪੈਸ਼ਲ ਕੈਂਪ ਲਗਾਉਣ ਤੋਂ ਇਲਾਵਾ ਡਰਾਈਵਰਾਂ ਦੀ ਪੁਲਿਸ ਵੈਰੀਫ਼ਿਕੇਸ਼ਨ, ਅੱਖਾਂ ਦਾ ਚੈਕਅਪ ਅਤੇ ਡੋਪ ਟੈਸਟ ਵੀ ਕਰਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਸ਼ਹਿਰ ਦੀਆਂ ਸੜਕਾਂ ਤੇ ਪਏ ਟੋਇਆਂ ਆਦਿ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਟ੍ਰੈਫ਼ਿਕ ਪੁਲਿਸ ਅਧਿਕਾਰੀਆਂ ਨੂੰ ਜ਼ਿਲ੍ਹੇ ਅੰਦਰ ਸੜਕ ਸੁਰੱਖਿਆ ਨਿਯਮਾਂ ਸਬੰਧੀ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਅਤੇ ਨਾਬਾਲਗ ਬੱਚਿਆਂ ਨੂੰ ਵਹੀਕਲ ਚਲਾਉਣ ਤੋਂ ਰੋਕਣ ਲਈ ਵੀ ਆਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਸੜਕ ਸੁਰੱਖਿਆ ਫੋਰਸ ਨੂੰ ਵੀ ਹਦਾਇਤ ਕੀਤੀ ਕਿ ਟ੍ਰੈਫ਼ਿਕ ਨਿਯਮਾਂ ਸਬੰਧੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।

ਉਨ੍ਹਾਂ ਬਾਲ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਕੂਲ ਵਾਹਨ ਸਕੀਮ ਤਹਿਤ ਕੈਂਪ ਲਗਾ ਕੇ ਵੱਧ ਤੋਂ ਵੱਧ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇ ਅਤੇ ਸ਼ਹਿਰ ਦੇ ਚੌਂਕਾਂ ਆਦਿ ਵਿਖੇ ਭੀਖ ਮੰਗਣ ਵਾਲੇ ਬੱਚਿਆਂ ਨੂੰ ਵੀ ਜਾਗਰੂਕ ਕਰਦਿਆਂ ਉਨ੍ਹਾਂ ਨੂੰ ਸਕੂਲਾਂ ਵਿਚ ਦਾਖ਼ਲ ਕਰਵਾਇਆ ਜਾਵੇ।

ਬੈਠਕ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਹੋਰ ਦੁਰਘਟਨਾਵਾਂ ਦਾ ਕਾਰਨ ਬਣਨ ਵਾਲੇ ਵੱਖ-ਵੱਖ ਸੰਭਾਵੀ ਸਥਾਨਾਂ ਅਤੇ ਟ੍ਰੈਫ਼ਿਕ ਵਿਚ ਵਿਘਨ ਪਾਉਣ ਵਾਲੀਆਂ ਥਾਵਾਂ ਦੀ ਸਨਾਖ਼ਤ ਤੋਂ ਇਲਾਵਾ ਭਾਗੂ ਰੋਡ ਸਿਵਲ ਲਾਈਨ ਦੀ ਈ-ਲਾਈਨ ਵਿਚ ਹੈਵੀ ਵਹੀਕਲਾਂ ਦੀ ਆਵਾਜਾਈ ਬੰਦ ਕਰਨ, ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਟ ਦੇ ਸਾਹਮਣੇ ਸਪੀਡ ਬ੍ਰੇਕਰ ਬਨਾਉਣ, ਸਿਵਲ ਹਸਪਤਾਲ ਗੇਟ ਅੱਗੇ ਹੰਪ ਬਨਾਉਣ ਅਤੇ ਭਾਈ ਮਤੀ ਦਾਸ ਚੌਂਕ ਸਾਹਮਣੇ ਟ੍ਰੈਫ਼ਿਕ ਸੁਚਾਰੂ ਢੰਗ ਨਾਲ ਚਲਾਉਣ ਦੇ ਮੱਦੇਨਜ਼ਰ ਸਬੰਧਤ ਅਧਿਕਾਰੀਆਂ ਨੂੰ ਜਲਦ ਸਰਵੇ ਰਿਪੋਰਟ ਪੇਸ਼ ਕਰਨ ਲਈ ਕਿਹਾ ਤਾਂ ਜੋ ਇਸ ਸਬੰਧੀ ਅਗਲੇਰੀ ਕਾਰਵਾਈ ਆਰੰਭੀ ਜਾ ਸਕੇ।

ਇਸ ਮੌਕੇ ਸਿਖਲਾਈ ਅਧੀਨ ਆਈਏਐਸ ਰਾਕੇਸ਼ ਕੁਮਾਰ ਮੀਨਾ, ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਨਰਿੰਦਰ ਸਿੰਘ, ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਸ. ਹਰਜਿੰਦਰ ਸਿੰਘ ਜੱਸਲ, ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ਼੍ਰੀ ਬਲਕਰਨ ਸਿੰਘ ਮਾਹਲ, ਉਪ ਮੰਡਲ ਮੈਜਿਸਟ੍ਰੇਟ ਮੌੜ ਸ਼੍ਰੀ ਸੁਖਰਾਜ ਸਿੰਘ ਢਿੱਲੋਂ, ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ ਸ਼੍ਰੀ ਗਗਨਦੀਪ ਸਿੰਘ, ਡੀ.ਐਸ.ਪੀ ਸ਼੍ਰੀ ਹਰਿੰਦਰ ਸਿੰਘ ਸਰਾਂ ਤੋਂ ਇਲਾਵਾ ਐਨ.ਐਚ.ਏ.ਆਈ, ਨਗਰ ਨਿਗਮ, ਪੀਆਰਟੀਸੀ, ਸਿਹਤ ਵਿਭਾਗ, ਸਿੱਖਿਆ ਵਿਭਾਗ, ਟ੍ਰੈਫ਼ਿਕ ਪੁਲਿਸ ਆਦਿ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸੈਲਰਾਂ ਮਾਲਕਾਂ ਨਾਲ ਬੈਠਕ, ਝੋਨੇ ਦੇ ਸੀਜਨ ਸਬੰਧੀ ਕੀਤੀਆਂ ਵਿਚਾਰਾਂ



**ਫਾਜ਼ਿਲਕਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਾਮੀ ਝੋਨੇ ਦੇ ਸੀਜਨ ਦੇ ਮੱਦੇਨਜਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਅੱਜ ਇੱਥੇ ਜ਼ਿਲ੍ਹੇ ਦੇ ਸੈਲਰ ਮਾਲਕਾਂ ਨਾਲ ਬੈਠਕ ਕਰਕੇ ਅਗਾਮੀ ਸੀਜਨ ਸਬੰਧੀ ਉਨ੍ਹਾਂ ਨਾਲ ਵਿਚਾਰਾਂ ਕੀਤੀਆਂ ਅਤੇ ਉਨ੍ਹਾਂ ਦੀਆਂ ਮੁਸਕਿਲਾਂ ਸੁਣੀਆਂ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਝੋਨੇ ਦੀ ਮਿਲਿੰਗ ਸਹੀ ਤਰੀਕੇ ਨਾਲ ਹੋਵੇ ਅਤੇ ਮੰਡੀਆਂ ਵਿਚੋਂ ਸਰਕਾਰ ਵੱਲੋਂ ਖਰੀਦ ਕੀਤੇ ਝੋਨੇ ਦੀ ਨਾਲੋ ਨਾਲ ਲਿਫਟਿੰਗ ਹੁੰਦੀ ਰਹੇ ਇਸ ਲਈ ਆਗਾਮੀ ਸੀਜਨ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਵਿਚਾਰ ਚਰਚਾ ਕਰਨ ਅਤੇ ਸੈਲਰ ਮਾਲਕਾਂ ਦੀਆਂ ਮੁਸਕਿਲਾਂ ਦੇ ਹੱਲ ਲਈ ਇਹ ਬੈਠਕ ਕੀਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਝੋਨੇ ਦੇ ਮੰਡੀਕਰਨ ਅਤੇ ਇਸਦੀ ਮਿਲਿੰਗ ਵਿਚ ਸੈਲਰ ਇਕ ਪ੍ਰਮੁੱਖ ਧਿਰ ਹਨ ਅਤੇ ਸਰਕਾਰ ਵੱਲੋਂ ਸਮੂਹ ਧਿਰਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾਣੀ ਯਕੀਨੀ ਬਣਾਉਣ ਦੇ ਨਾਲ ਸੈਲਰ ਮਾਲਕਾਂ ਵੱਲੋਂ ਦੱਸੀਆਂ ਮੁਸਕਿਲਾਂ ਦੇ ਹੱਲ ਕੀਤੇ ਜਾਣੇ ਯਕੀਨੀ ਬਣਾਏ ਜਾਣਗੇ। ਉਨ੍ਹਾਂ ਨੇ ਕਿਹਾ ਕਿ ਝੋਨੇ ਦੀ ਖਰੀਦ ਦੌਰਾਨ ਕਿਸੇ ਵੀ ਧਿਰ ਨੂੰ ਮੁਸਕਿਲ ਨਹੀਂ ਆਉਣ ਦਿੱਤੀ ਜਾਵੇਗੀ ।

ਉਨ੍ਹਾਂ ਨੇ ਕਿਸਾਨਾਂ ਨੂੰ ਵੀ ਇਸ ਮੌਕੇ ਅਪੀਲ ਕੀਤੀ ਕਿ ਫਸਲ ਦੀ ਵਾਢੀ ਦੀ ਕਾਹਲ ਨਾ ਕਰਨ ਅਤੇ ਪੂਰੀ ਤਰਾਂ ਪੱਕਣ ਤੇ ਹੀ ਫਸਲ ਦੀ ਕਟਾਈ ਕੀਤੀ ਜਾਵੇ। ਕਟਾਈ ਦਿਨ ਵੇਲੇ ਕਰਨ ਨੂੰ ਤਰਜੀਹ ਦਿੱਤੀ ਜਾਵੇ ਅਤੇ ਮੰਡੀ ਵਿਚ ਸੁੱਕੀ ਫਸਲ ਲਿਆਂਦੀ ਜਾਵੇ। ਉਨ੍ਹਾਂ ਨੇ ਮਿਲਰਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਦੱਸੀਆਂ ਮੁਸਕਿਲਾਂ ਦਾ ਹੱਲ ਕੀਤਾ ਜਾਵੇਗਾ।

ਬੈਠਕ ਵਿਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਮਨਦੀਪ ਕੌਰ, ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਸ੍ਰੀ ਹਿਮਾਂਸ਼ੂ ਕੁੱਕੜ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀ ਹਾਜਰ ਸਨ।

# ਨਟਰਾਜ ਆਰਟਸ ਥੀਏਟਰ ਨੇ ਸਵੱਛ ਭਾਰਤ ਮਿਸ਼ਨ ਤਹਿਤ ਨਾਟਕ ਮੇਲਾ ਕਰਵਾਇਆ

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਸਵੱਛ ਭਾਰਤ ਮਿਸ਼ਨ ਤਹਿਤ ਸਵੱਛਤਾ ਹੀ ਸੇਵਾ ਦੇ ਅਧੀਨ ਨਟਰਾਜ ਆਰਟਸ ਥੀਏਟਰ ਪਟਿਆਲਾ ਨੇ ਐਨਜੈਡਸੀਸੀ ਦੇ ਸਹਿਯੋਗ ਨਾਲ ਪਟਿਆਲਾ ਸ਼ਹਿਰ ਦੀ ਸਰਕਾਰੀ ਉਦਯੋਗਿਕ ਸੰਸਥਾ (ਗਰਲਜ਼) ਅਤੇ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਵਿੱਚ ਦੋ ਰੋਜ਼ਾ ਨੁੱਕੜ ਨਾਟਕ ਮੇਲਾ ਕਰਵਾਇਆ। ਇਸ ਦੌਰਾਨ 'ਅਬ ਤੋ ਸੁਧਰੋ' ਨਾਟਕ ਦਾ ਮੰਚਨ ਵੀ ਹੋਇਆ। ਜਾਣਕਾਰੀ ਅਨੁਸਾਰ ਇਹ ਪ੍ਰੋਗਰਾਮ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ 2 ਅਕਤੂਬਰ ਤੱਕ ਜਾਰੀ ਰਹੇਗਾ, ਜਿਸ ਵਿਚ ਉੱਤਰ ਖੇਤਰੀ ਸਭਿਆਚਾਰਕ ਕੇਂਦਰ ਪਟਿਆਲਾ ਅਤੇ ਨਟਰਾਜ ਆਰਟਸ ਥੀਏਟਰ ਨੇ ਗੋਪਾਲ ਸ਼ਰਮਾ ਦੇ ਨਿਰਦੇਸ਼ਨ ਹੇਠ ਮੇਲੇ ਦਾ ਆਯੋਜਨ ਕੀਤਾ। ਇਸ ਮੌਕੇ 'ਅਬ ਤੋ ਸੁਧਰੋ' ਨਾਟਕ ਰਾਹੀਂ ਦਰਖਤਾਂ ਦੀ ਮਹੱਤਤਾ, ਨਦੀਆਂ ਦੇ ਪਾਣੀ ਨੂੰ ਗੰਦਾ ਹੋਣ ਤੋਂ ਰੋਕਣਾ, ਪਾਣੀ ਦੀ ਬਰਬਾਦੀ ਨਾ ਕਰਨ ਦਾ ਸੰਦੇਸ਼, ਬਿਨਾਂ ਹੈਲਮੇਟ ਤੇ ਬਿਨਾਂ ਲਾਇਸੈਂਸ ਕੋਈ ਵੀ ਵਾਹਨ ਆਦਿ ਨਾ ਚਲਾਉਣਾ ਅਤੇ ਕਾਨੂੰਨ ਦਾ ਉਲੰਘਣਾ ਨਾ ਕਰਨਾ ਨੂੰ ਬਾਖੂਬੀ ਦਿਖਾਇਆ ਗਿਆ ਹੈ। ਨਾਟਕ ਵਿੱਚ ਸ਼ਾਮਲ ਕਲਾਕਾਰਾਂ ਵਿੱਚ ਗੋਪਾਲ ਸ਼ਰਮਾ, ਜਸਪ੍ਰੀਤ, ਨਿਰਮਲ, ਹਾਰਦਿਕ ਅਤੇ ਬਲਜੀਤ ਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਜਿੱਤ ਲਿਆ।

# ਫਾਰਮਾਸਿਸਟਾਂ ਨੇ ਕਾਲੀਆਂ ਪੱਟੀਆਂ ਬੰਨ੍ਹ ਕੇ ਸਰਕਾਰ ਖ਼ਿਲਾਫ਼ ਰੋਸ ਪ੍ਰਗਟਾਇਆ

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਰ ਦੇ ਸਮੂਹ ਡਾਕਟਰਾਂ ਨੇ ਅੱਜ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕਰਦੇ ਹੋਏ ਆਪਣੀ ਡਿਊਟੀ ਦੌਰਾਨ ਕਾਲੇ ਬਿੱਲੇ ਅਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਵਿਸ਼ਵ ਫ਼ਾਰਮੇਸਿਸਟ ਦਿਹਾੜਾ ਮਨਾਇਆ। ਇਸ ਦੇ ਨਾਲ ਹੀ ਅੱਜ ਰੂਰਲ ਹੈਲਥ ਫ਼ਾਰਮੇਸੀ ਅਫ਼ਸਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਕਮਲਜੀਤ ਸਿੰਘ ਚੌਹਾਨ ਨੇ ਸਾਰੇ ਸੂਬਾ ਕਮੇਟੀ ਮੈਂਬਰਾਂ ਨਾਲ ਆਨਲਈਨ ਮੀਟਿੰਗ ਕੀਤੀ। ਮੀਟਿੰਗ ਵਿੱਚ ਫ਼ੈਸਲਾ ਕੀਤਾ ਕਿ ਜੇਕਰ ਸਰਕਾਰ 6 ਅਕਤੂਬਰ ਤੱਕ ਮੰਗਾਂ ਪੂਰੀਆਂ ਨਹੀਂ ਕਰਦੀ ਤਾਂ 7 ਅਕਤੂਬਰ ਨੂੰ ਵਿਕਾਸ ਭਵਨ ਮੁਹਾਲੀ ਦਾ ਘਿਰਾਓ ਕੀਤਾ ਜਾਵੇਗਾ। ਇਸ ਤੋਂ ਇਲਾਵਾ ਮੁੱਖ ਮੰਤਰੀ, ਪੰਚਾਇਤ ਮੰਤਰੀ ਤੇ ਡਾਇਰੈਕਟਰ ਆਰਡੀਪੀ ਦਾ ਪੁਤਲਾ ਵੀ ਫੂਕਿਆ ਜਾਵੇਗਾ। ਐਸੋਸੀਏਸ਼ਨ ਦੇ ਸੂਬਾ ਆਗੂ ਸਵਰਤ ਸ਼ਰਮਾ ਅਤੇ ਗੁਰਵਿੰਦਰ ਸਿੰਘ ਨੀਰ ਨੇ ਕਿਹਾ ਕਿ ਸਮੂਹ ਰੂਰਲ ਹੈਲਥ ਫ਼ਾਰਮੇਸੀ ਅਫ਼ਸਰ ਸਿਹਤ ਸੇਵਾਵਾਂ ਦੀ ਰੀੜ੍ਹ ਦੀ ਹੱਡੀ ਹੈ ਪਰ ਰਾਜ ਸਰਕਾਰ ਵੱਲੋਂ ਇਨ੍ਹਾਂ ਦੀ ਕਦਰ ਨਹੀਂ ਕੀਤੀ ਜਾ ਰਹੀ ਕਿਉਂਕਿ ਪਿੰਡਾਂ ਦੀਆਂ ਡਿਸਪੈਂਸਰੀਆਂ ਵਿੱਚ ਉਹ ਦੋ ਦਹਾਕਿਆਂ ਤੋਂ ਕੱਚੇ ਮੁਲਾਜ਼ਮਾਂ ਵਜੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ ਜਿਸ ਕਰਕੇ ਰੂਰਲ ਹੈਲਥ ਫ਼ਾਰਮੇਸੀ ਅਫ਼ਸਰ ਪੰਜਾਬ ਸਰਕਾਰ ਤੋਂ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਮਈ 2023 ਵਿੱਚ 10 ਸਾਲਾਂ ਤੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਸਬੰਧੀ ਨੀਤੀ ਲਿਆਂਦੀ ਸੀ, ਜਿਸ ਦੇ ਆਧਾਰ 'ਤੇ ਸਾਰੇ ਰੂਰਲ ਹੈਲਥ ਫ਼ਾਰਮੇਸੀ ਅਫ਼ਸਰ ਵੀ ਰੈਗੂਲਰ ਹੋਣ ਜਾ ਰਹੇ ਸੀ। ਦਫ਼ਤਰੀ ਕਾਰਵਾਈ ਨਵੰਬਰ 2023 ਤੱਕ ਮੁਕੰਮਲ ਹੋ ਜਾਣ ਦੇ ਬਾਵਜੂਦ ਸਰਕਾਰ ਨੇ ਇਸ ਪਾਲਸੀ ਨੂੰ ਲਾਗੂ ਨਾਲ ਮਜ਼ਾਕ ਕੀਤਾ ਹੈ।

# ਐਸ.ਡੀ.ਐਮ. ਸ੍ਰੀ ਚਮਕੌਰ ਸਾਹਿਬ ਵਲੋਂ ਵਾਰਡ ਨੰਬਰ 10 ਦੀ ਅਚਨਚੇਤ ਚੈਕਿੰਗ ਕੀਤੀ ਗਈ

**ਸ਼੍ਰੀ ਚਮਕੌਰ ਸਾਹਿਬ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ, ਰੂਪਨਗਰ ਸ਼੍ਰੀ ਹਿਮਾਂਸ਼ੂ ਜੈਨ ਦੇ ਨਿਰਦੇਸ਼ਾਂ ਅਨੁਸਾਰ ਸਬ ਸ੍ਰੀ ਚਮਕੌਰ ਸਾਹਿਬ ਵਿਖੇ ਐਸ ਡੀ ਐਮ ਸ. ਅਮਰੀਕ ਸਿੰਘ ਸਿੱਧੂ, ਪੀ.ਸੀ.ਐਸ. ਵਲੋਂ ਵਾਰਡ ਨੰਬਰ 10 ਦੀ ਨਗਰ ਕੌਂਸਲ ਦੇ ਅਧਿਕਾਰੀਆਂ ਸਮੇਤ ਅਚਨਚੇਤ ਚੈਕਿੰਗ ਕੀਤੀ ਗਈ।

ਉਨ੍ਹਾਂ ਚੈਕਿੰਗ ਦੌਰਾਨ ਵਾਰਡ ਨੰਬਰ 10 ਦੇ ਵਸਨੀਕਾਂ ਪਾਸੋਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਅਤੇ ਸਮੱਸਿਆਵਾਂ ਦਾ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

ਚੈਕਿੰਗ ਦੌਰਾਨ ਮੌਕੇ ਉਤੇ ਨਾਲੇ ਦੀ ਸਾਫ-ਸਫਾਈ ਨਾ ਹੋਣ ਕਰਕੇ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸਖਤ ਹਦਾਇਤ ਕੀਤੀ ਗਈ ਕਿ ਤੁਰੰਤ ਨਾਲੇ ਦੀ ਸਾਫ-ਸਫਾਈ ਕਰਵਾਈ ਜਾਵੇ ਅਤੇ ਜਿਨ੍ਹਾਂ ਵਸਨੀਕਾਂ ਵਲੋਂ ਹੁਣ ਤੱਕ ਸੀਵਰੇਜ ਦੇ ਕਨੇਸ਼ਨ ਨਹੀਂ ਲਏ ਗਏ, ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਜਾਣ।

ਇਸ ਮੌਕੇ ਨਾਇਬ ਤਹਿਸੀਲਦਾਰ, ਸ੍ਰੀ ਚਮਕੌਰ ਸਾਹਿਬ, ਨਗਰ ਕੌਂਸਲ ਸ੍ਰੀ ਚਮਕੌਰ ਸਾਹਿਬ ਦੇ ਅਧਿਕਾਰੀ/ਕਰਮਚਾਰੀ ਅਤੇ ਸੁਪਰਡੰਟ, ਐਸ.ਡੀ.ਐਮ. ਦਫਤਰ ਹਾਜ਼ਰ ਸੀ।

# ਪੰਜਾਬੀ 'ਚ ਕੰਮ ਨਾ ਕਰਨ 'ਤੇ ਭਾਸ਼ਾ ਵਿਭਾਗ ਵੱਲੋਂ ਪਾਵਰਕੌਮ ਨੂੰ ਨੋਟਿਸ

## ਭਾਸ਼ਾ ਵਿਭਾਗ ਕੋਲ ਪੁੱਜੀਆਂ ਸ਼ਿਕਾਇਤਾਂ; ਰਾਜ ਭਾਸ਼ਾ ਐਕਟ ਅਨੁਸਾਰ ਕੰਮ ਹੋਣਾ ਲਾਜ਼ਮੀ: ਡਾਇਰੈਕਟਰ

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ 2008 ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ, ਜਿਸ ਕਰ ਕੇ ਦਫ਼ਤਰਾਂ ਵਿਚ ਅੰਗਰੇਜ਼ੀ ਦਾ ਹੀ ਬੋਲਬਾਲਾ ਹੈ। ਇਸ ਸਬੰਧੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼ਫ਼ਰ ਕੋਲ ਸ਼ਿਕਾਇਤਾਂ ਪੁੱਜੀਆਂ ਹਨ ਤੇ ਇਨ੍ਹਾਂ ਸ਼ਿਕਾਇਤਾਂ ਦੇ ਆਧਾਰ 'ਤੇ ਹੀ ਪਾਵਰਕੌਮ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਵੱਲੋਂ ਪੰਜਾਬ ਰਾਜ ਪਾਵਰਕੌਮ ਕਾਰਪੋਰੇਸ਼ਨ ਦੇ ਚੇਅਰਮੈਨ ਬਲਦੇਵ ਸਿੰਘ ਸਰਾ ਨੂੰ ਲਿਖਿਆ ਗਿਆ ਹੈ ਕਿ ਪਾਵਰਕੌਮ ਵਿਚ ਪੰਜਾਬੀ ਵਿਚ ਕੰਮ ਨਹੀਂ ਹੋ ਰਿਹਾ, ਜਿਸ ਦੀਆਂ ਸ਼ਿਕਾਇਤਾਂ ਸਬੰਧੀ ਸਬੂਤ ਵੀ ਨਾਲ ਲਗਾਏ ਗਏ ਹਨ। ਸ਼ਿਕਾਇਤਾਂ ਵਿੱਚ ਕਿਹਾ ਗਿਆ ਹੈ ਕਿ ਭਾਸ਼ਾ ਵਿਭਾਗ ਦੇ ਦਫ਼ਤਰ ਦੇ ਬਿਲਕੁਲ ਨਾਲ ਪਾਵਰਕੌਮ ਦਾ ਮੁੱਖ ਦਫ਼ਤਰ ਹੈ, ਜਿਸ ਵਿਚ ਬਹੁਤ ਸਾਰੇ ਆਮ ਲੋਕਾਂ ਨਾਲ ਸਬੰਧਤ ਕੰਮ ਮਾਂ ਬੋਲੀ ਪੰਜਾਬੀ ਵਿੱਚ ਨਹੀਂ ਹੁੰਦੇ ਤੇ ਇੱਥੇ ਅੰਗਰੇਜ਼ੀ ਵਿੱਚ ਜ਼ਿਆਦਾ ਕੰਮ ਕਰਨ ਨਾਲ ਆਮ ਜਨਤਾ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਵਰਕੌਮ ਵੱਲੋਂ ਮੁੱਖ ਤੌਰ 'ਤੇ ਭੇਜਿਆ ਜਾਂਦਾ ਬਿੱਲ ਅੰਗਰੇਜ਼ੀ ਭਾਸ਼ਾ ਵਿੱਚ ਹੁੰਦਾ ਹੈ ਜੋ ਆਮ ਖਪਤਕਾਰ ਨੂੰ ਸਮਝ ਨਹੀਂ ਆਉਂਦਾ, ਜਦ ਕਿ ਇਹ ਬਿੱਲ ਰਾਜ-ਭਾਸ਼ਾ ਪੰਜਾਬੀ ਵਿੱਚ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਪਾਵਰਕੌਮ ਵੱਲੋਂ ਆਮ ਬਿਜਲੀ ਵਿਚ ਰੁਕਾਵਟ ਪੈਣ 'ਤੇ ਵੱਟਸਐਪ ਨੰਬਰ ਜਾਰੀ ਕੀਤਾ ਗਿਆ ਹੈ, ਜਿਸ ਵਿਚ ਸ਼ਿਕਾਇਤ ਕਰਨ 'ਤੇ ਅੰਗਰੇਜ਼ੀ ਵਿੱਚ ਜਵਾਬ ਦਿੱਤਾ ਜਾਂਦਾ ਹੈ।

ਇਸ ਦਾ ਵੱਡੀ ਗਿਣਤੀ ਸ਼ਿਕਾਇਤਕਰਤਾਵਾਂ ਨੂੰ ਪਤਾ ਹੀ ਨਹੀਂ ਚੱਲਦਾ ਕਿ ਕੀ ਹੱਲ ਹੈ ਜਾਂ ਕੀ ਹੱਲ ਹੋਵੇਗਾ। ਈਮੇਲ ਰਾਹੀਂ ਕੋਈ ਸ਼ਿਕਾਇਤ ਜਾਂ ਹੋਰ ਜਾਣਕਾਰੀ ਮੰਗੀ ਜਾਂਦੀ ਹੈ ਉਹ ਵੀ ਅੰਗਰੇਜ਼ੀ ਵਿੱਚ ਭੇਜੀ ਜਾਂਦੀ ਹੈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਨੇ ਪੱਤਰ ਵਿਚ ਲਿਖਿਆ ਹੈ ਕਿ ਪਾਵਰਕੌਮ ਵੱਲੋਂ ਪੂਰਾ ਕੰਮ ਪੰਜਾਬੀ ਵਿਚ ਕੀਤਾ ਜਾਣਾ ਜ਼ਰੂਰੀ ਹੈ ਕਿਉਂਕਿ ਰਾਜ ਭਾਸ਼ਾ ਐਕਟ-2008 ਪੰਜਾਬ ਵਿਚ ਲਾਗੂ ਹੈ।

**ਅਸੀਂ ਪਹਿਲਾਂ ਹੀ ਸਾਰਾ ਕੰਮ ਪੰਜਾਬੀ ਵਿੱਚ ਕਰਵਾ ਰਹੇ ਹਾਂ: ਡਾਇਰੈਕਟਰ**

ਪਾਵਰਕੌਮ ਦੇ ਡਾਇਰੈਕਟਰ (ਐਡਮਿਨ) ਜਸਬੀਰ ਸਿੰਘ ਸੁਰਸਿੰਘ ਨੇ ਕਿਹਾ ਕਿ ਸਾਡੇ ਕੋਲ ਭਾਸ਼ਾ ਵਿਭਾਗ ਦੀ ਚਿੱਠੀ ਆਈ ਹੈ ਪਰ ਅਸੀਂ ਪਹਿਲਾਂ ਹੀ ਸਾਰਾ ਕੰਮ ਪੰਜਾਬੀ ਵਿੱਚ ਕਰਵਾ ਰਹੇ ਹਾਂ ਪਰ ਕਈ ਵਾਰੀ ਸਾਰਾ ਕੰਮ ਪੰਜਾਬੀ ਵਿਚ ਨਹੀਂ ਹੁੰਦਾ, ਸਾਨੂੰ ਸਖ਼ਤੀ ਵੀ ਕਰਨੀ ਪੈ ਰਹੀ ਹੈ। ਅਸੀਂ ਸਾਰਾ ਕੰਮ ਪੰਜਾਬੀ ਵਿੱਚ ਕਰਨ ਤੇ ਕਰਾਉਣ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹਾਂ।

**ਭਾਸ਼ਾ ਵਿਭਾਗ ਦੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹਾਂ: ਸ਼ਿਕਾਇਤਕਰਤਾ**

ਸ਼ਿਕਾਇਤਕਰਤਾ ਰਾਮੇਸ਼ਵਰ ਸਿੰਘ ਨੇ ਕਿਹਾ ਹੈ ਕਿ ਉਹ ਭਾਸ਼ਾ ਵਿਭਾਗ ਵੱਲੋਂ ਉਸ ਦੇ ਸ਼ਿਕਾਇਤ ਪੱਤਰਾਂ 'ਤੇ ਕੀਤੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹਨ ਕਿਉਂਕਿ ਜੋ ਸ਼ਿਕਾਇਤ ਉਨ੍ਹਾਂ ਕੀਤੀ ਸੀ, ਉਹ ਹੀ ਪੱਤਰ ਨਾਲ ਨੱਥੀ ਕਰਕੇ ਪਾਵਰਕੌਮ ਨੂੰ ਭੇਜੀ ਗਈ ਹੈ, ਜਦ ਕਿ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਦਾ ਫ਼ਰਜ਼ ਬਣਦਾ ਸੀ ਕਿ ਉਹ ਖੁਦ ਛਾਣਬੀਣ ਕਰ ਕੇ ਇਸ 'ਤੇ ਕਾਰਵਾਈ ਕਰਦਾ।

# ਮਨਦੀਪ ਸਿੱਧੂ ਬਣੇ ਪਟਿਆਲਾ ਦੇ ਨਵੇਂ ਡੀਆਈਜੀ

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਆਈਪੀਐਸ ਮਨਦੀਪ ਸਿੰਘ ਸਿੱਧੂ ਨੂੰ ਪਟਿਆਲਾ ਰੇਂਜ ਦਾ ਡੀਆਈਜੀ ਤਾਇਨਾਤ ਕੀਤਾ ਗਿਆ। ਉਨ੍ਹਾਂ ਨੇ ਹਰਚਰਨ ਸਿੰਘ ਭੁੱਲਰ ਦੀ ਥਾਂ ਲਈ ਹੈ। ਪਹਿਲੀ ਜਨਵਰੀ 2024 ਨੂੰ ਇਹ ਅਹੁਦਾ ਸੰਭਾਲਣ ਵਾਲੇ ਸ੍ਰੀ ਭੁੱਲਰ ਦਾ ਇਥੋਂ ਬਠਿੰਡਾ ਰੇਂਜ ਦਾ ਤਬਾਦਲਾ ਹੋਇਆ ਹੈ।

ਇਥੇ ਬਿਆਨ ਜਾਰੀ ਕਰਕੇ ਹਰਚਰਨ ਭੁੱਲਰ ਨੇ ਮਿਲੇ ਸਹਿਯੋਗ ਲਈ ਇਲਾਕਾ ਵਾਸੀਆਂ, ਪੁਲੀਸ ਤੇ ਸਿਵਲ ਪ੍ਰਸ਼ਾਸਨ ਸਮੇਤ ਅਤੇ ਮੀਡੀਆ ਦਾ ਵੀ ਧੰਨਵਾਦ ਕੀਤਾ। ਇਸੇ ਦੌਰਾਨ ਜਿਥੇ ਹਰਚਰਨ ਭੁੱਲਰ ਪਹਿਲਾਂ ਪਟਿਆਲਾ ਦੇ ਐਸਐਸਪੀ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ, ਉਥੇ ਹੀ ਮਨਦੀਪ ਸਿੱਧੂ ਵੀ ਕਾਫੀ ਸਮਾਂ ਪਟਿਆਲਾ 'ਚ ਐਸਐਸਪੀ ਵਜੋਂ ਕਾਰਜਸ਼ੀਲ ਰਹੇ ਹਨ।

# ਪੰਜਾਬ ਸਰਕਾਰ ਨੌਜਵਾਨਾਂ ਨੂੰ ਸਸ਼ਕਤ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਬਣਾਉਣ ਲਈ ਅਹਿਮ ਕਦਮ ਚੁੱਕ ਰਹੀ ਹੈ: ਰੰਧਾਵਾ



**ਡੇਰਾ ਬਸੀ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਭਗਵੰਤ ਮਾਨ ਸਰਕਾਰ ਸੂਬੇ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ ਸੂਬਾ ਸਰਕਾਰ ਨੌਜਵਾਨਾਂ ਦੇ ਸਸ਼ਕਤੀਕਰਨ ਲਈ ਵੀ ਸਖ਼ਤ ਮਿਹਨਤ ਕਰ ਰਹੀ ਹੈ। ਇਸ ਦੇ ਲਈ ਸਰਕਾਰ ਕਈ ਸਰਕਾਰੀ ਸਕੀਮਾਂ ਚਲਾ ਰਹੀ ਹੈ ਅਤੇ ਕਈ ਵੱਡੇ ਪ੍ਰਾਈਵੇਟ ਅਦਾਰਿਆਂ ਨਾਲ ਮਿਲ ਕੇ ਅੱਜ ਦੇ ਸਮੇਂ ਅਨੁਸਾਰ ਨੌਜਵਾਨਾਂ ਨੂੰ ਨੌਕਰੀਆਂ ਲਈ ਸਿਖਲਾਈ ਦੇ ਰਹੀ ਹੈ। ਇਸ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ ਮੁਹਾਲੀ ਵੱਲੋਂ ਬੁੱਧਵਾਰ ਨੂੰ ਡੇਰਾਬੱਸੀ ਸਰਕਾਰੀ ਕਾਲਜ ਵਿਖੇ ਸਫਲ ਪਲੇਸਮੈਂਟ ਕੈਂਪ ਲਗਾਇਆ ਗਿਆ। ਇਸ ਈਵੈਂਟ ਵਿੱਚ 10 ਕੰਪਨੀਆਂ ਨੇ ਭਾਗ ਲਿਆ ਜਿਸ ਤਹਿਤ 233 ਪ੍ਰਤੀਯੋਗੀਆਂ ਵਿੱਚੋਂ 161 ਨੌਜਵਾਨਾਂ ਦੀ ਸ਼ਾਰਟਲਿਸਟ ਕੀਤਾ ਗਿਆ। ਇਸ ਦੌਰਾਨ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਚੁਣੇ ਗਏ ਨੌਜਵਾਨਾਂ ਨੂੰ ਵਧਾਈ ਦਿੱਤੀ। ਰੰਧਾਵਾ ਨੇ ਦੱਸਿਆ ਕਿ ਇਸ ਕੈਂਪ ਵਿੱਚ 10 ਨਾਮਵਰ ਕੰਪਨੀਆਂ ਜਿਵੇਂ ਕਿ ਐਕਸਿਸ ਬੈਂਕ, ਐਸ.ਬੀ.ਆਈ ਕਾਰਡ, ਪੇਟੀਐਮ ਆਦਿ ਕੰਪਨੀਆਂ ਨੇ ਭਾਗ ਲਿਆ। ਕੈਂਪ ਬਾਰੇ ਜਾਣਕਾਰੀ ਦਿੰਦਿਆਂ ਰੰਧਾਵਾ ਨੇ ਦੱਸਿਆ ਕਿ ਇਸ ਕੈਂਪ ਵਿੱਚ 10ਵੀਂ, 12ਵੀਂ, ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਕਰਨ ਵਾਲੀਆਂ 161 ਲੜਕੀਆਂ ਅਤੇ ਨੌਜਵਾਨਾਂ ਨੂੰ ਕੰਪਨੀਆਂ ਵੱਲੋਂ ਨੌਕਰੀਆਂ ਲਈ ਸ਼ਾਰਟਲਿਸਟ ਕੀਤਾ ਗਿਆ। ਵਿਧਾਇਕ ਰੰਧਾਵਾ ਨੇ ਕਿਹਾ ਕਿ ਲਗਾਏ ਗਏ ਪਲੇਸਮੈਂਟ ਕੈਂਪ ਦਾ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਅਤੇ ਨੌਕਰੀ ਲੱਭਣ ਵਾਲਿਆਂ ਅਤੇ ਰੁਜ਼ਗਾਰਦਾਤਾਵਾਂ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਹੈ।

ਉਨ੍ਹਾਂ ਕਿਹਾ ਕਿ ਇਹ ਸਮਾਗਮ ਪੰਜਾਬ ਸਰਕਾਰ ਦੇ ਰੁਜ਼ਗਾਰ ਮਿਸ਼ਨ ਦਾ ਇੱਕ ਹਿੱਸਾ ਹੈ, ਜੋ ਕਿ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਸੂਬੇ ਵਿੱਚ ਬੇਰੁਜ਼ਗਾਰੀ ਨੂੰ ਘਟਾਉਣ 'ਤੇ ਕੇਂਦਰਿਤ ਹੈ। ਉਨ੍ਹਾਂ ਦੱਸਿਆ ਕਿ ਮੁਹਾਲੀ ਵਿੱਚ ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ ਇਸ ਮਿਸ਼ਨ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ ਅਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਈ ਪਲੇਸਮੈਂਟ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਵਿਧਾਇਕ ਰੰਧਾਵਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਭਰਤੀ ਹੋਏ ਨੌਜਵਾਨਾਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਅਤੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਵੀ ਪ੍ਰੇਰਿਤ ਕੀਤਾ। ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਵੱਖ-ਵੱਖ ਖੇਤਰਾਂ ਵਿੱਚ ਭਾਗੀਦਾਰੀ ਨੂੰ ਯਕੀਨੀ ਬਣਾਉਣ, ਉਨ੍ਹਾਂ ਦੇ ਸਸ਼ਕਤੀਕਰਨ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਬਣਾਉਣ ਲਈ ਅਹਿਮ ਕਦਮ ਚੁੱਕ ਰਹੀ ਹੈ।

# ਐਸ.ਡੀ.ਐਮ. ਨੇ ਜਨ ਸੁਣਵਾਈ ਕੈਂਪ ਦੌਰਾਨ ਲੋਕਾਂ ਦੀਆ ਸਮੱਸਿਆਵਾਂ ਸੁਣੀਆ



**ਸ਼੍ਰੀ ਚਮਕੌਰ ਸਾਹਿਬ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸ਼ਨ ਦੇਣਾ ਸਾਡੀ ਜ਼ਿੰਮੇਵਾਰੀ ਹੈ। ਲੋਕਾਂ ਦੀਆਂ ਸਮੱਸਿਆਵਾ/ਮੁਸ਼ਕਿਲਾਂ ਦਾ ਹੱਲ ਕਰਨ ਲਈ ਉਨ੍ਹਾਂ ਦੇ ਘਰਾਂ ਨੇੜੇ ਸਾਝੀ ਥਾਂ ਉਤੇ ਜਨ ਸੁਣਵਾਈ ਕੈਂਪ ਲਗਾਏ ਗਏ ਹਨ। ਜਿਨ੍ਹਾਂ ਦਾ ਮਨੋਰਥ ਲੋਕਾਂ ਨੂੰ ਆਪਣੀਆ ਮੁਸ਼ਕਿਲਾਂ ਹੱਲ ਕਰਵਾਉਣ ਲਈ ਦਫਤਰਾਂ ਤੱਕ ਪਹੁੰਚ ਕਰਨ ਦੀ ਪ੍ਰੇਸ਼ਾਨੀ ਖ਼ਤਮ ਹੈ।

ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਐਸ.ਡੀ.ਐਮ. ਸ਼੍ਰੀ ਚਮਕੌਰ ਸਾਹਿਬ ਸ. ਅਮਰੀਕ ਸਿੰਘ ਸਿੱਧੂ ਨੇ ਸ਼੍ਰੀ ਚਮਕੌਰ ਸਾਹਿਬ ਦੇ ਪਿੰਡ ਗੱਗੋਂ ਵਿਚ ਲਗਾਏ ਜਨ ਸੁਣਵਾਈ ਕੈਂਪ ਦੌਰਾਨ ਪਿੰਡ ਗੱਗੋਂ ਸਮੇਤ ਪਿੰਡ ਮੁੰਡਿਆਂ ਤੇ ਡਹਿਰ ਦੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਕੀਤਾ।

ਉਨ੍ਹਾਂ ਨੇ ਕਿਹਾ ਕਿ ਆਮ ਤੌਰ ਤੇ ਦੂਰ ਦੁਰਾਡੇ ਪਿੰਡਾਂ ਵਿਚ ਰਹਿ ਰਹੇ ਲੋਕ ਸਮੇ ਦੀ ਘਾਟ ਕਾਰਨ ਵੱਖ-ਵੱਖ ਵਿਭਾਗਾਂ ਦੇ ਦਫਤਰਾਂ ਤੱਕ ਪਹੁੰਚ ਕਰਕੇ ਆਪਣੀਆ ਸਮੱਸਿਆਵਾ ਦਾ ਹੱਲ ਕਰਵਾਉਣ ਤੋਂ ਵਾਝੇ ਰਹਿ ਜਾਂਦੇ ਹਨ।

ਸ. ਅਮਰੀਕ ਸਿੰਘ ਸਿੱਧੂ ਨੇ ਵੱਖ-ਵੱਖ ਪਿੰਡਾਂ ਤੋਂ ਆਏ ਲੋਕਾਂ ਦੀਆਂ ਸਮੱਸਿਆਵਾ ਸੁਣੀਆਂ ਅਤੇ ਯੋਗ ਸਮੱਸਿਆਵਾ ਦਾ ਮੌਕੇ ਤੇ ਹੀ ਹੱਲ ਕੀਤਾ ਗਿਆ, ਜਿਹੜੇ ਮਾਮਲੇ ਕਿਸੇ ਕਾਰਨ ਬਕਾਇਆ ਰਹੇ ਉਨ੍ਹਾਂ ਨੂੰ ਸਮਾਂਬੱਧ ਹੱਲ ਕਰਨ ਦੇ ਨਿਰਦੇ ?ਸ ਦਿੱਤੇ ਗਏ।

ਇਸ ਮੌਕੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੁਲਿਸ ਮਹਿਕਮਾ, ਮਾਲ ਮਹਿਕਮਾ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਰੇਨੇਜ ਤੇ ਮਾਈਨਿੰਗ, ਸਿੱਖਿਆ ਵਿਭਾਗ, ਸਿਹਤ ਵਿਭਾਗ, ਬਾਗਬਾਨੀ ਵਿਭਾਗ ਆਦਿ ਵਿਭਾਗਾਂ ਦੇ ਅਧਿਕਾਰੀ ਵੀ ਮੌਕੇ ਤੇ ਆਪਣੇ ਵਿਭਾਗ ਦੇ ਕਰਮਚਾਰੀਆਂ ਨਾਲ ਹਾਜਰ ਹੋ ਕੇ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਭਲਾਈ ਸਕੀਮਾਂ ਬਾਰੇ ਦੱਸਿਆ।

ਇਸ ਮੌਕੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਸ਼੍ਰੀ ਕਰਨ ਮਹਿਤਾ, ਬੀਡੀਪੀਓ ਸ਼੍ਰੀ ਚਮਕੌਰ ਸਾਹਿਬ ਅਜੈਬ ਸਿੰਘ, ਨਾਇਬ ਤਹਿਸੀਲਦਾਰ ਹਿਮਾਂਸ਼ੂ ਗਰਗ, ਐਸ.ਐਮ.ਓ. ਗੋਬਿੰਦ ਟੰਡਨ, ਸੁਪਰਡੈਂਟ ਸ਼ਿਕਾਇਤਾ ਬ੍ਰਾਂਚ ਡਿਪਟੀ ਕਮਿਸ਼ਨਰ ਦਫ਼ਤਰ ਦਿਨੇਸ਼ ਜੈਨ ਤੇ ਕਲਰਕ ਸਰਬੇਸ਼ ਕੁਮਾਰ ਹੋਰ ਸੀਨੀਅਰ ਅਧਿਕਾਰੀ ਤੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀ ਹਾਜ਼ਰ ਸਨ।

# ਬਲਵਿੰਦਰ ਸਿੰਘ ਲੋਦੀਪੁਰ ਨੇ ਖੇਡਾਂ ਵਤਨ ਪੰਜਾਬ ਦੀਆਂ ਚ ਜਿਲ੍ਹਾ ਪੱਧਰੀ ਮੁਕਾਬਲਿਆਂ ਚ ਗੋਲਾ ਸੁੱਟਣ ਤੇ ਜੈਵਲਿਨ ਥਰੋ ਚ ਗੋਲਡ ਮੈਡਲ ਜਿੱਤ

**ਸ਼੍ਰੀ ਕੀਰਤਪੁਰ ਸਾਹਿਬ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਵਿੰਦਰ ਸਿੰਘ ਲੋਦੀਪੁਰ ਨੇ ਖੇਡਾਂ ਵਤਨ ਪੰਜਾਬ ਦੀਆਂ ਸੀਜਨ ਤਿੰਨ ਵਿੱਚ ਸ਼੍ਰੀ ਦਸ਼ਮੇਸ਼ ਮਾਰਸ਼ਲ ਆਰਟ ਅਕੈਡਮੀ ਵਿਖੇ ਜ਼ਿਲ ?ਾ ਪੱਧਰੀ ਮੁਕਾਬਲਿਆਂ ਦੇ ਵਿੱਚ ਗੋਲਾ ਸੁੱਟਣ ਅਤੇ ਜੈਵਲਿਨ ਥਰੋ ਦੇ ਵਿੱਚ ਪਹਿਲੇ ਸਥਾਨ ਤੇ ਰਹਿੰਦੇ ਹੋਏ ਗੋਲਡ ਮੈਡਲ ਜਿੱਤੇ।



ਸਿੱਖਿਆ ਵਿਭਾਗ ਵਿੱਚ ਬਤੌਰ ਈਟੀਟੀ ਅਧਿਆਪਕ ਸੇਵਾ ਨਿਭਾ ਰਹੇ ਬਲਵਿੰਦਰ ਸਿੰਘ ਲੋਦੀਪੁਰ ਨੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੇ ਵਿੱਚ 41 ਸਾਲ ਤੋਂ 50 ਸਾਲ ਦੇ ਵਰਗ ਵਿੱਚ ਗੋਲਾ ਸੁੱਟਣ , ਜੈਵਲਿਨ ਦੇ ਮੁਕਾਬਲਿਆਂ ਦੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ ਗੋਲਡ ਮੈਡਲ ਜਿੱਤੇ, ਇਸ ਤੋਂ ਪਹਿਲਾਂ ਉਹ ਪਿਛਲੇ ਸਾਲਾਂ ਦੇ ਵਿੱਚ ਅੱਧੀ ਦਰਜਨ ਦੇ ਕਰੀਬ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਅਤੇ ਦੋ ਦਰਜਨ ਦੇ ਕਰੀਬ ਸੂਬਾ ਪੱਧਰ ਦੇ ਮੁਕਾਬਲਿਆਂ ਦੇ ਵਿੱਚ ਮੱਲਾਂ ਮਾਰ ਚੁੱਕੇ ਹਨ , ਉੁਪਰੋਤਕ ਖੇਡਾਂ ਦੇ ਵਿੱਚ ਪ੍ਰਾਪਤੀਆਂ ਦੇ ਕਾਰਨ ਉਹਨਾਂ ਨੂੰ ਪੰਜਾਬ ਸਰਕਾਰ ਵੱਲੋਂ ਸਾਲ 2024 ਵਿੱਚ 26 ਜਨਵਰੀ ਦੇ ਸੂਬਾ ਪੱਧਰੀ ਸਮਾਗਮ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮੋਹਾਲੀ ਵਿਖੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਸੀ ।ਇਸ ਪ੍ਰਾਪਤੀ ਤੇ ਕਮਿੱਕਰ ਸਿੰਘ ਡਾਢੀ ਚੇਅਰਮੈਨ ਮਾਰਕੀਟ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ , ਡਾਕਟਰ ਸੰਜੀਵ ਗੌਤਮ ਆਪ ਪੰਜਾਬ ਪ੍ਰਧਾਨ (ਡਾਕਟਰ ਵਿੰਗ) ,ਹਰਜੀਤ ਸਿੰਘ ਜੀਤਾ ਨਗਰ ਕੌਂਸਲ ਪ੍ਰਧਾਨ , ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਮੀਡੀਆ ਕੋਆਰਡੀਨੇਟਰ ਦੀਪਕ ਸੋਨੀ, ਜਸਵੀਰ ਸਿੰਘ ਆਰੋੜਾ ਜਿਲ੍ਹਾ ਪ੍ਰਧਾਨ (ਆਪ ਵਪਾਰ ਵਿੰਗ),ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਗੁਰਮਿੰਦਰ ਸਿੰਘ ਭੁੱਲਰ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਅਤੇ ਪ੍ਰਿਤਪਾਲ ਸਿੰਘ ਗੰਢਾ, ਸੁਰਿੰਦਰ ਪਾਲ ਸਿੰਘ ਜਿਲਾ ਸਿੱਖਿਆ ਅਫਸਰ,ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆਂ, ਸਵਰਨ ਸਿੰਘ ਲੋਦੀਪੁਰ ਸਾਬਕਾ ਜ਼ਿਲਾ ਸਿੱਖਿਆ ਅਫਸਰ , ਗੁਰਿੰਦਰਪਾਲ ਸਿੰਘ ਖੇੜੀ, ਅੰਤਰਰਾਸ਼ਟਰੀ ਖਿਡਾਰੀ ਮਹਿੰਦਰ ਸਿੰਘ ਗਿੱਲ , ਪਿਆਰਾ ਸਿੰਘ , ਮੋਹਨ ਸਿੰਘ ਚਾਹਲ , ਬਾਬਾ ਕੁਲਵਿੰਦਰ ਸਿੰਘ,ਕੋਚ ਪ੍ਰਦੀਪ ਸਿੰਘ ਮਾਨ, ਦਰਪਾਲ ਸਿੰਘ, ਜਗਬੀਰ ਸਿੰਘ ਜੱਗਾ, ਹਰਵਿੰਦਰ ਸਿੰਘ, ਅਮਰਜੀਤ ਸਿੰਘ, ਕ੍ਰਾਂਤੀ ਪਾਲ ਸਿੰਘ, ਹਰਦੀਪ ਸਿੰਘ ਬਬਲੀ, ਸਾਬਕਾ ਸਰਪੰਚ ਹਰਜਾਪ ਸਿੰਘ, ਐਡਵੋਕੇਟ ਸਤਬੀਰ ਰਾਣਾ, ਡਾਕਟਰ ਅੱਛਰ ਸ਼ਰਮਾ, ਜਥੇਦਾਰ ਸੁਰਿੰਦਰ ਸਿੰਘ ਮਟੌਰ, ਰਾਣਾ ਰਾਮ ਸਿੰਘ, ਚੌਧਰੀ ਪਹੂ ਲਾਲ, , ਐਡਵੋਕੇਟ ਅਮਨਦੀਪ ਸਿੰਘ ਮਿਨਹਾਸ, ਕੁਲਦੀਪ ਪਰਮਾਰ, ਹਰਭਜਨ ਸਿੰਘ ਸਰੋਆ, ਪ੍ਰੇਮ ਸਿੰਘ ਠਾਕੁਰ, ਓਮ ਪ੍ਰਕਾਸ਼, ਰਾਮ ਰਾਣਾ, ਅਸ਼ੋਕ ਕੁਮਾਰ, ਜਸਪਾਲ ਸਿੰਘ, ਅਮਰਜੀਤਪਾਲ ਸਿੰਘ, ਮੁਕੇਸ਼ ਕੁਮਾਰ ਸ਼ਰਮਾ, ਹਰਪ੍ਰੀਤ ਸਿੰਘ ਆਦਿ ਨੇ ਮੁਬਾਰਕਬਾਦ ਦਿੱਤੀ।

# ਪੁਲਿਸ ਤੇ ਸਿਵਲ ਵਿਭਾਗ ਦੀਆਂ ਸਾਂਝੀਆਂ ਟੀਮਾਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਸੁਚੇਤ ਕਰਨ- ਡਿਪਟੀ ਕਮਿਸ਼ਨਰ



**ਗੁਰਦਾਸਪੁਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਫਸਲ ਦੀ ਕਟਾਈ ਤੋਂ ਪਹਿਲਾਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਪ੍ਰਤੀ ਸੁਚੇਤ ਕਰਨ ਲਈ ਪੁਲਿਸ ਤੇ ਸਿਵਲ ਵਿਭਾਗ ਦੇ ਅਧਿਕਾਰੀਆਂ ਦੀਆਂ ਸਾਂਝੀਆਂ ਟੀਮਾਂ ਪਿੰਡ ਵਿੱਚ ਜਾਣ ਅਤੇ ਕਿਸਾਨਾ ਨੂੰ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਲਈ ਜਾਗਰੂਕ ਕਰਨ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ਼੍ਰੀ ਉਮਾ ਸ਼ੰਕਰ ਗੁਪਤਾ ਨੇ ਪੁਲਿਸ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਕਰਦਿਆ ਕੀਤਾ। ਇਸ ਮੌਕੇ ਐਸ.ਐਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ,ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ, ਐਸ.ਡੀ.ਐਮ.ਦੀਨਾਨਗਰ ਜਸਪਿੰਦਰ ਸਿੰਘ,ਐਸ.ਡੀ.ਐਮ.ਕਲਾਨੌਰ ਜਯੋਤਸਨਾ ਸਿੰਘ, ਐਸ.ਪੀ.(ਐਚ) ਬੀ.ਐਸ.ਰੰਧਾਵਾ, ਸੁਰਿੰਦਰਪਾਲ ਮੁੱਖ ਖੇਤੀਬਾੜੀ ਅਫਸਰ, ਸਮੂਹ ਡੀ.ਐਸ.ਪੀਜ਼ ਅਤੇ ਐਸ.ਐਚ.ਓਜ਼. ਆਦਿ ਹਾਜ਼ਰ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਿਵਲ ਤੇ ਪੁਲਿਸ ਵਿਭਾਗ ਦੀਆਂ ਸਾਂਝੀਆਂ ਟੀਮਾਂ ਵੱਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਗੱਲਬਾਤ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪੁਲਿਸ ਤੇ ਸਿਵਲ ਵਿਭਾਗ ਦੀਆਂ ਸਾਂਝੀਆਂ ਟੀਮਾਂ ਜਾਣ ਨਾਲ ਪਰਾਲੀ ਸਾੜਨ ਦੇ ਰੁਝਾਨ ਨੂੰ ਠੱਲ ਪਵੇਗੀ ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਪਰਾਲੀ ਨਾ ਸਾੜਨ ਲਈ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕਿਸਾਨਾਂ ਨਾਲ ਮਿਲਕੇ ਉਨ੍ਹਾਂ ਦੀਆਂ ਮੁਸਕਿਲਾਂ ਸੁਣਕੇ ਹੱਲ਼ ਕੀਤੀਆਂ ਜਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਰੀਬ ਅਗਲੇ 10 ਦਿਨ੍ਹਾਂ ਬਆਦ ਪੂਰੇ ਜ਼ਿਲੇ ਵਿੱਚ ਝੋਨੇ ਦੀ ਫਸਲ ਦੀ ਕਟਾਈ ਦਾ ਸੀਜਨ ਸਿਖਰਾਂ ਤੇ ਪੁੱਜ ਜਾਵੇਗਾ, ਇਸ ਲਈ ਪ੍ਰੋ-ਐਕਟਿਵ ਅਪਰੋਚ ਨਾਲ ਇਨ੍ਹਾਂ 10 ਦਿਨ੍ਹਾਂ ਵਿੱਚ ਵੱਧ ਤੋ ਵੱਧ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਪਿਛਲੇ ਸਾਲ ਵੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਂਝੇ ਯਤਨਾਂ ਨਾਲ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਨ ਨੂੰ ਠੱਲ ਪਾਈ ਗਈ ਸੀ ਅਤੇ ਹੁਣ ਹੋਰ ਜ਼ਿੰਮੇਵਾਰੀ ਨਾਲ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਕੋਸ਼ਿਸ਼ ਹੈ ਕਿ ਇਸ ਸਾਲ ਝੋਨੇ ਦੀ ਫਸਲ ਦੀ ਕਟਾਈ ਤੋਂ ਪਹਿਲਾਂ, ਹੋਰ ਤੇਜ਼ੀ ਨਾਲ ਸਰਗਰਮੀ ਵਿਖਾ ਕੇ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕਿਆ ਜਾਵੇ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਐਸ.ਡੀ.ਐਮਜ਼, ਡੀ.ਐਸ.ਪੀਜ਼, ਐਸ.ਐਚ.ਓ, ਰੈਵਨਿਓ ਤੇ ਖੇਤੀਬਾੜੀ ਵਿਭਾਗ ਦੀਆ ਸਾਂਝੀਆਂ ਟੀਮਾਂ ਰੋਜਾਨਾ ਘੱਟ ਤੋ ਘੱਟ 6-7 ਪਿੰਡਾਂ ਵਿੱਚ ਜਾਣ, ਮੋਹਤਬਰਾਂ, ਕਿਸਾਨ,ਨੰਬਰਦਾਰਾਂ ਤੇ ਚੋਕੀਦਾਰਾਂ ਨਾਲ ਗੱਲ ਬਾਤ ਕਰਨ ਅਤੇ ਉਨ੍ਹਾਂ ਦੀ ਮੁਸ਼ਕਲਾਂ ਸੁਣੀਆਂ ਜਾਣ ਤਾਂ ਜੋ ਸਮੇਂ ਰਹਿੰਦੇ ਕਿਸਾਨਾਂ ਦੀਆਂ ਮੁਸ਼ਕਿਲਾ ਦੂਰ ਕੀਤੀਆਂ ਜਾ ਸਕਣ।

ਇਸ ਮੌਕੇ ਐਸ.ਐਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ ਨੇ ਕਿਹਾ ਕਿ ਪੁਲਿਸ ਤੇ ਸਿਵਲ ਵਿਭਾਗ ਦੀਆਂ ਸਾਂਝੀਆਂ ਟੀਮਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਵਿਜਿਟ ਕਰਨ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਜਾ ਰਹੀ ਮੁਹਿੰਮ ਹਾਂ ਪੱਖੀ ਹੁੰਗਾਰਾ ਮਿਲੇਗਾ ਤੇ ਲੋਕਾਂ ਵਿਚ ਸੁਨੇਹਾ ਜਾਵੇਗਾ ਕਿ ਜ਼ਿਲ੍ਹ ਪ੍ਰਸ਼ਾਸਨ ਕਿਸਾਨਾਂ ਦੇ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਦੀ ਕੋਸ਼ਿਸ਼ ਰਹੇਗੀ ਕਿ ਕਿਸਾਨਾਂ ਦੇ ਸਹਿਯੋਗ ਨਾਲ ਪਰਾਲੀ ਨਾ ਸਾੜਨ ਦੀ ਮੁਹਿੰਮ ਨੂੰ ਸਫਲ ਬਣਾਇਆ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ ਨੇ ਕਿਹਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆ ਜਾ ਰਹੀਆਂ ਅਤੇ ਖਾਸ ਕਰਕੇ ਹਾਟ ਸਪਾਟ ਪਿੰਡਾਂ, ਜਿੱਥੇ ਪਿਛਲੇ ਸਾਲ ਜਿਨ੍ਹਾਂ ਕਿਸਾਨਾਂ ਵਲੋਂ ਅੱਗ ਲਗਾਈ ਗਈ ਸੀ, ਉਨ੍ਹਾਂ ਪਿੰਡਾਂ ਵਿੱਚ ਵਿਸ਼ੇਸ ਤੌਰ ਤੇ ਜਾ ਕੇ ਕਿਸਾਨਾਂ ਨਾਲ ਮਿਲ ਕੇ ਉਨ੍ਹਾਂ ਦੀ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਖਾਸ ਕਰਕੇ ਛੋਟੇ ਕਿਸਾਨਾਂ ਨੂੰ ਖੇਤੀ ਮਸੀਨਰੀ ਮੁਹੱਈਆਂ ਕਰਵਾਉਣ ਲਈ ਸਬੰਧਤ ਵਿਭਾਗਾਂ ਨੂੰ ਦਿਸ਼ਾ -ਨਿਰਦੇਸ਼ ਦਿੱਤੇ ਜਾ ਚੁੱਕੇ ਹਨ।

ਇਸ ਮੌਕੇ ਪੁਲਿਸ ਤੇ ਸਿਵਲ ਵਿਭਾਗ ਦੇ ਵੱਖ- ਵੱਖ ਅਧਿਕਾਰੀਆਂ ਵਲੋਂ ਵੀ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਆਪਣੇ ਵਿਚਾਰ ਰੱਖੇ ਗਏ।

# ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲੇ ਕਰਵਾਏ ਗਏ

**ਸ਼੍ਰੀ ਮੁਕਤਸਰ ਸਾਹਿਬ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਲਾ ਉਤਸਵ ਮੁਕਾਬਲੇ 2024-25 ਬਾਵਾ ਨਿਹਾਲ ਸਿੰਘ ਬੀ ਐਡ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਬੱਚਿਆ ਨੇ ਭਾਗ ਲਿਆ।ਇਹ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਂਗਾ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸ੍ਰੀ ਰਾਜਿੰਦਰ ਸੋਨੀ, ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਸ੍ਰੀ ਅਜੇ ਸ਼ਰਮਾ, ਸਿੱਖਿਆ ਕਲਾ ਉਤਸਵ ਨੋਡਲ ਅਫਸਰ ਸ੍ਰੀ ਇਕਬਾਲ ਸਿੰਘ ਅਤੇ ਸ੍ਰੀ ਗੁਰਮੇਲ ਸਿੰਘ ਸਾਗੂ, ਪ੍ਰਵੀਨ ਸ਼ਰਮਾ, ਸ੍ਰੀ ਤਜਿੰਦਰ ਸਿੰਘ, ਸ੍ਰੀ ਧੀਰਜ ਕੁਮਾਰ ਅਤੇ ਸ੍ਰੀ ਦੀਪਕ ਅਰੋੜਾ ਯੋਗ ਅਗਵਾਈ ਹੇਠ ਕਰਵਾਏ ਗਏ।ਇਸ ਮੌਕੇ ਟ੍ਰੈਡੀਸ਼ਨਸਲ ਸਟੋਰੀ ਟੈਲਿੰਗ ਅਤੇ ਬੀ.ਆਰ.ਸੀ. ਹਾਲ ਵਿਖੇ ਇੰਸਟਰੂਮੈਂਟਲ ਮਿਊਜ਼ਿਕ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਏ ਗਏ ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜਸਵਿੰਦਰ ਪਾਲ ਸ਼ਰਮਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਨੋਡਲ ਅਫਸਰਾਂ ਦੀ ਭੂਮਿਕਾ ਸ੍ਰੀ ਅਤੁੱਲ ਕੁਮਾਰ, ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਸੂਰੇਵਾਲਾ, ਸ਼੍ਰੀ ਪ੍ਰਦੀਪ ਮਿੱਤਲ, ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਪਾਰਕ (ਮੁਕਤਸਰ), ਸ੍ਰੀਮਤੀ ਡਿੰਪਲ ਵਰਮਾ ਮੁੱਖ ਅਧਿਆਪਿਕਾ ਸਰਕਾਰੀ ਹਾਈ ਸਕੂਲ ਕਰਮਗੜ, ਸ਼੍ਰੀ ਪ੍ਰੀਤਮ ਸਿੰਘ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਬੂੜਾ ਗੁਜਰ ਅਤੇ ਸ਼੍ਰੀ ਹਰਦੀਪ ਕੁਮਾਰ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਭੰਗੇਵਾਲਾ ਵੱਲੋਂ ਨਿਭਾਈ ਗਈ।

# ਖੇਡਾਂ ਵਤਨ ਪੰਜਾਬ ਦੀਆਂ 2024 (ਸੀਜਨ 3) ਤਹਿਤ ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੇ ਪੰਜਵੇਂ ਦਿਨ ਹੋਏ ਸ਼ਾਨਦਾਰ ਖੇਡ ਮੁਕਾਬਲੇ

**ਫਾਜ਼ਿਲਕਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜਿਲ੍ਹਾ ਖੇਡ ਅਫਸਰ ਫਾਜਿਲਕਾ ਸ੍ਰੀ ਰੁਪਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਖੇਡ ਵਿਭਾਗ ਪੰਜਾਬ ਵੱਲੋ ਖੇਡਾਂ ਦੇ ਪੱਧਰ ਨੂੰ ਉੱਚਾ—ਚੱਕਣ, ਪ੍ਰਤਿਭਾ ਅਤੇ ਹੁਨਰ ਦੀ ਭਾਲ ਕਰਨਾ, ਭਾਈਚਾਰਾ ਅਤੇ ਸਦਭਾਵਨਾ ਪੈਦਾ ਕਰਨਾ, ਵੱਧ ਤੋ ਵੱਧ ਲੋਕਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਲਈ ਹਰ ਤਰ੍ਹਾ ਦੇ ਭਰਪੂਰ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਖੇਡ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਖੇਡਾਂ ਵਤਨ ਪੰਜਾਬ ਦੀਆਂ 2024 (ਸੀਜਨ 3) ਦੇ ਫਾਜਿਲਕਾ ਜਿਲ੍ਹੇ ਦੇ ਜਿਲ੍ਹਾ ਪੱਧਰੀ ਮੁਕਾਬਲਿਆਂ ਦੇ ਪੰਜਵੇਂ ਦਿਨ ਸ਼ਾਨਦਾਰ ਖੇਡ ਮੁਕਾਬਲੇ ਕਰਵਾਏ ਗਏ।

ਅੰ:21 ਲੜਕੀਆਂ ਦੇ ਕਬੱਡੀ ਸਰਕਲ ਮੁਕਾਬਲਿਆਂ ਵਿੱਚ ਬਲਾਕ ਅਰਨੀਵਾਲਾ ਸੇਖ ਸੁਭਾਨ ਏ ਟੀਮ ਨੇ ਪਹਿਲਾ ਸਥਾਨ, ਬਲਾਕ ਫਾਜਿਲਕਾ ਨੇ ਦੂਸਰਾ ਸਥਾਨ ਅਤੇ ਬਲਾਕ ਅਰਨੀਵਾਲਾ ਸੇਖ ਸੁਭਾਨ ਬੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ। ਅੰਡਰ—21 ਤੋ 30 ਲੜਕੀਆਂ ਦੇ ਕਬੱਡੀ ਸਰਕਲ ਮੁਕਾਬਲੇ ਵਿੱਚ ਬਲਾਕ ਅਰਨੀਵਾਲਾ ਸੇਖ ਸੁਭਾਨ ਨੇ ਪਹਿਲਾ ਸਥਾਨ ਅਤੇ ਬਲਾਕ ਜਲਾਲਾਬਾਦ ਨੇ ਦੂਸਰਾ ਸਥਾਨ ਹਾਸਿਲ ਕੀਤਾ।

ਵਾਲੀਬਾਲ ਸੂਟਿੰਗ ਅੰਡਰ—17 ਲੜਕੀਆਂ ਦੇ ਮੁਕਾਬਲੇ ਵਿੱਚ ਖੂਈਆ ਸਰਵਰ ਨੇ ਪਹਿਲਾ ਸਥਾਨ ਅਤੇ ਬਲਾਕ ਅਬੋਹਰ ਨੇ ਦੂਸਰਾ ਸਥਾਨ ਹਾਸਿਲ ਕੀਤਾ।

ਕੁਸ਼ਤੀ 57 ਕਿਲੋ ਲੜਕਿਆਂ ਦੇ ਮੁਕਾਬਲੇ ਵਿੱਚ ਪ੍ਰਿੰਸ ਕੰਬੋਜ਼ ਬਲਾਕ ਅਬੋਹਰ ਨੇ ਪਹਿਲਾ ਸਥਾਨ, ਪ੍ਰਿੰਸ ਬਲਾਕ ਫਾਜਿਲਕਾ ਨੇ ਦੂਸਰਾ ਸਥਾਨ ਅਤੇ ਲਕਸ਼ੈ ? ਬਲਾਕ ਖੂਈਆ ਸਰਵਰ ਨੇ ਤੀਸਰਾ ਸਥਾਨ ਹਾਸਿਲ ਕੀਤਾ.

ਲੜਕਿਆਂ ਦੇ 61 ਕਿਲੋ ਕੁਸ਼ਤੀ ਵਰਗ ਵਿੱਚ ਗੁਲਸ਼ਨ ਬਲਾਕ ਫਾਜਿਲਕਾ ਨੇ ਪਹਿਲਾ ਸਥਾਨ, ਰਾਜਨ ਬਲਾਕ ਫਾਜਿਲਕਾ ਨੇ ਦੂਸਰਾ ਸਥਾਨ ਅਤੇ ਵੰਸ਼ ਕੰਬੋਜ਼ ਬਲਾਕ ਖੂਈਆ ਸਰਵਰ ਨੇ ਤੀਸਰਾ ਸਥਾਨ ਹਾਸਿਲ ਕੀਤਾ।

ਲੜਕਿਆਂ ਦੇ 65 ਕਿਲੋ ਕੁਸ਼ਤੀ ਵਰਗ ਮੁਕਾਬਲੇ ਵਿੱਚ ਖੁਮੇਸ਼ ਬਲਾਕ ਅਬੋਹਰ ਨੇ ਪਹਿਲਾ ਸਥਾਨ, ਪ੍ਰਵੀਨ ਕੁਮਾਰ ਢੀਗਾਂ ਵਾਲੀ ਨੇ ਦੂਸਰਾ ਸਥਾਨ ਅਤੇ ਕਰਨਦੀਪ ਬਲਾਕ ਖੂਈਆ ਸਰਵਰ ਨੇ ਤੀਸਰਾ ਸਥਾਨ ਹਾਸਿਲ ਕੀਤਾ।

ਲੜਕਿਆਂ ਦੇ 70 ਕਿਲੋ ਵੇਟ ਵਰਗ ਕੁਸ਼ਤੀ ਮੁਕਾਬਲੇ ਵਿੱਚ ਅਕਾਸ਼ਦੀਪ ਬਲਾਕ ਅਬੋਹਰ ਨੇ ਪਹਿਲਾ ਸਥਾਨ, ਕਪਿਲ ਬਲਾਕ ਜਲਾਲਾਬਾਦ ਨੇ ਦੂਸਰਾ ਸਥਾਨ ਹਾਸਿਲ ਕੀਤ ਸੁਮਿਤ ਬਲਾਕ ਖੂਈਆ ਸਰਵਰ ਨੇ ਤੀਸਰਾ ਸਥਾਨ ਹਾਸਿਲ ਕੀਤਾ।

ਇਸ ਮੌਕੇ ਖੇਡ ਵਿਭਾਗ ਦੇ ਕੋਚਿਜ, ਦਫਤਰੀ ਸਟਾਫ ਅਤੇ ਸਿੱਖਿਆ ਵਿਭਾਗ ਦੇ ਡੀ.ਪੀ.ਈ,ਪੀ.ਟੀ.ਈ ਮੌਕੇ ਤੇ ਹਾਜਿਰ ਸਨ।

# ਇੱਕ ਰੋਜ਼ਾ ਮਹਿਲਾ ਅਤੇ ਬਾਲ ਸਭਾ ਟਰੇਨਿੰਗ ਕੈਂਪ ਲਗਾਏ



**ਅਬੋਹਰ , 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਮੋਹਾਲੀ ਵੱਲੋ ਲਗਾਏ ਜਾ ਰਹੇ ਇੱਕ ਰੋਜ਼ਾ ਕੈਂਪ ਡਿਪਟੀ ਡਾਇਰੈਕਟਰ ਸ੍ਰੀ ਹਰਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀ.ਡੀ.ਪੀ.ਓ ਖੂਈਆਂ ਸਰਵਰ ਮੈਡਮ ਗਗਨਦੀਪ ਕੌਰ ਦੀ ਅਗਵਾਈ ਹੇਠ ਐਸ.ਆਈ.ਆਰ.ਡੀ ਮੋਹਾਲੀ ਵੱਲੋ ਇੱਕ ਰੋਜ਼ਾ ਮਹਿਲਾ ਅਤੇ ਬਾਲ ਸਭਾ ਦੇ ਟਰੇਨਿੰਗ ਕੈਂਪ ਲਗਾਏ ਜਾ ਰਹੇ ਹਨ। ਜਿਸ ਵਿੱਚ ਲਾਈਨ ਵਿਭਾਗਾਂ ਦੇ ਪਿੰਡ ਪੱਧਰ ਦੇ ਅਧਿਕਾਰੀ/ਕਰਮਚਾਰੀ ਸਿਹਤ ਵਿਭਾਗ ਵੱਲੋਂ ਆਸ਼ਾ ਵਰਕਰ,ਏ.ਐਨ.ਐਮ,ਸਮਾਜਿਕ ਸੁਰੱਖਿਆ ਵਿਭਾਗ ਤੋਂ ਆਂਗਨਵਾੜੀ ਵਰਕਰ ਤੇ ਸਿੱਖਿਆ ਵਿਭਾਗ ਤੋਂ ਇੱਕ ਅਧਿਆਪਕ ਪ੍ਰਤੀ ਗਰਾਮ ਪੰਚਾਇਤ,ਪੰਚਾਇਤ ਸਕੱਤਰ, ਗਰਾਮ ਰੋਜਗਾਰ ਸੇਵਕ ਅਤੇ ਸੈਲਫ ਹੈਲਪ ਗਰੁੱਪ ਮੈਂਬਰਾਂ ਨੇ ਇਸ ਇੱਕ ਰੋਜ਼ਾ ਟਰੇਨਿੰਗ ਕੈਂਪ ਵਿੱਚ ਭਾਗ ਲਿਆ। ਐਸ.ਆਈ.ਆਰ.ਡੀ ਮੋਹਾਲੀ ਵੱਲੋਂ ਮਾਸਟਰ ਰਿਸੋਰਸ ਪਰਸਨ ਸ੍ਰੀ ਗੁਰਵਿੰਦਰ ਸਿੰਘ ਨੇ ਮਹਿਲਾ ਸਭਾ ਅਤੇ ਬਾਲ ਸਭਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ।ਰਿਸੋਰਸ ਪਰਸਨ ਪਵਨ ਕੁਮਾਰ ਵਲੋਂ ਸਥਾਈ ਵਿਕਾਸ ਟੀਚਿਆਂ ਅਤੇ 9 ਥੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਮੋਹਾਲੀ ਵੱਲੋ ਲਗਾਏ ਜਾ ਰਹੇ ਇੱਕ ਰੋਜ਼ਾ ਕੈਂਪ ਡਿਪਟੀ ਡਾਇਰੈਕਟਰ ਸ੍ਰੀ ਹਰਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀ.ਡੀ.ਪੀ.ਓ ਖੂਈਆਂ ਸਰਵਰ ਮੈਡਮ ਗਗਨਦੀਪ ਕੌਰ ਦੀ ਅਗਵਾਈ ਹੇਠ ਐਸ.ਆਈ.ਆਰ.ਡੀ ਮੋਹਾਲੀ ਵੱਲੋ ਇੱਕ ਰੋਜ਼ਾ ਮਹਿਲਾ ਅਤੇ ਬਾਲ ਸਭਾ ਦੇ ਟਰੇਨਿੰਗ ਕੈਂਪ ਲਗਾਏ ਜਾ ਰਹੇ ਹਨ। ਜਿਸ ਵਿੱਚ ਲਾਈਨ ਵਿਭਾਗਾਂ ਦੇ ਪਿੰਡ ਪੱਧਰ ਦੇ ਅਧਿਕਾਰੀ/ਕਰਮਚਾਰੀ ਸਿਹਤ ਵਿਭਾਗ ਵੱਲੋਂ ਆਸ਼ਾ ਵਰਕਰ,ਏ.ਐਨ.ਐਮ,ਸਮਾਜਿਕ ਸੁਰੱਖਿਆ ਵਿਭਾਗ ਤੋਂ ਆਂਗਨਵਾੜੀ ਵਰਕਰ ਤੇ ਸਿੱਖਿਆ ਵਿਭਾਗ ਤੋਂ ਇੱਕ ਅਧਿਆਪਕ ਪ੍ਰਤੀ ਗਰਾਮ ਪੰਚਾਇਤ,ਪੰਚਾਇਤ ਸਕੱਤਰ, ਗਰਾਮ ਰੋਜਗਾਰ ਸੇਵਕ ਅਤੇ ਸੈਲਫ ਹੈਲਪ ਗਰੁੱਪ ਮੈਂਬਰਾਂ ਨੇ ਇਸ ਇੱਕ ਰੋਜ਼ਾ ਟਰੇਨਿੰਗ ਕੈਂਪ ਵਿੱਚ ਭਾਗ ਲਿਆ। ਐਸ.ਆਈ.ਆਰ.ਡੀ ਮੋਹਾਲੀ ਵੱਲੋਂ ਮਾਸਟਰ ਰਿਸੋਰਸ ਪਰਸਨ ਸ੍ਰੀ ਗੁਰਵਿੰਦਰ ਸਿੰਘ ਨੇ ਮਹਿਲਾ ਸਭਾ ਅਤੇ ਬਾਲ ਸਭਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਔਰਤਾਂ ਅਤੇ ਬੱਚਿਆਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ।ਰਿਸੋਰਸ ਪਰਸਨ ਪਵਨ ਕੁਮਾਰ ਵਲੋਂ ਸਥਾਈ ਵਿਕਾਸ ਟੀਚਿਆਂ ਅਤੇ 9 ਥੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

# ਝੋਨੇ ਦੀ ਪਰਾਲੀ ਅਤੇ ਰਹਿੰਦ - ਖੂੰਹਦ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਵਾਤਾਵਰਨ ਦੇ ਰਾਖੇ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ-ਡਿਪਟੀ ਕਮਿਸ਼ਨਰ

**ਗੁਰਦਾਸਪੁਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਉਮਾ ਸ਼ੰਕਰ ਗੁਪਤਾ, ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਇਕ ਹੁਕਮ ਜਾਰੀ ਕਰਦਿਆਂ ਦੱਸਿਆ ਕਿ ਜਿਸ ਕਿਸਾਨ ਵਲੋਂ ਝੋਨੇ ਦੀ ਪਰਾਲੀ ਅਤੇ ਰਹਿੰਦ ਖੂੰਹਦ ਨੂੰ ਲੰਮੇ ਸਮੇਂ ਤੱਕ ਅੱਗ ਨਹੀਂ ਲਗਾਈ ਜਾਵੇਗੀ, ਉਸ ਕਿਸਾਨ ਨੂੰ ਜਿਲ੍ਹਾ ਪ੍ਰਸ਼ਾਸਨ ਵਲੋਂ ਵਾਤਾਵਰਨ ਦੇ ਰਾਖੇ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਜਿਸ ਵੀ ਕਿਸਾਨ ਕੋਲ ਵਾਤਾਵਰਣ ਦੇ ਰਾਖੇ ਸਰਟੀਫਿਕਟ ਹੋਵੇਗਾ, ਜੇਕਰ ਉਸਨੂੰ ਜਿਲ੍ਹਾ ਪ੍ਰਸ਼ਾਸਨ ਨਾਲ ਸਬੰਧਤ ਸਰਕਾਰੀ ਦਫਤਰਾਂ ਵਿੱਚ ਕੋਈ ਕੰਮ ਪੈਂਦਾਂ ਜਾਂ ਕੋਈ ਮੁਸਕਿਲ ਪੇਸ਼ ਆਉਂਦੀ ਹੈ ਤਾਂ ਉਸਦਾ ਕੰਮ ਨਿਯਮਾਂ ਅਨੁਸਾਰ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ।



ਹੁਕਮਾ ਵਿੱਚ ਅੱਗੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਵੱਖ ਵੱਖ ਉਪਰਾਲੇ ਕੀਤੇ ਜਾ ਰਹੇ ਹਨ, ਕਿਉਂਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜਮੀਨ ਦੇ ਪੋਸਟਿਕ ਤੱਤ ਨਸ਼ਟ ਹੁੰਦੇ ਹਨ ਅਤੇ ਜਮੀਨ ਦੀ ਉਪਜਾਊ ਸਕਤੀ ਵੀ ਘੱਟ ਜਾਂਦੀ ਹੈ। ਇਸ ਤੋਂ ਇਲਾਵਾ ਇਸ ਨਾਲ ਸਾਹ ਦੀਆਂ ਕਈ ਭਿਆਨਿਕ ਬਿਮਾਰੀਆਂ ਵੀ ਫੈਲਦੀਆਂ ਹਨ।

# ਜਨਮ ਸ਼ਤਾਬਦੀ ਨੂੰ ਸਮਰਪਿਤ ਦਸਤਾਰ ਸਿਖਲਾਈ ਕੈਂਪ

**ਪਟਿਆਲਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇਕ ਬੱਚੇ ਦੇ ਦਸਤਾਰ ਸਜਾਉਂਦੇ ਹੋਏ ਸਤਵਿੰਦਰ ਸਿੰਘ ਟੌਹੜਾ

ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ 100ਵੇਂ ਜਨਮ ਦਿਨ ਨੂੰ ਸਮਰਪਿਤ ਉਨ੍ਹਾਂ ਦੇ ਜੱਦੀ ਪਿੰਡ ਟੌਹੜਾ ਵਿਖੇ ਪਿੰਡ ਦੇ ਸਾਬਕਾ ਸਰਪੰਚ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਦੀ ਅਗਵਾਈ ਹੇਠ ਦਸਤਾਰਾਂ ਦਾ ਲੰਗਰ ਲਾ ਕੇ ਨੌਜਵਾਨਾਂ ਤੇ ਬੱਚਿਆਂ ਨੂੰ ਸਿੱਖੀ ਪ੍ਰਤੀ ਜੋੜਨ ਦਾ ਉਪਰਾਲਾ ਕੀਤਾ ਗਿਆ। ਦਸਤਾਰਾਂ ਦਾ ਇਹ ਲੰਗਰ ਤੇ ਸੁੰਦਰ ਦਸਤਾਰ ਕੈਂਪ 'ਵਿਰਸਾ ਸੰਭਾਲ ਸਰਦਾਰੀ ਲਹਿਰ' ਵਲੋਂ 'ਬਾਬਾ ਅਜਾਪਾਲ ਸਿੰਘ ਸੇਵਾ ਸੁਸਾਇਟੀ ਨਾਭਾ' ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਦੌਰਾਨ ਅਨੇਕਾਂ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੇ ਦਸਤਾਰਾਂ ਸਜਾਈਆਂ। ਕੇਸਾਂ ਦੀ ਬੇਅਦਬੀ ਨਾ ਕਰਨ ਦਾ ਵਾਅਦਾ ਕਰਨ ਅਤੇ ਗੁਰੂ ਇਤਿਹਾਸ ਬਾਰੇ ਪੁੱਛੇ ਸਵਾਲ ਦੇ ਸਹੀ ਜਵਾਬ ਦੇਣ ਵਾਲੇ ਅਨੇਕਾਂ ਜਣਿਆਂ ਨੂੰ ਦਸਤਾਰਾਂ ਸਜਾ ਕੇ ਸਨਮਾਨਤ ਵੀ ਕੀਤਾ। ਇਸ ਮੌਕੇ ਸਮਾਜ ਸੇਵੀ ਬਘੇਲ ਸਿੰਘ ਜਾਤੀਵਾਲ, ਭਾਈ ਰਣਧੀਰ ਸਿੰਘ ਢੀਂਡਸਾ, ਮਹਿੰਦਰ ਸਿੰਘ ਝੰਬਾਲੀ, ਸੁਰਿੰਦਰ ਸਿੰਘ ਟਿਵਾਣਾ (ਪ੍ਰਧਾਨ ਟੌਹੜਾ ਕਬੱਡੀ ਕੱਪ), ਡਾ. ਮਨਦੀਪ ਸਿੰਘ ਖੁਰਦ, ਜਗਦੀਪ ਸਿੰਘ ਟਿਵਾਣਾ, ਸਤਗੁਰ ਸਿੰਘ ਪ੍ਰਧਾਨ, ਗੁਰਮੁੱਖ ਸਿੰਘ ਭੋਜੋਮਾਜਰੀ , ਤੇਜਿੰਦਰ ਸਿੰਘ ਕਪੂਰ, ਸੁਖਵਿੰਦਰ ਨੌਹਰਾ, ਪਿਆਰਾ ਸਿੰਘ ਮੋਹਲਗੁਆਰਾ, ਮੇਜਰ ਸਿੰਘ ਲੁਬਾਣ, ਹਰਵਿੰਦਰ ਸਿੰਘ ਅਮਰਗੜ੍ਹ, ਮਲਕੀਤ ਸਿੰਘ ਵਜੀਦੜੀ, ਮਹਿੰਗਾ ਸਿੰਘ ਭੜੀ, ਏਕਮਕਾਰ ਸਿੰਘ, ਬਹਾਦਰ ਸਿੰਘ ਸਰਪੰਚ, ਰੁਪਿੰਦਰ ਸਿੰਘ ਬੱਬੀ, ਮਨਮੋਹਨ ਸਿੰਘ ਪੰਚ, ਸੰਤ ਸਿੰਘ ਪੰਚ, ਨਿਰਮਲ ਸਿੰਘ ਟੌਹੜਾ ਤੇ ਨਰਿੰਦਰ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ।

## ਪ੍ਰਬੰਧ ਨਿਰਦੇਸ਼ਕ, ਸ਼ੂਗਰਫੈੱਡ ਡਾ. ਸੇਨੂ ਦੁੱਗਲ ਨੇ ਸਹਿਕਾਰੀ ਖੰਡ ਮਿੱਲ, ਮੋਰਿੰਡਾ ਦਾ ਦੌਰਾ ਕੀਤਾ

# ਮਿੱਲ ਵਿੱਚ ਗੰਨੇ ਲੈ ਕੇ ਆਉਣ ਵਾਲੇ ਕਿਸਾਨਾਂ ਲਈ ਵਿਸ਼ਰਾਮ ਘਰ 'ਚ ਜਰੂਰੀ ਸੁਵਿਧਾਵਾਂ ਮੁਹੱਇਆ ਕਰਵਾਈਆਂ ਜਾਣ: ਡਾ. ਸੇਨੂ ਦੁੱਗਲ

**ਮੋਰਿੰਡਾ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਬੰਧ ਨਿਰਦੇਸ਼ਕ, ਸ਼ੂਗਰਫੈੱਡ, ਪੰਜਾਬ ਡਾਕਟਰ ਸੇਨੂ ਦੁੱਗਲ ਵੱਲੋਂ ਸਹਿਕਾਰੀ ਖੰਡ ਮਿੱਲ, ਮੋਰਿੰਡਾ ਦਾ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਸ਼ੂਗਰ ਮਿੱਲ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮਿੱਲ ਦੀ ਵਿਸਥਾਰਪੂਰਵਕ ਜਾਣਕਾਰੀ ਲਈ ਗਈ ਅਤੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆ ਕਿ ਮਿੱਲ ਦੇ ਖਰਚਿਆਂ ਨੂੰ ਘਟਾਉਂਦੇ ਹੋਏ, ਅਦਾਰੇ ਨੂੰ ਮੁਨਾਫੇ ਵਿੱਚ ਲਿਆਉਣ ਦੇ ਹਰ ਸੰਭਵ ਉਪਰਾਲੇ ਕੀਤੇ ਜਾਣ।

ਪ੍ਰਬੰਧ ਨਿਰਦੇਸ਼ਕ ਵੱਲੋਂ ਪਲਾਂਟ ਅੰਦਰ ਜਾ ਕੇ ਆਉਣ ਵਾਲੇ ਪਿੜਾਈ ਸੀਜ਼ਨ 2024-25 ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਅਤੇ ਵਰਕਰਾਂ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਕਿ ਪਲਾਂਟ ਨੂੰ ਅਗਲੇ ਪਿੜਾਈ ਸੀਜ਼ਨ ਲਈ ਸਮੇਂ-ਸਿਰ ਪੂਰਨ ਰੂਪ ਵਿੱਚ ਤਿਆਰ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਸ ਦੀ ਰਿਪੇਅਰ ਅਤੇ ਮੈਨਟੀਨੈਂਸ ਤਸੱਲੀਬਖਸ਼ ਕੀਤੀ ਜਾਵੇ, ਤਾਂ ਜੋਂ ਆਉਣ ਵਾਲੇ ਪਿੜਾਈ ਸੀਜ਼ਨ ਵਿੱਚ ਗੰਨੇ ਦੀ ਪਿੜਾਈ ਅਤੇ ਖੰਡ ਦੇ ਉਤਪਾਦਨ ਦਾ ਕੰਮ ਨਿਰਵਿਘਨ ਚਲਾਇਆ ਜਾ ਸਕੇ।

ਡਾ. ਸੇਨੂ ਦੁੱਗਲ ਨੇ ਕਿਹਾ ਕਿ ਇਲਾਕੇ ਦੇ ਕਿਸਾਨਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨ ਪਵੇ। ਖੰਡ ਦਾ ਉਤਪਾਦਨ ਬਹੁਤ ਹੀ ਸੁਚੱਜੇ ਅਤੇ ਸਾਫ-ਸਫਾਈ ਵਾਲੇ ਢੰਗ ਨਾਲ ਕੀਤਾ ਜਾਵੇ, ਤਾਂ ਜੋਂ ਵਧੀਆ ਕੁਆਲਿਟੀ ਦੀ ਖੰਡ ਮਿੱਲ ਵੱਲੋਂ ਤਿਆਰ ਕੀਤੀ ਜਾ ਸਕੇ।

ਪ੍ਰਬੰਧ ਨਿਰਦੇਸ਼ਕ, ਸ਼ੂਗਰਫੈੱਡ, ਪੰਜਾਬ ਵੱਲੋਂ ਮਿੱਲ ਦੇ ਸਮੁੱਚੇ ਏਰੀਏ ਦੀ ਸਾਫ-ਸਫਾਈ ਦਾ ਜਾਇਜ਼ਾ ਵੀ ਲਿਆ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਮਿੱਲ ਦੀ ਸਾਫ-ਸਫਾਈ ਅਤੇ ਖੰਡ ਦੀ ਕੁਆਲਿਟੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।



ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਸਹਿਕਾਰੀ ਖੰਡ ਮਿੱਲ, ਮੋਰਿੰਡਾ ਦੇ ਏਰੀਏ ਵਿੱਚ ਪਿਛਲੇ ਸਾਲ 5824 ਤੋਂ ਵੱਧ ਕੇ ਇਸ ਵਾਰ 6819 ਹੈਕਟੇਅਰ ਗੰਨੇ ਅਧੀਨ ਰਕਬਾ ਉਪਲੱਬਧ ਹੋਇਆ ਹੈ ਅਤੇ ਮਿੱਲ ਵੱਲੋਂ ਪਿੜਾਈ ਸੀਜ਼ਨ 2024-25 ਦੌਰਾਨ 28 ਲੱਖ ਕੁਵਿੰਟਲ ਤੋਂ ਵੱਧ ਗੰਨਾ ਪੀੜਨ ਦਾ ਟੀਚਾ ਮਿੱਥਿਆ ਗਿਆ ਹੈ। ਉਨ੍ਹਾਂ ਵੱਲੋਂ ਮਿੱਲ ਦੇ ਅਧਿਕਾਰੀਆਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆ ਕਿ ਮਿੱਲ ਵਿੱਚ ਗੰਨੇ ਲੈ ਕੇ ਆਉਣ ਵਾਲੇ ਕਿਸਾਨਾਂ ਲਈ ਕਿਸਾਨ ਵਿਸ਼ਰਾਮ ਘਰ ਵਿੱਚ ਜ਼ਰੂਰੀ ਸੁਵਿੱਧਾਵਾਂ ਮੁਹੱਇਆ ਕਰਵਾਈਆ ਜਾਣ, ਚਾਹ-ਪਾਣੀ ਅਤੇ ਖਾਣੇ ਦੇ ਪ੍ਰਬੰਧ ਲਈ ਵਧੀਆ ਕੰਨਟੀਨ ਚਲਾਈ ਜਾਵੇ ਅਤੇ ਗੰਨੇ ਦੇ ਯਾਰਡ ਵਿੱਚ ਉਡੀਕ ਦਾ ਸਮਾਂ ਘੱਟ ਤੋਂ ਘੱਟ ਰੱਖਿਆ ਜਾਵੇ। ਉਨ੍ਹਾਂ ਵੱਲੋਂ ਇਹ ਵੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਕਿ ਗੰਨੇ ਦੀ ਸਪਲਾਈ ਲਈ ਕੈਲੰਡਰ ਅਨੁਸਾਰ ਹੀ ਸਖਤੀ ਨਾਲ ਪਰਚੀ ਜਾਰੀ ਕੀਤੀ ਜਾਵੇ ਤਾਂ ਕਿ ਮਿੱਲ ਦੇ ਹਰ ਪ੍ਰਕਾਰ ਦੇ ਟੀਚੇ ਪ੍ਰਾਪਤ ਕੀਤੇ ਜਾ ਸਕਣ। ਇਸ ਮੌਕੇ ਤੇ ਸ਼੍ਰੀ ਅਰਵਿੰਦਰ ਪਾਲ ਸਿੰਘ ਕੈਰੋਂ ਜਨਰਲ ਮੈਨੇਜਰ, ਸ਼੍ਰੀ ਜਸਵੀਰ ਸਿੰਘ ਉੱਪ ਮੁੱਖ ਇੰਜੀਨੀਅਰ, ਸ਼੍ਰੀ ਟੀ.ਪੀ.ਐਸ. ਭੱਲਾ, ਸਹਾਇਕ ਇੰਜੀਨੀਅਰ, ਸ਼੍ਰੀ ਐਮ. ਸਿੰਘ, ਮੁੱਖ ਰਸਾਇਣਕਾਰ, ਸ਼੍ਰੀ ਜਸਵੰਤ ਸਿੰਘ, ਮੁੱਖ ਗੰਨਾ ਵਿਕਾਸ ਅਫਸਰ, ਸ਼੍ਰੀ ਸੁਸ਼ੀਲ ਕੁਮਾਰ, ਸੁਪਰਡੰਟ, ਸ਼੍ਰੀ ਰਵਿੰਦਰ ਸਿੰਘ, ਸਰਵੇਅਰ, ਸ਼੍ਰੀ ਵੀ.ਬੀ. ਸਿੰਘ ਲੇਖਾ ਇੰਚਾਰਜ ਅਤੇ ਵਰਕਰ ਯੂਨੀਅਨ ਦੇ ਨੁਮਾਇੰਦੇ ਸ਼੍ਰੀ ਬਲਵਿੰਦਰ ਸਿੰਘ ਬਾਵਾ, ਸ਼੍ਰੀ ਨੱਥੂ ਰਾਮ, ਸ਼੍ਰੀ ਜਸਬੀਰ ਸਿੰਘ, ਸ਼੍ਰੀ ਜਗਮੋਹਨ ਸਿੰਘ ਹਾਜ਼ਰ ਸਨ।

# ਜੰਮੂ-ਕਸ਼ਮੀਰ ਦੇ ਕੁਲਗਾਮ ਵਿਚ ਮੁਕਾਬਲੇ ਦੌਰਾਨ ਐੱਸਪੀ ਤੇ ਚਾਰ ਜਵਾਨ ਜ਼ਖ਼ਮੀ



**ਸ੍ਰੀਨਗਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੱਖਣੀ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿਚ ਦਹਿਸ਼ਤਗਰਦਾਂ ਨਾਲ ਹੋਏ ਇਕ ਮੁਕਾਬਲੇ ਵਿਚ ਐੱਸਪੀ ਰੈਂਕ ਦੇ ਇਕ ਅਫ਼ਸਰ ਸਣੇ ਪੰਜ ਸੁਰੱਖਿਆ ਜਵਾਨ ਜ਼ਖ਼ਮੀ ਹੋ ਗਏ। ਚਾਰ ਜਵਾਨਾਂ ਵਿਚੋਂ ਤਿੰਨ ਫ਼ੌਜ ਤੇ ਇਕ ਪੁਲੀਸ ਨਾਲ ਸਬੰਧਤ ਹੈ। ਇਕ ਸੀਨੀਅਰ ਪੁਲੀਸ ਅਫ਼ਸਰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਰੇ ਜ਼ਖ਼ਮੀ ਜਵਾਨਾਂ ਦੀ ਹਾਲਤ ਸਥਿਰ ਬਣੀ ਹੋਈ ਹੈ।

ਪੁਲੀਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਪਰੇਸ਼ਨ ਹਾਲੇ ਵੀ ਜਾਰੀ ਹੈ। ਉਨ੍ਹਾਂ ਕਿਹਾ, "ਚਾਰ ਜਵਾਨ ਅਤੇ ਇਕ ਪੁਲੀਸ ਅਫ਼ਸਰ ਜ਼ਖ਼ਮੀ ਹੋਏ ਹਨ। ਉਨ੍ਹਾਂ ਦੀ ਹਾਲਤ ਸਥਿਰ ਹੈ।" ਜ਼ਖ਼ਮੀਆਂ ਦੀ ਪਛਾਣ ਐਡੀਸ਼ਨਲ ਐਸਪੀ ਮੁਮਤਾਜ਼ ਅਲੀ ਭੱਟੀ, ਸਿਪਾਹੀ ਮੋਹਨ ਸ਼ਰਮਾ, ਸੋਹਨ ਕੁਮਾਰ, ਯੋਗਿੰਦਰ ਅਤੇ ਮੁਹੰਮਦ ਇਸਰਾਨ ਵਜੋਂ ਹੋਈ ਹੈ।

ਸ੍ਰੀਨਗਰ ਆਧਾਰਤ ਚਿਨਾਰ ਕੋਰ ਨੇ ਦੱਸਿਆ ਕਿ ਸੁਰੱਖਿਆ ਦਸਤਿਆਂ ਨੂੰ ਸ਼ੁੱਕਰਵਾਰ ਰਾਤ ਅਰੀਗਾਮ ਇਲਾਕੇ ਵਿਚ ਦਹਿਸ਼ਤਗਰਦਾਂ ਦੀ ਹਿੱਲਜੁੱਲ ਬਾਰੇ ਸੂਚਨਾ ਮਿਲੀ। ਜਦੋਂ ਸੁਰੱਖਿਆ ਦਸਤੇ ਮੌਕੇ ਉਤੇ ਪੁਜੇ ਤਾਂ ਦਹਿਸ਼ਤਗਰਦਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

ਇਸ ਬਾਰੇ ਜਾਣਕਾਰੀ ਦਿੰਦਿਆਂ ਕਸ਼ਮੀਰ ਦੇ ਇੰਸਪੈਕਟਰ ਜਨਰਲ ਪੁਲੀਸ ਵੀਕੇ ਬਿਰਦੀ ਨੇ ਕਿਹਾ, "ਸੁਰੱਖਿਆ ਦਸਤਿਆਂ ਨੂੰ ਬੀਤੀ ਦੇਰ ਰਾਤ ਅਰੀਗਾਮ ਇਲਾਕੇ ਵਿਚ ਦਹਿਸ਼ਤਗਰਦਾਂ ਦੀ ਹੱਲਜੁੱਲ ਬਾਰੇ ਜਾਣਕਾਰੀ ਮਿਲੀ। ਜਦੋਂ ਸੁਰੱਖਿਆ ਜਵਾਨ ਉਥੇ ਪੁੱਜੇ ਤਾਂ ਦੋਵਾਂ ਧਿਰਾਂ ਵਿਚਾਲੇ ਗੋਲੀਬਾਰੀਹੋਈ। ਇਸ ਦੌਰਾਨ ਤਿੰਨ ਸੁਰੱਖਿਆ ਤੇ ਇਕ ਪੁਲੀਸ ਜਵਾਨ ਮਾਮੂਲੀ ਤੌਰ 'ਤੇ ਜ਼ਖ਼ਮੀ ਹੋ ਗਏ। ਉਹ ਸਥਿਰ ਹਨ। ਅਪਰੇਸ਼ਨ ਜਾਰੀ ਹੈ ਅਤੇ ਇਸ ਨੂੰ ਪੂਰਾ ਹੋਣ ਵਿਚ ਕੁਝ ਸਮਾਂ ਲੱਗੇਗਾ।"

# ਸ਼ਹੀਦ ਭਗਤ ਸਿੰਘ ਨੂੰ ਜਨਮ ਦਿਹਾੜੇ ਮੌਕੇ ਮੋਦੀ ਤੇ ਹੋਰਨਾਂ ਵੱਲੋਂ ਸ਼ਰਧਾਂਜਲੀਆਂ



**ਨਵੀਂ ਦਿੱਲੀ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿੱਚਰਵਾਰ ਨੂੰ ਇਨਕਲਾਬੀ ਆਜ਼ਾਦੀ ਘੁਲਾਟੀਏ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਉਤੇ ਸ਼ਰਧਾਂਜਲੀ ਭੇਟ ਕੀਤੀ। ਯੂਪੀ ਦੇ ਉਪ ਮੁੱਖ ਮੰਤਰੀ ਅਤੇ ਹੋਰ ਆਗੂਆਂ ਨੇ ਵੀ ਸ਼ਹੀਦ-ਏ-ਆਜ਼ਮ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਹਨ।

ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਹਿੰਦੀ ਵਿਚ ਪਾਈ ਆਪਣੀ ਪੋਸਟ ਵਿਚ ਮੋਦੀ ਨੇ ਕਿਹਾ, " ਮਾਤ-ਭੂਮੀ ਦੇ ਮਾਣ-ਸਨਮਾਨ ਲਈ ਆਪਣੀ ਜਾਨ ਵਾਰਨ ਵਾਲੇ ਅਮਰ ਸ਼ਹੀਦ ਭਗਤ ਸਿੰਘ ਨੂੰ ਉਨ੍ਹਾਂ ਦੀ ਜਨਮ-ਜੈਅੰਤੀ ਮੌਕੇ ਲੱਖ-ਲੱਖ ਪ੍ਰਣਾਮ।" ਸ਼ਹੀਦ ਭਗਤ ਸਿੰਘ ਦਾ ਜਨਮ 1907 ਵਿਚ ਹੋਇਆ ਸੀ ਅਤੇ ਅੰਗਰੇਜ਼ ਹਕੂਮਤ ਨੇ ਉਨ੍ਹਾਂ ਨੂੰ 23 ਸਾਲ ਦੀ ਉਮਰ ਵਿਚ ਸ਼ਹੀਦ ਰਾਜਗੁਰੂ ਤੇ ਸੁਖਦੇਵ ਸਮੇਤ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

# ਜੰਮੂ-ਕਸ਼ਮੀਰ ਦੇ ਲੋਕ ਭ੍ਰਿਸ਼ਟਾਚਾਰ, ਅੱਤਵਾਦ ਤੋਂ ਮੁਕਤ ਸਰਕਾਰ ਦੀ ਆਸ 'ਚ : ਮੋਦੀ

**ਜੰਮੂ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਭ੍ਰਿਸ਼ਟਾਚਾਰ, ਅੱਤਵਾਦ ਅਤੇ ਵੱਖਵਾਦ ਤੋਂ ਮੁਕਤ ਸਰਕਾਰ ਦੀ ਆਸ ਲਾ ਕੇ ਬੈਠੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਇੱਥੇ ਐੱਮ.ਏ.ਐੱਮ. ਸਟੇਡੀਅਮ ਵਿਚ ਭਾਜਪਾ ਉਮੀਦਵਾਰਾਂ ਦੇ ਸਮਰਥਨ ਵਿਚ ਇਕ ਚੋਣ ਸਭਾ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਇਸ ਵਿਧਾਨ ਸਭਾ ਚੋਣਾਂ ਨੇ ਜੰਮੂ ਦੇ ਲੋਕਾਂ ਨੂੰ ਅਗਲੀ ਸਰਕਾਰ ਤੈਅ ਕਰਨ ਦਾ ਇਤਿਹਾਸਕ ਮੌਕਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਇਸ ਮੌਕੇ ਦਾ ਫਾਇਦਾ ਚੁੱਕਣਾ



ਚਾਹੀਦਾ ਹੈ ਅਤੇ ਭਾਜਪਾ ਨੂੰ ਚੁਣਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿਚ ਦੋ ਪੜਾਵਾਂ ਵਿਚ ਬੰਪਰ ਵੋਟਿੰਗ ਹੋਈ। ਇਹ ਤੈਅ ਹੈ ਕਿ ਭਾਜਪਾ ਪੂਰਨ ਬਹੁਮਤ ਨਾਲ ਸਰਕਾਰ ਬਣਾਉਣ ਜਾ ਰਹੀ ਹੈ। ਪਿਛਲੇ ਇਕ ਪੰਦਰਵਾੜੇ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਇਹ ਤੀਜੀ ਜੰਮੂ-ਕਸ਼ਮੀਰ ਯਾਤਰਾ ਅਤੇ ਚੌਥੀ ਚੋਣ ਰੈਲੀ ਹੈ। ਉਨ੍ਹਾਂ ਨੇ ਕਿਹਾ ਕਿ ਚੋਣਾਂ ਦੇ ਪਹਿਲੇ ਪੜਾਅ ਤੋਂ 4 ਦਿਨ ਪਹਿਲਾਂ 14 ਸਤੰਬਰ ਨੂੰ ਡੋਡਾ ਜ਼ਿਲ੍ਹੇ 'ਚ ਚੋਣ ਰੈਲੀ ਨੂੰ ਸੰਬੋਧਿਤ ਕੀਤਾ ਸੀ ਅਤੇ ਦੂਜੇ ਪੜਾਅ ਦੀਆਂ ਚੋਣਾਂ ਤੋਂ ਪਹਿਲਾਂ 19 ਸਤੰਬਰ ਨੂੰ ਸ਼੍ਰੀਨਗਰ ਅਤੇ ਕਟੜਾ 'ਚ ਦੋ ਹੋਰ ਰੈਲੀਆਂ ਨੂੰ ਸੰਬੋਧਨ ਕੀਤਾ। ਤੀਜੇ ਪੜਾਅ ਵਿਚ 7 ਜ਼ਿਲ੍ਹਿਆਂ ਦੀਆਂ ਆਖਰੀ 40 ਵਿਧਾਨ ਸਭਾ ਸੀਟਾਂ (ਜੰਮੂ ਖੇਤਰ ਵਿਚ 24 ਅਤੇ ਕਸ਼ਮੀਰ ਵਿਚ 16) ਲਈ ਜ਼ੋਰਦਾਰ ਪ੍ਰਚਾਰ ਐਤਵਾਰ ਸ਼ਾਮ ਨੂੰ ਖ਼ਤਮ ਹੋ ਜਾਵੇਗਾ।

# ਖੜਗੇ ਨੇ ਨੌਜਵਾਨਾਂ ਦੀ ਬੇਰੁਜ਼ਗਾਰੀ ਨੂੰ ਲੈ ਕੇ ਮੋਦੀ 'ਤੇ ਸਾਧਿਆ ਨਿਸ਼ਾਨਾ

**ਨਵੀਂ ਦਿੱਲੀ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੇਸ਼ 'ਚ ਨੌਜਵਾਨ ਬੇਰੁਜ਼ਗਾਰੀ ਦੇ 'ਭੈੜਦੇ ਪੱਧਰ' 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੱਸਣਾ ਚਾਹੀਦਾ ਹੈ ਕਿ ਕੀ 2023-24 'ਚ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 10.2 ਫ਼ੀਸਦੀ ਨਹੀਂ ਰਹੀ। ਪੀਰੀਓਡਿਕ ਲੇਬਰ ਫੋਰਸ ਸਰਵੇ (ਪੀ.ਐੱਲ.ਐੱਫ.ਐੱਸ.) ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਇਹ ਵੀ ਕਿਹਾ ਕਿ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਸਰਕਾਰੀ ਅੰਕੜੇ ਨੌਜਵਾਨਾਂ ਦੀ ਬੇਵਸੀ ਨੂੰ ਛੁਪਾਉਣ ਦੇ ਸਮਰੱਥ ਨਹੀਂ ਹਨ।

ਖੜਗੇ ਨੇ ਐਕਸ 'ਤੇ ਪੋਸਟ ਕੀਤਾ, ਬੇਰੁਜ਼ਗਾਰੀ ਤੋਂ ਵੱਡਾ ਦੇਸ਼ ਵਿੱਚ ਕੋਈ ਮੁੱਦਾ ਨਹੀਂ ਹੈ। ਨੌਜਵਾਨਾਂ ਦੇ ਭਵਿੱਖ ਨੂੰ ਬਰਬਾਦ ਕਰਨ ਵਿੱਚ ਮੋਦੀ ਜੀ ਦਾ ਸਭ ਤੋਂ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਤਾਜ਼ਾ ਪੀ.ਐੱਲ.ਐੱਫ.ਐੱਸ. ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਸਰਕਾਰੀ ਅੰਕੜੇ ਨੌਜਵਾਨਾਂ ਦੀ ਬੇਵਸੀ ਨੂੰ ਛੁਪਾਉਣ ਦੇ ਸਮਰੱਥ ਨਹੀਂ ਹਨ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਨਰਿੰਦਰ ਮੋਦੀ ਜੀ ਦੱਸਣਾ ਚਾਹੀਦਾ ਹੈ ਕਿ ਕੀ 2023-24 'ਚ ਨੌਜਵਾਨਾਂ ਦੀ ਬੇਰੁਜ਼ਗਾਰੀ 10.2 ਫ਼ੀਸਦੀ ਦੇ ਡਰਾਉਣੇ ਪੱਧਰ 'ਤੇ ਨਹੀਂ ਰਹੀ? ਰੰਗ-ਬਿਰੰਗੇ ਨਾਅਰੇ ਦੇਣ ਅਤੇ ਫੋਟੋਆਂ ਖਿਚਵਾਉਣ ਦੀ ਬਜਾਏ ਮੋਦੀ ਜੀ ਨੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ ਕੀ ਕੀਤਾ? ਖੜਗੇ ਨੇ ਇਹ ਵੀ ਸਵਾਲ ਕੀਤਾ ਹੈ ਕਿ ਨਿਰਮਾਣ ਖੇਤਰ ਨੂੰ ਹਰ ਰੋਜ਼ ਬਿਗਲ ਵਜਾਉਣ ਵਾਲੀ ਮੋਦੀ ਸਰਕਾਰ ਨੇ ਪਿਛਲੇ 7 ਸਾਲਾਂ ਵਿੱਚ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਕਿਉਂ ਨਹੀਂ ਕੀਤਾ ਅਤੇ ਇਹ ਅੰਕੜਾ 15.85 ਫ਼ੀਸਦੀ (2017-18) ਤੋਂ ਘਟ ਕੇ ਸਿਰਫ਼ 11.4 ਫ਼ੀਸਦੀ (2023-24) ਤੱਕ ਕਿਵੇਂ ਰਹਿ ਗਿਆ ਹੈ। ਛੱਡ ਦਿੱਤਾ? ਉਨ੍ਹਾਂ ਕਿਹਾ, ਮੋਦੀ ਜੀ, ਯਾਦ ਰੱਖੋ... ਭਾਰਤ ਦਾ ਇਕ-ਇਕ ਨੌਜਵਾਨ, ਜਿਸਦੇ ਰੁਜ਼ਗਾਰ ਨੂੰ ਤੁਹਾਡੀ ਸਰਕਾਰ ਨੇ ਖੋਹਣ ਦਾ ਕੰਮ ਕੀਤਾ ਹੈ, ਉਹ ਚੋਣਾਂ ਤੋਂ ਬਾਅਦ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਦਾ ਇੱਕੋ ਇੱਕ ਕੰਮ ਕਰੇਗਾ।



# ਟਰੂਡੋ ਸਰਕਾਰ ਡੇਗਣ ਦੀ ਮੁੜ ਕੋਸ਼ਿਸ਼

**ਵੈਨਕੂਵਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੇ ਟੋਰੀ ਆਗੂ ਪੀਅਰੇ ਪੋਲੀਵਰ ਨੇ ਘੱਟ ਗਿਣਤੀ ਟਰੂਡੋ ਸਰਕਾਰ ਨੂੰ ਹਟਾਉਣ ਲਈ ਆਪਣੀ ਪਹਿਲੀ ਨਾਕਾਮੀ ਦੇ ਬਾਵਜੂਦ ਹੌਸਲਾ ਨਹੀਂ ਹਾਰਿਆ ਤੇ ਅੱਜ ਦੂਜੀ ਵਾਰ ਬੇਭਰੋਸਗੀ ਮਤਾ ਸੰਸਦ ਵਿੱਚ ਪੇਸ਼ ਕੀਤਾ ਹੈ। ਇਸ ਮਤੇ 'ਤੇ ਬਹਿਸ ਮਗਰੋਂ ਮੰਗਲਵਾਰ ਨੂੰ ਵੋਟਿੰਗ ਕਰਵਾਈ ਜਾ ਸਕਦੀ ਹੈ। ਪਹਿਲੇ ਮਤੇ 'ਚ ਕਿਸੇ ਵੀ ਹੋਰ ਪਾਰਟੀ ਦੇ ਕਿਸੇ ਸੰਸਦ ਮੈਂਬਰ ਵਲੋਂ ਹਮਾਇਤ ਦੀ ਥਾਂ ਸਰਕਾਰ 'ਚ ਭਰੋਸਾ ਪ੍ਰਗਟਾਉਣ ਕਰਕੇ ਮਤਾ ਪਾਸ ਨਹੀਂ ਸੀ ਹੋ ਸਕਿਆ। ਬੇਭਰੋਸਗੀ ਮਤੇ ਦੇ ਹੱਕ 'ਚ 120 ਜਦਕਿ ਵਿਰੋਧ 211 ਵੋਟਾਂ ਪਈਆਂ ਸਨ। ਪੀਅਰੇ ਪੋਲੀਵਰ ਦੇ ਦਸਤਖਤਾਂ ਹੇਠ ਦੂਜਾ ਮਤਾ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਟੋਰੀ ਸੰਸਦ ਮੈਂਬਰ ਲੱਕ



ਬੈਰਥੋਡ ਵੱਲੋਂ ਸੰਸਦ ਸਾਹਮਣੇ ਰੱਖਿਆ ਗਿਆ। ਬੇਸ਼ੱਕ 34 ਮੈਂਬਰਾਂ ਵਾਲੀ ਬਲਾਕ ਕਿਊਬਕ ਪਾਰਟੀ ਨੇ 29 ਅਕਤੂਬਰ ਤੱਕ ਆਪਣੇ ਸੂਬੇ ਨਾਲ ਸਬੰਧਤ ਦੋ ਬਿੱਲ ਪਾਸ ਕਰਨ ਦਾ ਅਲਟੀਮੇਟਮ ਦਿੱਤਾ ਹੈ ਪਰ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੂੰ ਸੱਤਾ ਤੋਂ ਹਟਾਉਣ ਲਈ ਟੋਰੀ ਪਾਰਟੀ ਨੂੰ ਬਲਾਕ ਜਾਂ ਐੱਨਡੀਪੀ 'ਚੋਂ ਕਿਸੇ ਇੱਕ ਦੀ ਹਮਾਇਤ ਹੀ ਕਾਫੀ ਹੈ।

# ਨੇਪਾਲ 'ਚ ਲਗਾਤਾਰ ਪੈ ਰਹੇ ਮੀਂਹ ਕਾਰਨ ਆਇਆ ਹੜ੍ਹ, 39 ਲੋਕਾਂ ਦੀ ਮੌਤ, 11 ਲਾਪਤਾ

**ਕਾਠਮੰਡੂ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇਪਾਲ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਆਏ ਹੜ੍ਹ ਵਿੱਚ ਘੱਟੋ-ਘੱਟ 39 ਲੋਕਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਸ਼ਨੀਵਾਰ ਨੂੰ ਮੀਡੀਆ ਰਿਪੋਰਟਾਂ 'ਚ ਇਸ ਘਟਨਾ ਦੀ ਜਾਣਕਾਰੀ ਦਿੱਤੀ ਗਈ ਹੈ। ਨੇਪਾਲ ਦੇ ਕਈ ਹਿੱਸੇ ਸ਼ੁੱਕਰਵਾਰ ਤੋਂ ਹੋ ਰਹੀ ਬਾਰਿਸ਼ ਵਿਚ ਡੁੱਬ ਗਏ ਹਨ, ਜਿਸ ਕਾਰਨ ਆਫਤ ਅਧਿਕਾਰੀਆਂ ਨੇ ਅਚਾਨਕ ਹੜ੍ਹਾਂ ਦੀ ਚਿਤਾਵਨੀ ਜਾਰੀ ਕੀਤੀ ਹੈ।

ਖ਼ਬਰ ਮੁਤਾਬਕ ਕਾਠਮੰਡੂ 'ਚ 9, ਲਲਿਤਪੁਰ 'ਚ 16, ਭਗਤਾਪੁਰ 'ਚ ਪੰਜ, ਕਾਵਰੇਪਾਲਚੋਕ 'ਚ ਤਿੰਨ, ਪੰਜਥਰ ਅਤੇ ਧਨਕੁਟਾ 'ਚ ਦੋ-ਦੋ ਅਤੇ ਝਾਪਾ ਤੇ ਧਾਡਿੰਗ 'ਚ ਇਕ-ਇਕ ਵਿਅਕਤੀ ਦੀ ਮੌਤ ਹੋ ਗਈ। ਖ਼ਬਰਾਂ ਮੁਤਾਬਕ ਹੜ੍ਹ 'ਚ ਕੁੱਲ 11 ਲੋਕ ਲਾਪਤਾ ਹਨ। ਪੁਲਸ ਨੇ ਦੱਸਿਆ ਕਿ ਕਾਠਮੰਡੂ 'ਚ 226 ਘਰ ਪਾਣੀ 'ਚ ਡੁੱਬ ਗਏ ਹਨ ਅਤੇ ਨੇਪਾਲ ਪੁਲਸ ਵਲੋਂ ਪ੍ਰਭਾਵਿਤ ਇਲਾਕਿਆਂ 'ਚ ਕਰੀਬ ਤਿੰਨ ਹਜ਼ਾਰ ਸੁਰੱਖਿਆ ਕਰਮਚਾਰੀਆਂ ਦੀ ਇਕ ਬਚਾਅ ਟੀਮ ਤਾਇਨਾਤ ਕੀਤੀ ਗਈ ਹੈ।



# ਗਲੋਬਲ ਸਿੱਖ ਕੌਂਸਲ ਵੱਲੋਂ ਯੂ.ਐਨ.ਓ. ਤੇ ਕੈਨੇਡਾ ਸਰਕਾਰ ਨੂੰ ਕਿਊਬਿਕ ਸੂਬੇ 'ਚ ਦਸਤਾਰ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਨੂੰ ਰੱਦ ਕਰਾਉਣ ਦੀ ਅਪੀਲ

**ਚੰਡੀਗੜ੍ਹ/ਜਲੰਧਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

32 ਦੇਸ਼ਾਂ ਦੀਆਂ ਕੌਮੀ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੀ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਕੈਨੇਡਾ ਦੇ ਕਿਊਬਿਕ ਸੂਬੇ ਵੱਲੋਂ ਲਾਗੂ ਕੀਤੇ ਵਿਵਾਦਤ 'ਬਿੱਲ-21' ਨਾਮੀ ਕਾਨੂੰਨ ਦੀ ਸਖ਼ਤ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (ਯੂ.ਐਨ.ਐਚ.ਆਰ.ਸੀ.) ਅਤੇ ਕੈਨੇਡਾ ਦੀ ਫੈਡਰਲ ਸਰਕਾਰ ਨੂੰ ਇਸ ਵਿਵਾਦਤ ਕਾਨੂੰਨ ਨੂੰ ਤੁਰੰਤ ਮਨਸੂਖ ਕਰਨ ਦੀ ਅਪੀਲ ਕੀਤੀ ਹੈ ਜਿਸ ਵਿੱਚ ਜਨਤਕ ਖੇਤਰ ਵਿੱਚ ਨੌਕਰੀਪੇਸ਼ਾ ਸਿੱਖਾਂ ਨੂੰ ਦਫ਼ਤਰਾਂ ਅਤੇ ਕੰਮ ਦੌਰਾਨ ਧਾਰਮਿਕ ਚਿੰਨ੍ਹ ਪਹਿਨਣ 'ਤੇ ਪਾਬੰਦੀ ਲਗਾਈ ਗਈ ਹੈ।ਜੀ.ਐਸ.ਸੀ. ਨੇ ਕਿਹਾ ਹੈ ਕਿ ਇਹ ਕਾਨੂੰਨ ਮਨੁੱਖੀ ਅਧਿਕਾਰਾਂ ਪ੍ਰਤੀ ਸੰਯੁਕਤ ਰਾਸ਼ਟਰ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ ਸਿੱਧੇ ਤੌਰ 'ਤੇ ਉਲੰਘਣਾ ਕਰਦਾ ਹੈ ਜਿਸ ਉਪਰ ਕੈਨੇਡਾ



ਸਰਕਾਰ ਵੱਲੋਂ ਦਸਤਖ਼ਤ ਕੀਤੇ ਹੋਏ ਹਨ। ਇਸ ਕਰਕੇ ਕੈਨੇਡਾ ਦੀ ਫੈਡਰਲ ਸਰਕਾਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਤੋਂ ਇਸ ਭਖਵੇਂ ਮਾਮਲੇ ਉਪਰ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਬਿਆਨ ਵਿੱਚ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ, ਓ.ਬੀ.ਈ. ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੈਨੇਡਾ ਮੁਲਕ ਦਾ ਸੰਵਿਧਾਨ ਸਾਰੇ ਦੇਸ਼ ਦੇ ਨਾਗਰਿਕਾਂ ਨੂੰ ਧਰਮ ਦੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ। ਇਸ ਤੋਂ ਇਲਾਵਾ ਨਸਲੀ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਕਰਨ ਦੇ ਵਚਨਬੱਧ ਵਾਲੀਆਂ ਸੰਯੁਕਤ ਰਾਸ਼ਟਰ ਦੀਆਂ ਸੰਧੀਆਂ ਨੂੰ ਕੈਨੇਡਾ ਨੇ ਪ੍ਰਵਾਨ ਕੀਤਾ ਹੋਇਆ ਹੈ। ਉਨਾਂ ਕਿਹਾ ਕਿ ਕਿਊਬਿਕ ਰਾਜ ਦਾ ਇਹ ਕਾਨੂੰਨ ਆਪਣੇ ਨਾਗਰਿਕਾਂ ਨਾਲ ਉਹਨਾਂ ਦੇ ਧਾਰਮਿਕ ਵਿਸ਼ਵਾਸਾਂ ਦੇ ਅਧਾਰ 'ਤੇ ਵਿਤਕਰੇ ਨੂੰ ਜਾਇਜ਼ ਠਹਿਰਾਉਂਦਾ ਹੈ ਅਤੇ ਉਹਨਾਂ ਦੇ ਬੁਨਿਆਦੀ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ।

ਉਨਾਂ ਕਿਊਬਿਕ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰਦਿਆਂ ਕਿਹਾ ਕਿ ਇਹ ਕਾਨੂੰਨ ਸੂਬਾਈ ਨਿਜ਼ਾਮ ਨੂੰ ਧਾਰਮਿਕ ਪ੍ਰਗਟਾਵੇ ਦੀ ਉਲੰਘਣਾ ਕਰਨ ਅਤੇ ਪ੍ਰਸ਼ਾਸ਼ਨ ਨੂੰ ਇਹ ਲਾਗੂ ਕਰਨ ਦੀ ਆਗਿਆ ਦਿੰਦਾ ਹੋਇਆ ਇੱਕ ਖ਼ਤਰਨਾਕ ਮਿਸਾਲ ਕਾਇਮ ਕਰਦਾ ਹੈ ਕਿ ਇਸਦੇ ਵਸਨੀਕ ਕੀ ਪਹਿਨਣ ਜਾਂ ਕੀ ਨਾ ਪਹਿਨਣ।ਡਾ. ਕੰਵਲਜੀਤ ਕੌਰ ਨੇ ਯੂ.ਐਨ.ਐਚ.ਆਰ.ਸੀ., ਨਾਗਰਿਕ ਸੁਤੰਤਰਤਾ ਸੰਗਠਨਾਂ, ਕੈਨੇਡਾ ਦੇ ਸਮੂਹ ਸੰਸਦ ਮੈਂਬਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਕਿਊਬਿਕ ਵਿੱਚ ਧਾਰਮਿਕ ਆਜ਼ਾਦੀ 'ਤੇ ਹੋਏ ਇਸ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼

# ਸੌਂਦ ਵੱਲੋਂ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਦੋ ਰੋਜ਼ਾ ਇਨਕਲਾਬ ਮੇਲੇ ਦਾ ਉਦਘਾਟਨ

**ਚੰਡੀਗੜ੍ਹ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਦੋ ਰੋਜ਼ਾ ਇਨਕਲਾਬ ਮੇਲੇ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨਾ ਸਿਰਫ ਭਾਰਤ ਬਲਕਿ ਪੂਰੇ ਵਿਸ਼ਵ ਦਾ ਮਾਣ ਹੈ ਅਤੇ ਪੰਜਾਬ ਸਰਕਾਰ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਉਨ੍ਹਾਂ ਦੇ ਸੁਪਨਿਆਂ ਦਾ ਦੇਸ਼ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਸਮੁੱਚੇ ਦੇਸ਼ ਵਾਸੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਇਸ ਮਹਾਨ ਸ਼ਹੀਦ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਮੁੱਚਾ ਪੰਜਾਬ ਉਨ੍ਹਾਂ ਦੇ ਜਨਮ ਦਿਨ ਮੌਕੇ ਯਾਦ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਕ ਵਿਸ਼ੇਸ਼ ਪਹਿਲਕਦਮੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਮੁੜ ਤੋਂ ਮੇਲੇ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਸੇ ਤਹਿਤ ਖਟਕੜ ਕਲਾਂ ਵਿਖੇ ਦੋ ਦਿਨਾਂ 'ਇਨਕਲਾਬ ਮੇਲਾ' ਸਰਦਾਰ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਤਾ ਗਿਆ ਹੈ। ਇਹ 'ਇਨਕਲਾਬ ਮੇਲਾ' ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਦੇ ਇਨਕਲਾਬੀ ਨਾਇਕਾਂ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਿਚ ਬੇਹੱਦ ਸਹਾਈ ਸਿੱਧ ਹੋਵੇਗਾ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਖਟਕੜ ਕਲਾਂ ਵਿਖੇ ਸਹੁੰ ਚੁੱਕੀ ਸੀ ਅਤੇ ਅੱਜ ਸੂਬੇ ਦੇ ਸਰਕਾਰੀ ਦਫ਼ਤਰਾਂ ਵਿਚ ਆਜ਼ਾਦੀ ਦੇ ਅਸਲੀ ਨਾਇਕਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੋਹਾਲੀ ਏਅਰਪੋਰਟ ਦਾ ਨਾਂ ਵੀ ਸ਼ਹੀਦ ਭਗਤ ਸਿੰਘ ਦੇ ਨਾਂ ਉੱਤੇ ਰੱਖਿਆ ਹੈ।

ਤਰੁਨਪ੍ਰੀਤ ਸਿੰਘ ਸੌਂਦ ਨੇ ਇਨਕਲਾਬ ਮੇਲੇ ਦੀ ਸ਼ੁਰੂਆਤ ਸ਼ਮਾ ਰੋਸ਼ਨ ਕਰਕੇ ਕੀਤੀ। ਇਸ ਸਮੇਂ ਉਨ੍ਹਾਂ ਦੇ ਨਾਲ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਕੈਬਨਿਟ ਮੰਤਰੀ ਮੋਹਿੰਦਰ ਭਗਤ, ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਸੰਤੋਸ਼ ਕਟਾਰੀਆ ਅਤੇ ਡਾ. ਸੁਖਵਿੰਦਰ ਸੁੱਖੀ ਤੋਂ ਇਲਾਵਾ ਹੋਰ ਸ਼ਖਸੀਅਤਾਂ ਹਾਜ਼ਰ ਸਨ।



# ਸਿੰਚਾਈ ਲਈ ਪਾਣੀ ਅਲਾਟ ਕਰਨ ਬਦਲੇ 20,000 ਰੁਪਏ ਰਿਸ਼ਵਤ ਲੈਂਦਾ ਨਹਿਰੀ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ ਜਿਲੇਦਰੀ ਸ਼ਾਖਾ, ਪਿੰਡ ਲਾਡਬੰਜਾਰਾ, ਜ਼ਿਲਾ ਸੰਗਰੂਰ ਵਿਖੇ ਤਾਇਨਾਤ ਨਹਿਰੀ ਪਟਵਾਰੀ ਕਰਮਜੀਤ ਸਿੰਘ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਛਾਹੜ ਦੇ ਵਸਨੀਕ ਦਰਸ਼ਨ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਸ ਕੋਲ 25 ਏਕੜ ਜ਼ਮੀਨ ਹੈ ਜਿਸ ਵਿੱਚੋਂ ਸਾਢੇ 8 ਏਕੜ ਜ਼ਮੀਨ ਲਈ ਸਿੰਚਾਈ ਵਾਸਤੇ ਪਹਿਲਾਂ ਹੀ ਨਹਿਰੀ ਪਾਣੀ ਅਲਾਟ ਹੈ ਅਤੇ ਬਾਕੀ ਰਹਿੰਦੀ ਜ਼ਮੀਨ ਲਈ ਸਿੰਚਾਈ ਵਾਸਤੇ ਨਹਿਰੀ ਪਾਣੀ ਅਲਾਟ ਕਰਨ ਬਦਲੇ ਉਕਤ ਪਟਵਾਰੀ ਕਰਮਜੀਤ ਸਿੰਘ ਉਸ ਤੋਂ 2,600 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਿਸ਼ਵਤ ਮੰਗ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਉਕਤ ਪਟਵਾਰੀ ਕਰਮਜੀਤ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 20,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁਲਜ਼ਮ ਪਟਵਾਰੀ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।



# ਗੈਰ-ਕਾਨੂੰਨੀ ਰੂਪ ਨਾਲ ਦਾਖ਼ਲ ਹੋਣ 'ਤੇ ਫੜੇ ਗਏ 17 ਬੰਗਲਾਦੇਸ਼ੀ ਵਾਪਸ ਭੇਜੇ: CM ਹਿਮੰਤ

**ਗੁਹਾਟੀ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ 'ਚ ਗੈਰ-ਕਾਨੂੰਨੀ ਰੂਪ ਨਾਲ ਦਾਖ਼ਲ ਹੋਣ ਦੇ ਦੋਸ਼ 'ਚ ਆਸਾਮ ਤੋਂ ਫੜੇ ਗਏ 8 ਬੱਚਿਆਂ ਸਮੇਤ 17 ਬੰਗਲਾਦੇਸ਼ੀਆਂ ਨੂੰ ਸ਼ਨੀਵਾਰ ਨੂੰ ਵਾਪਸ ਭੇਜ ਦਿੱਤਾ ਗਿਆ। ਮੁੱਖ ਮੰਤਰੀ ਹਿਮੰਤ ਵਿਸ਼ਵ ਸ਼ਰਮਾ ਨੇ ਇਹ ਜਾਣਕਾਰੀ ਦਿੱਤੀ। ਸ਼ਰਮਾ ਨੇ 'ਐਕਸ' 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਇਕ ਤਸਵੀਰ ਸਾਂਝਾ ਕਰਦਿਆਂ ਕਿਹਾ ਕਿ ਘੁਸਪੈਠ ਖਿਲਾਫ਼ ਸਖ਼ਤ ਕਦਮ ਚੁੱਕਦੇ ਹੋਏ ਆਸਾਮ ਪੁਲਸ ਨੇ ਅੱਜ ਤੜਕੇ 9 ਬੰਗਲਾਦੇਸ਼ੀਆਂ ਅਤੇ 8 ਬੱਚਿਆਂ ਨੂੰ ਸਰਹੱਦ 'ਤੇ ਵਾਪਸ ਭੇਜ ਦਿੱਤਾ।



ਅਧਿਕਾਰੀਆਂ ਨੇ ਦੱਸਿਆ ਕਿ ਬੰਗਲਾਦੇਸ਼ ਵਿਚ ਸਿਆਸੀ ਸੰਕਟ ਮਗਰੋਂ ਭਾਰਤ ਵਿਚ ਗੈਰ-ਕਾਨੂੰਨੀ ਰੂਪ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਵਿਚ ਹੁਣ ਤੱਕ ਆਸਾਮ ਵਿਚ ਕਰੀਬ 100 ਲੋਕਾਂ ਨੂੰ ਫੜ ਕੇ ਵਾਪਸ ਭੇਜਿਆ ਗਿਆ ਹੈ।

# ਸੜਕ ਤੋਂ ਤਿਲਕ 20 ਫੁੱਟ ਹੇਠਾਂ ਜਾ ਡਿੱਗੀ ਸ਼ਰਧਾਲੂਆਂ ਨਾਲ ਭਰੀ ਬੱਸ, 4 ਦੀ ਮੌਕੇ 'ਤੇ ਮੌਤ



**ਬਾਲਾਸੋਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਓਡੀਸ਼ਾ ਦੇ ਜਲੇਸ਼ਵਰ 'ਚ ਸ਼ੁੱਕਰਵਾਰ ਦੇਰ ਰਾਤ ਨੈਸ਼ਨਲ ਹਾਈਵੇਅ 60 'ਤੇ ਬੱਸ ਪਲਟ ਜਾਣ ਕਾਰਨ ਇਕ ਔਰਤ ਸਮੇਤ ਚਾਰ ਸ਼ਰਧਾਲੂਆਂ ਦੀ ਮੌਤ ਹੋ ਜਾਣ ਦੀ ਦੁੱਖਦ ਖ਼ਬਰ ਮਿਲੀ ਹੈ। ਇਸ ਹਾਦਸੇ ਵਿਚ 45 ਹੋਰ ਲੋਕ ਜ਼ਖ਼ਮੀ ਹੋ ਗਏ। ਘਟਨਾ ਸਥਾਨ 'ਤੇ ਪਹੁੰਚੀ ਪੁਲਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਇਹ ਹਾਦਸਾ ਜਲੇਸ਼ਵਰ ਪੁਲਸ ਸਟੇਸ਼ਨ ਦੀ ਸੀਮਾ ਦੇ ਅਧੀਨ ਚਲੰਤੀ ਚੱਕ ਦੇ ਕੋਲ ਰਾਤ ਕਰੀਬ 12:45 ਵਜੇ ਵਾਪਰਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਉੱਤਰ ਪ੍ਰਦੇਸ਼ ਤੋਂ 57 ਯਾਤਰੀਆਂ ਨੂੰ ਲੈ ਕੇ ਪੁਰੀ ਜਾ ਰਹੀ ਇੱਕ ਟੂਰਿਸਟ ਬੱਸ ਸੜਕ ਤੋਂ ਤਿਲਕ ਕੇ 20 ਫੁੱਟ ਹੇਠਾਂ ਖੇਤ ਵਿੱਚ ਜਾ ਡਿੱਗੀ। ਜ਼ਖ਼ਮੀਆਂ ਨੂੰ ਸਥਾਨਕ ਜੀ.ਕੇ.ਭੱਟਰ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿਨ੍ਹਾਂ 'ਚੋਂ 14 ਨੂੰ ਬਾਅਦ 'ਚ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ 'ਚ ਭੇਜ ਦਿੱਤਾ ਗਿਆ, ਜਿੱਥੇ ਉਨ੍ਹਾਂ ਦਾ ਸਰਜਰੀ ਅਤੇ ਆਰਥੋਪੀਡਿਕ ਵਾਰਡਾਂ 'ਚ ਇਲਾਜ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਾਦਸੇ ਦੇ ਸਮੇਂ ਜ਼ਿਆਦਾਤਰ ਯਾਤਰੀ ਸੁੱਤੇ ਹੋਏ ਸਨ।

ਸ਼ੱਕ ਜਤਾਇਆ ਜਾ ਰਿਹਾ ਹੈ ਕਿ ਡਰਾਈਵਰ ਨੇ ਗੱਡੀ ਤੋਂ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਇਹ ਹਾਦਸਾ ਵਾਪਰ ਗਿਆ। ਵਧੀਕ ਜ਼ਿਲ੍ਹਾ ਮੈਜਿਸਟਰੇਟ ਸੁਧਾਕਰ ਨਾਇਕ ਨੇ ਦੱਸਿਆ ਕਿ ਘਟਨਾ ਵਿੱਚ ਤਿੰਨ ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਇੱਕ ਦੀ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ ਲਿਜਾਂਦੇ ਸਮੇਂ ਮੌਤ ਹੋਈ। ਫਾਇਰ ਬ੍ਰਿਗੇਡ ਅਤੇ ਪੁਲਸ ਮੁਲਾਜ਼ਮਾਂ ਨੇ ਡਰਾਈਵਰ ਦੇ ਦਰਵਾਜ਼ੇ ਨੂੰ ਕੱਟ ਕੇ ਪਲਟੀ ਬੱਸ ਵਿੱਚੋਂ ਸਵਾਰੀਆਂ ਨੂੰ ਬਚਾਇਆ।

ਮਾਮੂਲੀ ਜ਼ਖ਼ਮੀ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਘਰਾਂ ਨੂੰ ਵਾਪਸ ਭੇਜਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਡਰਾਈਵਰ, ਸਹਾਇਕ ਸਟਾਫ਼ ਅਤੇ ਟਰੈਵਲ ਏਜੰਟ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

# 350 ਸਾਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਤਾ ਗੱਦੀ ਦਿਵਸ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ : ਧਾਮੀ

## ਸ਼੍ਰੋਮਣੀ ਕਮੇਟੀ ਕੰਗਨਾ ਦੀ ਫ਼ਿਲਮ ਨੂੰ ਕਿਸੇ ਵੀ ਕੀਮਤ 'ਤੇ ਚੱਲਣ ਨਹੀਂ ਦੇਵੇਗੀ



**ਅੰਮ੍ਰਿਤਸਰ, 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕਈ ਅਹਿਮ ਫੈਸਲੇ ਲਏ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ 350 ਸਾਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਤਾ ਗੱਦੀ ਦਿਵਸ ਆ ਰਿਹਾ ਹੈ ਜੋ 2025 'ਚ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਇਸ ਦੌਰਾਨ ਪ੍ਰਧਾਨ ਧਾਮੀ ਨੇ ਕਿਹਾ ਮੇਘਾਲਿਆ ਸਰਕਾਰ ਵੱਲੋਂ ਸ਼ਿਲਾਂਗ 'ਚ ਪੰਜਾਬੀ ਕਲੋਨੀ ਹੈ, ਜਿਥੇ ਇਕ ਗੁਰੂਘਰ ਵੀ ਹੈ ਅਤੇ ਇਸ ਨੂੰ ਢਾਉਣ ਲਈ ਸਰਕਾਰ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਉੱਥੇ ਦੇ ਸਕੱਤਰ ਅਤੇ ਗਵਰਨਰ ਨੂੰ ਮਿਲ ਕੇ ਆਏ ਹਨ। ਜਿਥੇ ਇਨ੍ਹਾਂ ਨੇ ਮੇਘਾਲਿਆ ਦਾ ਮੁੱਖ ਮੰਤਰੀ ਕੋਨਰਾਡ ਸੰਗਮਾ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਦੇ ਪੰਜਾਬੀ ਇੱਥੇ ਵਸਦੇ ਹਨ ਤੇ ਜੋ ਫੈਸਲਾ ਲਿਆ ਗਿਆ ਹੈ ਉਸ 'ਤੇ ਰੋਕ ਲਾਈ ਜਾਵੇ। ਗੁਰੂ ਘਰ ਅਤੇ ਸਿੱਖਾਂ ਦੀ ਰਿਹਾਇਸ਼ ਨਾ ਢਾਹਿਆ ਜਾਵੇ ਤੇ ਸੁਰੱਖਿਆ ਯਕੀਨੀ ਬਣਾਈ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮੀਤ ਸ਼ਾਹ ਨੂੰ ਵੀ ਬੇਨਤੀ ਕਰਦੀ ਹੈ ਕਿ ਉਹ ਵੀ ਇਸ ਮਾਮਲੇ 'ਚ ਸ਼ਾਮਲ ਹੋਣ ਤਾਂ ਜੋ ਇਸ ਕਾਰਵਾਈ ਨੂੰ ਤਰੁੰਤ ਰੋਕਿਆ ਜਾਵੇ। ਇਸ ਦੌਰਾਨ ਉਨ੍ਹਾਂ ਨੇ ਪਾਕਿਸਤਾਨ 'ਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਬਾਰੇ ਬੋਲਦਿਆਂ ਕਿਹਾ ਕਿ ਸਿੱਖਾਂ ਦੀ ਇੱਛਾ ਹੈ ਕਿ ਉਹ ਹਰ ਸਾਲ ਉੱਥੇ ਜਾ ਕੇ ਗੁਰੂ ਪੁਰਬ ਮਨਾਉਣ ਪਰ ਇਸ ਵਾਸਤੇ ਵੀਜ਼ਾ ਲੈ ਕੇ ਜਾਣਾ ਪੈਂਦਾ ਹੈ। ਇਸ ਲਈ ਭਾਰਤ ਸਰਕਾਰ ਪਾਸਪੋਰਟ ਦੀ ਸ਼ਰਤ ਨੂੰ ਤੁਰੰਤ ਰੱਦ ਕਰੇ।

ਪ੍ਰਧਾਨ ਧਾਮੀ ਨੇ ਕਿਹਾ ਕਿ ਜੋ ਐਮਰਜੈਂਸੀ ਟੁੱਟੀ ਹੈ, ਇਸ 'ਚ ਸਿੱਖਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਉਨ੍ਹਾਂ ਕਿਹਾ ਇਸ ਫ਼ਿਲਮ 'ਚ ਜਰਨੈਲ ਸਿੰਘ ਭੰਡਰਾਵਾਲੇ ਨੂੰ ਅੱਤਵਾਦੀ ਦਿਖਾਉਣਾ ਸਹੀ ਨਹੀਂ ਹੈ। ਇਸ ਲਈ ਸੈਂਸਰ ਬੋਰਡ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਨੂੰ ਤੁਰੰਤ ਰੋਕਿਆ ਜਾਵੇ। ਉਨ੍ਹਾਂ ਕਿ ਸ਼੍ਰੋਮਣੀ ਕਮੇਟੀ ਇਸ ਫ਼ਿਲਮ ਨਖੇਦੀ ਹੀ ਨਹੀਂ ਸਗੋਂ ਕਿਸੇ ਵੀ ਸ਼ਰਤ ਦੇ ਚੱਲਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਸੈਂਸਰ ਬੋਰਡ ਨੇ ਖਾਲੜਾ ਸਾਬ੍ਹ 'ਤੇ ਬਣਾਈ ਫਿਲਮ 'ਪੰਜਾਬ 95' 'ਤੇ ਕੱਟ ਲਗਾਉਣ ਲਈ ਕਿਹਾ ਹੈ ਪਰ ਐਮਰਜੈਂਸੀ ਫ਼ਿਲਮ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਮੈਂ, ਜਥੇਦਾਰ ਤੇ ਭਾਈ ਭਗਵੰਤ ਸਿੰਘ ਸਿਆਲਕਾ ਨੇ ਰਾਜੋਆਣਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਰਾਜੋਆਣਾ ਦੀ ਭੈਣ ਬੀਮਾਰ ਹੋਣ ਦੇ ਬਾਵਜੂਦ ਵੀ ਅਦਾਲਤਾਂ ਦੇ ਚੱਕਰ ਕੱਢ ਰਹੀ ਹੈ ਅਤੇ ਸੁਪਰੀਮ ਕੋਰਟ ਦਾ ਫੈਸਲਾ ਸਰਕਾਰ ਨੇ ਲਾਗੂ ਨਹੀਂ ਕੀਤਾ ਇਸ ਲਈ ਇਕ ਹੋਰ ਪਟੀਸ਼ਨ ਪਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਪੂਰਨ ਯਤਨ ਕੀਤੇ ਜਾ ਰਹੇ ਹਨ।

# ਰੈਬੀਜ਼ ਘਾਤਕ ਬਿਮਾਰੀ ਹੈ, ਪਰ ਇਸ ਤੋਂ ਪੂਰਨ ਬਚਾਅ ਕੀਤਾ ਜਾ ਸਕਦਾ ਹੈ: ਜਿਲ੍ਹਾ ਐਪੀਡੀਮੋਲੋਜਿਸਟ

**ਫਾਜ਼ਿਲਕਾ 29 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਲੀਕੇ ਗਏ ਬੈਗ ਫਰੀ ਪ੍ਰੋਗਰਾਮ ਨੂੰ ਸਕੂਲਾਂ ਅੰਦਰ ਸਫਲਤਾਪੂਰਵਕ ਲਾਗੂ ਕੀਤਾ ਜਾ ਰਿਹਾ ਹੈ ਜਿਸ ਵਿਚ ਵਿਦਿਆਰਥੀਆਂ ਵੱਲੋਂ ਸਕੂਲਾਂ ਅੰਦਰ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਵਿਚ ਕਾਫੀ ਉਤਸੁਕਤਾ ਨਾਲ ਭਾਗ ਲਿਆ ਜਾ ਰਿਹਾ ਹੈ। ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਸਕੂਲ ਦੇ ਬੱਚੇ ਬੈਗ ਨਾ ਲਿਆ ਕੇ ਮਨੋਰੰਜਨ ਦੀਆਂ ਗਤੀਵਿਧੀਆਂ ਕਰਦੇ ਹਨ । ਹੁਨਰ ਨੂੰ ਵਧਾਉਣ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਕਰਨਾ ਦੇ ਉਦੇਸ਼ ਤਹਿਤ ਦਿਵਸ ਮਨਾਇਆ ਜਾ ਰਿਹਾ ਹੈ ।

ਜ਼ਿਲ੍ਹਾ ਕੋਆਰਡੀਨੇਟਰ ਸੀ.ਐਮ. ਦੀ ਯੋਗਸ਼ਾਲਾ ਰਾਧੇ ਸ਼ਾਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਦੇ ਤਕਨੀਕੀ ਯੁਗ ਅਤੇ ਤਣਾਅ ਭਰੇ ਮਾਹੌਲ ਵਿਚ ਬਚਿਆਂ ਨੂੰ ਸਕੂਲਾਂ ਵਿਚ ਦੋਸਤਾਨਾ ਮਾਹੌਲ ਅਤੇ ਖੁਸ਼ੀਆ ਭਰਿਆ ਵਾਤਾਵਰਣ ਪ੍ਰਦਾਨ ਕਰਨਾ ਇਕ ਚੁਣੋਤੀ ਹੈ, ਇਸੇ ਤਹਿਤ ਬੈਗ ਫਰੀ ਮੁਹਿੰਮ ਨੂੰ ਉਲੀਕ ਕੇ ਸਕੂਲਾਂ ਵਿਚ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ । ਉਨ੍ਹਾਂ ਕਿਹਾ ਕਿ



ਬਚਿਆਂ ਨੂੰ ਸਿਹਤਮੰਦ ਅਤੇ ਤਣਾਅ ਰਹਿਤ ਰੱਖਣ ਲਈ ਸਕੂਲਾਂ ਵਿਚ ਯੋਗ ਅਭਿਆਸ ਕਰਵਾਏ ਗਏ ।

ਉਨ੍ਹਾਂ ਕਿਹਾ ਕਿ ਯੋਗ ਗਤੀਵਿਧੀਆਂ ਨਾਲ ਜਿਥੇ ਬਚੇ ਸਿਹਤ ਪੱਖੋਂ ਤੰਦਰੁਸਤ ਹੁੰਦੇ ਹਨ ਉਥੇ ਮਾਨਸਿਕ ਪੱਖੋਂ ਵੀ ਮਜਬੂਤ ਬਣਦੇ ਹਨ । ਉਨ੍ਹਾਂ ਕਿਹਾ ਕਿ ਮਾਸਟਰ ਟ੍ਰੇਨਰਾਂ ਦੀ ਅਗਵਾਈ ਹੇਠ ਯੋਗ ਆਸਨ ਕਰਕੇ ਬਚੇ ਜਿਥੇ ਆਪਣੇ ਆਪ ਨੂੰ ਸਹਿਜ ਮਹਿਸੂਸ ਕਰਦੇ ਹਨ ਉਥੇ ਬਚੇ ਵੀ ਇਸ ਗਤੀਵਿਧੀ ਵਿਚ ਵੱਧ ਚੜ ਕੇ ਹਿਸਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਯੋਗਾ ਬਚਿਆਂ ਨੂੰ ਤਣਾਅ ਤੋਂ ਦੂਰ ਕਰਦਾ ਹੈ ਤੇ ਮਨ ਨੂੰ ਹਲਕਾ ਰੱਖਦਾ ਹੈ ।

ਉਨ੍ਹਾਂ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲ ਨਾਨਕ ਨਗਰੀ, ਸੂਰਜ ਨਗਰੀ, ਬੇਸਿਕ ਸਕੂਲ ਅਬੋਹਰ, ਏਕਤਾ ਕਲੋਨੀ ਅਬੋਹਰ, ਸਰਕਾਰੀ ਸਕੂਲ ਨੇੜੇ ਟੀ.ਵੀ. ਟਾਵਰ ਫਾਜ਼ਿਲਕਾ, ਸਰਕਾਰੀ ਸਕੂਲ ਕੈਨਾਲ ਕਲੋਨੀ, ਸਰਕਾਰੀ ਸਕੂਲ ਨੇੜੇ ਬਾਹਮਣੀ ਰੋਡ ਜਲਾਲਾਬਾਦ ਆਦਿ ਸਕੂਲਾਂ ਵਿਖੇ ਯੋਗਾ ਆਸਨ ਕਰਵਾਏ ਗਏ ਜਿਸ ਵਿਚ ਬਚਿਆਂ ਵੱਲੋਂ ਖੁਸ਼ੀ-ਖੁਸ਼ੀ ਆਪਣੀ ਭਾਗੀਦਾਰੀ ਬਣਾਈ ਗਈ ਅਤੇ ਬੈਗ ਮੁਕਤ ਮੁਹਿੰਮ ਦੀ ਗਤੀਵਿਧੀ ਨੂੰ ਸਫਲ ਬਣਾਇਆ ਗਿਆ ।

# ਹੁਣ ਪੁਲਸ ਵੀ ਸੁਰੱਖਿਅਤ ਨਹੀਂ, ਮਹਿਲਾ ਸਬ-ਇੰਸਪੈਕਟਰ ਨਾਲ ਹੋ ਗਿਆ ਵੱਡਾ ਕਾਂਡ

**ਏਜੰਸੀਆਂ**

ਜਲੰਧਰ 29 ਸਤੰਬਰ। ਜਲੰਧਰ ਵਿਖੇ ਥਾਣਾ ਨੰ. 5 ਅਧੀਨ ਸੰਘਣੀ ਆਬਾਦੀ ਵਾਲਾ ਇਲਾਕਾ ਆਉਂਦਾ ਹੈ ਅਤੇ ਇਕ ਸਮਾਂ ਸੀ ਜਦੋਂ ਥਾਣਾ ਨੰ. 5 ’ਚ ਕ੍ਰਾਈਮ ਦਾ ਗ੍ਰਾਫ ਡਿੱਗ ਗਿਆ ਸੀ ਪਰ ਇਨ੍ਹੀਂ ਦਿਨੀਂ ਇਸ ਇਲਾਕੇ ’ਚ ਚੋਰੀ ਅਤੇ ਲੁੱਟਖੋਹ ਦੀਆਂ



ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਕੁਝ ਲੋਕਾਂ ’ਚ ਡਰ ਇੰਨਾ ਵੱਧ ਗਿਆ ਹੈ ਕਿ ਉਹ ਸੋਨੇ ਦੇ ਗਹਿਣੇ ਪਹਿਨਣ ਤੋਂ ਪ੍ਰਹੇਜ ਕਰਨ ਲੱਗ ਪਏ ਹਨ। ਹੁਣ ਤਾਜਾ ਘਟਨਾ ਨੇ ਥਾਣਾ ਨੰ. 5 ਦੇ ਸੁਰੱਖਿਆ ਪ੍ਰਬੰਧਾਂ ਦੀਆਂ ਧੱਜੀਆਂ ਹੀ ਉਡਾ ਦਿੱਤੀਆਂ ਹਨ, ਜਿਸ ਕਾਰਨ ਕਾਲਾ ਸੰਘਿਆਂ ਰੋਡ ਤੇ ਆਸ-ਪਾਸ ਦੇ ਇਲਾਕੇ ਦੇ ਲੋਕ ਵੀ ਡਰੇ ਹੋਏ ਹਨ। ਜਾਣਕਾਰੀ ਅਨੁਸਾਰ ਪੁਲਸ ਕਮਿਸਨਰੇਟ ’ਚ ਤਾਇਨਾਤ ਸਬ-ਇੰਸਪੈਕਟਰ ਰਾਜਵੰਤ ਕੌਰ ਪਤਨੀ ਮੀਤਕਮਲ ਸਿੰਘ ਵਾਸੀ ਈਸਟ ਐਨਕਲੇਵ ਬੀਤੀ ਦੁਪਹਿਰ ਕਰੀਬ 3 ਵਜੇ ਆਪਣੇ ਘਰ ਦੇ ਬਾਹਰ ਮੌਜੂਦ ਸੀ। ਰਾਜਵੰਤ ਕੌਰ ਆਪਣੀ ਸਕੂਟਰੀ ਘਰ ਦੇ ਅੰਦਰ ਕਰ ਰਹੀ ਸੀ ਕਿ ਮੋਟਰਸਾਈਕਲ ਸਵਾਰ 2 ਨੌਜਵਾਨ ਤੇਜ ਰਫਤਾਰ ਨਾਲ ਆਏ ਅਤੇ ਉਸ ਦੇ ਗਲੇ ’ਚ ਪਾਈ ਸੋਨੇ ਦੀ ਚੇਨ, ਜੋ ਕਰੀਬ 3 ਤੋਲੇ ਦੱਸੀ ਜਾਂਦੀ ਹੈ, ਖੋਹ ਕੇ ਫਰਾਰ ਹੋ ਗਏ। ਸਬ-ਇੰਸਪੈਕਟਰ ਰਾਜਵੰਤ ਕੌਰ ਨਾਲ ਹੋਈ ਲੁੱਟਖੋਹ ਦੀ ਘਟਨਾ ਨੂੰ 30 ਘੰਟੇ ਤੋਂ ਵੱਧ ਸਮਾਂ ਬੀਤ ਗਿਆ ਹੈ ਅਤੇ ਪੁਲਸ ਨੂੰ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ। ਇਹ ਵੀ ਖੁਲਾਸਾ ਹੋਇਆ ਹੈ ਕਿ ਰਾਜਵੰਤ ਕੌਰ ਦਾ ਸਹੁਰਾ ਜਗਦੇਵ ਇੰਸਪੈਕਟਰ ਹੈ ਅਤੇ ਉਸ ਦੀ ਰਾਤ ਦੀ ਡਿਊਟੀ ਪੀ. ਸੀ. ਆਰ. ਜੋਨ-1 ’ਚ ਹੈ। ਫਿਲਹਾਲ ਪੁਲਸ ਨੇ ਅਣਪਛਾਤੇ ਲੋਕਾਂ ਖਿ਼ਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਵੇਖਣਾ ਬਾਕੀ ਹੈ ਕਿ ਮਾਮਲਾ ਟਰੇਸ ਹੁੰਦਾ ਹੈ ਜਾਂ ਨਹੀਂ? ਸਬ-ਇੰਸਪੈਕਟਰ ਨਾਲ ਹੋਈ ਲੁੱਟ-ਖੋਹ ਦੀ ਘਟਨਾ ਬਾਰੇ ਜਾਪਦਾ ਹੈ ਕਿ ਥਾਣਾ 5 ਦੇ ਐੱਸ. ਐੱਚ. ਓ. ਭੂਸਣ ਕੁਮਾਰ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਨਹੀਂ ਕਰ ਰਹੇ, ਜਦ ਉਨ੍ਹਾਂ ਨੂੰ ਫੋਨ ’ਤੇ ਪੁੱਛਿਆ ਗਿਆ ਕਿ ਸਬ-ਇੰਸਪੈਕਟਰ ਕਿੱਥੇ ਤਾਇਨਾਤ ਹੈ ਤਾਂ ਉਨ੍ਹਾਂ ਕਿਹਾ ਕਿ ਪਤਾ ਨਹੀਂ? ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਐੱਸ. ਐੱਚ. ਓਜ ਨੂੰ ਆਪਣੇ ਪੁਲਸ ਵਿਭਾਗ ’ਚ ਤਾਇਨਾਤ ਮਹਿਲਾ ਮੁਲਾਜਮ ਦੀ ਤਾਇਨਾਤੀ ਬਾਰੇ ਪਤਾ ਹੀ ਨਹੀਂ ਹੈ ਤਾਂ ਉਹ ਅਗਲੀ ਜਾਂਚ ਕਦੋਂ ਸੁਰੂ ਕਰਨਗੇ।

# ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋਣ ਲੱਗੀਆਂ ਹਰੀਆਂ ਸਬਜੀਆਂ

**ਸਰਦੂਲ ਸਿੰਘ**

ਧਰਮਸ਼ਾਲਾ 29 ਸਤੰਬਰ। ਧਰਮਸ਼ਾਲਾ-ਕਾਂਗੜਾ ਵਿਚ ਇਨ੍ਹੀਂ ਦਿਨੀਂ ਸਬਜੀਆਂ ਦੀਆਂ ਕੀਮਤਾਂ ਵਿਚ ਉਛਾਲ ਵੇਖਿਆ ਜਾ ਰਿਹਾ ਹੈ। ਸਬਜੀਆਂ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਲੋਕ ਹੁਣ ਹਰੀ ਸਬਜੀਆਂ ਨੂੰ ਖਰੀਦਣ ਲਈ ਵੀ ਸੋਚ-ਵਿਚਾਰ ਕਰਨ ਲੱਗੇ ਹਨ ਕਿ ਖਰੀਦੀਏ ਜਾਂ ਨਾ। ਇਕ-ਦੋ ਹਫਤੇ ਵਿਚ ਹੀ ਸਬਜੀਆਂ ਦੀਆਂ ਕੀਮਤਾਂ ਵਿਚ ਉਛਾਲ ਵੇਖਣ ਨੂੰ ਮਿਲ ਰਿਹਾ ਹੈ। ਸਬਜੀਆਂ ਦੀ ਜਿਵੇਂ ਹੀ ਡਿਮਾਂਡ ਵਧਣੀ ਸ਼ੁਰੂ ਹੋਈ ਤਾਂ ਕੀਮਤਾਂ ਵੀ ਆਸਮਾਨ ਛੂਹਣ ਲੱਗ ਗਈਆਂ ਹਨ। ਇੰਨਾ ਹੀ ਨਹੀਂ ਹਰੀ ਸਬਜੀ ਅਤੇ ਆਲੂ ਆਮ ਆਦਮੀ ਦੀ ਥਾਲੀ ਤੋਂ ਗਾਇਬ ਹੋ ਰਹੀ ਹੈ। ਧਰਮਸ਼ਾਲਾ ਦੇ ਸਬਜੀ ਕਾਰੋਬਾਰੀਆਂ ਨੇ ਦੱਸਿਆ ਕਿ ਥੋਕ ਸਬਜੀ ਮੰਡੀਆਂ ਵਿਚ ਜਿ਼ਆਦਾਤਰ ਹਰੀਆਂ ਸਬਜੀਆਂ ਅਤੇ ਟਮਾਟਰ ਆਦਿ ਹਿਮਾਚਲ ਤੋਂ ਆ ਰਿਹਾ ਹੈ। ਅਜੇ ਤੱਕ ਬਾਹਰੀ ਸੂਬਿਆਂ ਜਿਵੇਂ ਕਿ ਪੰਜਾਬ, ਨਾਸਿਕ ਆਦਿ ਤੋਂ ਜਰੂਰੀ ਆਮਦ ਸੁਰੂ ਨਹੀਂ ਹੋਈ ਹੈ। ਇਸ ਕਾਰਨ ਵੀ ਹਰੀਆਂ ਸਬਜੀਆਂ ਦੀਆਂ ਕੀਮਤਾਂ ਵਿਚ ਵਾਧਾ ਮੰਨਿਆ ਜਾ ਰਿਹਾ ਹੈ। ਹਾਲਾਂਕਿ ਕਈ ਸਬਜੀਆਂ ਦੇ ਕਾਂਗੜਾ ਅਤੇ ਧਰਮਸ਼ਾਲਾ ਦੀਆਂ ਕੀਮਤਾਂ ਵਿਚ ਕੋਈ ਜਿ਼ਆਦਾ ਫਰਕ ਨਹੀਂ ਹੈ। ਫਿਰ ਧਰਮਸ਼ਾਲਾ ਵਿਚ ਕਾਂਗੜਾ ਤੋਂ ਜਿ਼ਆਦਾ ਮਹਿੰਗਾਈ ਹੈ। ਇਸ ਸਮੇਂ ਹਰੀਆਂ ਸਬਜੀਆਂ ਨਾਲ ਸਭ ਤੋਂ ਜਿ਼ਆਦਾ ਤੇਜੀ ਟਮਾਟਰ ਦੀਆਂ ਕੀਮਤਾਂ ਵਿਚ ਆਈ ਹੈ, ਜਿਸ ਨਾਲ ਆਮ ਆਦਮੀ ਦੀ ਥਾਲੀ ‘ਚੋਂ ਟਮਾਟਰ, ਆਲੂ ਅਤੇ ਹਰੀਆਂ ਸਬਜੀਆਂ ਗਾਇਬ ਹੁੰਦੀਆਂ ਜਾ ਰਹੀਆਂ ਹਨ। ਸਬਜੀਆਂ



ਦੀਆਂ ਕੀਮਤਾਂ ਵਿਚ ਅਚਾਨਕ ਆਏ ਉਛਾਲ ਕਾਰਨ ਰਸੋਈ ਦਾ ਬਜਟ ਪੂਰੀ ਤਰ੍ਹਾਂ ਵਿਗੜ ਗਿਆ ਹੈ। ਹਰੀਆਂ ਸਬਜੀਆਂ ਦਾ ਭਾਅ 80 ਰੁਪਏ ਤੱਕ ਪਹੁੰਚ ਗਿਆ ਹੈ। ਆਲੂ 50-55, ਪਿਆਜ 70-75, ਫੁੱਲ ਗੋਭੀ 80-85, ਸਿ਼ਮਲਾ ਮਿਰਚ 95-100, ਭਿੰਡੀ 45-50, ਟਮਾਟਰ 70-75, ਖੀਰਾ 45-50, ਸਰ੍ਹੋਂ ਦਾ ਸਾਗ 45-50 ਅਤੇ ਨਿੰਬੂ 80-85 ਰੁਪਏ ਪ੍ਰਤੀ ਕਿਲੋ ਵਿਕ ਰਿਹਾ ਹੈ। ਅਜਿਹੇ ‘ਚ ਸਾਫ ਹੈ ਕਿ ਜਿਹੜੀਆਂ ਸਬਜੀਆਂ ਪਹਿਲਾਂ 20 ਤੇ 30 ਰੁਪਏ ‘ਚ ਵਿਕਦੀਆਂ ਸਨ, ਉਹ ਹੁਣ 50 ਤੋਂ 70 ਰੁਪਏ ‘ਚ ਵਿਕ ਰਹੀਆਂ ਹਨ ਪਰ ਟਮਾਟਰਾਂ ਦੀਆਂ ਕੀਮਤਾਂ ‘ਚ ਕੋਈ ਨਰਮੀ ਨਜਰ ਨਹੀਂ ਆ ਰਹੀ। ਇਸ ਦੇ ਨਾਲ ਹੀ ਫਲਾਂ ਦੇ ਭਾਅ ਵਿਚ ਵੀ ਵਾਧਾ ਹੋਇਆ ਹੈ, ਜਿਸ ਵਿਚ ਸੇਬ 120, ਕੇਲਾ 100, ਪਪੀਤਾ 60, ਅਮਰੂਦ 150, ਸੰਤਰਾ 110, ਅਨਾਰ 180, ਨਾਰੀਅਲ 50 ਪ੍ਰਤੀ ਪੀਸ, ਜਾਪਾਨੀ ਫਲ 130, ਨਾਖ 120, ਗੋਲਡਨ ਸੇਬ 100 ਅਤੇ ਮੌਸਮੀ 90 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਿਹਾ ਹੈ।

## ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਕਰੋੜਾਂ ਦੀ ਜਾਇਦਾਦ ਜਬਤ

ਲੁਧਿਆਣਾ 29 ਸਤੰਬਰ। ਫੂਡ ਸਪਲਾਈ ਵਿਭਾਗ ਅਤੇ ਟੈਂਡਰ ਘੁਟਾਲੇ ਵਿਚ ਗ੍ਰਿਫਤਾਰ ਕੀਤੇ ਗਏ ਸਾਬਕਾ ਖੁਰਾਕ ਤੇ ਸਪਲਾਈ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਭਾਰਤ ਭੂਸਣ ਆਸੂ ਦੀਆਂ ਮੁਸਕਲਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਹੁਣ ਇਸ ਮਾਮਲੇ ‘ਚ ਈ. ਡੀ ਭਾਰਤ ਭੂਸਣ ਆਸੂ ਸਮੇਤ ਕਈ ਮੁਲਜਮਾਂ ਦੀ 22.78 ਕਰੋੜ ਰੁਪਏ ਦੀ ਜਾਇਦਾਦ ਜਬਤ ਕਰ ਲਈ ਹੈ, ਜੋ ਕਿ ਘੁਟਾਲੇ ਅਤੇ ਮਨੀ ਲਾਂਡਰਿੰਗ ਮਾਮਲੇ ਨਾਲ ਜੁੜੀ ਹੋਈ ਹੈ। ਈ. ਡੀ. ਅਨੁਸਾਰ ਉਪਰੋਕਤ ਸਾਰੀਆਂ ਜਾਇਦਾਦਾਂ ਖੁਰਾਕ ਸਪਲਾਈ ਵਿਭਾਗ ਵਿਚ ਹੋਏ 2 ਹਜਾਰ ਕਰੋੜ ਰੁਪਏ ਦੇ ਘੁਟਾਲੇ ਤੋਂ ਬਣਾਈਆਂ ਗਈਆਂ ਹਨ। ਹਾਲਾਂਕਿ ਇਸ ਮਾਮਲੇ ਵਿਚ ਈ. ਡੀ. ਵੱਲੋਂ ਅੱਗੇ ਦੀ ਜਾਂਚ ਜਾਰੀ ਹੈ, ਜਿਸ ਵਿਚ ਕਈ ਹੋਰ ਲੋਕ ਵੀ ਫਸ ਸਕਦੇ ਹਨ।

## ਭਾਜਪਾ ਨੇ ਮੱਧ ਪ੍ਰਦੇਸ਼ ‘ਚ 1 ਕਰੋੜ ਮੈਂਬਰਾਂ ਦਾ ਅੰਕੜਾ ਕੀਤਾ ਪਾਰ: ਭਾਜਪਾ ਪ੍ਰਧਾਨ

ਭੋਪਾਲ 29 ਸਤੰਬਰ। ਭਾਜਪਾ ਨੇ 2 ਤੋਂ 25 ਸਤੰਬਰ ਦਰਮਿਆਨ ਆਪਣੀ ਮੈਂਬਰਸਿ਼ਪ ਮੁਹਿੰਮ ਦੇ ਪਹਿਲੇ ਪੜਾਅ ਤਹਿਤ ਮੱਧ ਪ੍ਰਦੇਸ ਵਿੱਚ ਇੱਕ ਕਰੋੜ ਤੋਂ ਵੱਧ ਮੈਂਬਰਾਂ ਦੀ ਭਰਤੀ ਕੀਤੀ ਹੈ। ਪਾਰਟੀ ਦੇ ਇਕ ਨੇਤਾ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿੱਚ ਮੈਂਬਰਸਿ਼ਪ ਦਾ ਅੰਕੜਾ 1,00,81,432 ਹੈ। ਮੱਧ ਪ੍ਰਦੇਸ ਭਾਜਪਾ ਦੇ ਮੁਖੀ ਵੀਡੀ ਸਰਮਾ ਨੇ ਪੀਟੀਆਈ ਨੂੰ ਦੱਸਿਆ ਕਿ ਮੈਂਬਰਸਿ਼ਪ ਮੁਹਿੰਮ ਦਾ ਦੂਜਾ ਪੜਾਅ 1 ਅਕਤੂਬਰ ਤੋਂ ਸੁਰੂ ਹੋਵੇਗਾ ਅਤੇ 15 ਅਕਤੂਬਰ ਨੂੰ ਖਤਮ ਹੋਵੇਗਾ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਸਮਰਪਿਤ ਵਰਕਰਾਂ ਦੀ ਸਖਤ ਮਿਹਨਤ ਸਦਕਾ 1,00,81,432 ਮੈਂਬਰ ਭਰਤੀ ਕਰਨ ਦੀ ਇਹ ਉਪਲਬਧੀ ਹਾਸਲ ਕੀਤੀ ਹੈ। ਮੱਧ ਪ੍ਰਦੇਸ ਭਾਜਪਾ ਦੇ ਮੀਡੀਆ ਮੁਖੀ ਆਸੀਸ ਅਗਰਵਾਲ ਨੇ ਦੱਸਿਆ ਕਿ ਉੱਤਰ ਪ੍ਰਦੇਸ ਤੋਂ ਬਾਅਦ ਮੱਧ ਪ੍ਰਦੇਸ ਇੱਕ ਕਰੋੜ ਦਾ ਅੰਕੜਾ ਪਾਰ ਕਰਨ ਵਾਲਾ ਦੇਸ ਦਾ ਦੂਜਾ ਸੂਬਾ ਬਣ ਗਿਆ ਹੈ। ਉੱਤਰ ਪ੍ਰਦੇਸ ਵਿੱਚ ਹੁਣ ਤੱਕ 1.25 ਕਰੋੜ ਮੈਂਬਰ ਰਜਿਸਟਰਡ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਮੱਧ ਪ੍ਰਦੇਸ ਵਿੱਚ 1.50 ਕਰੋੜ ਮੈਂਬਰ ਬਣਾਉਣ ਦੀ ਯੋਜਨਾ



ਬਣਾ ਰਹੀ ਹੈ। ਮੱਧ ਪ੍ਰਦੇਸ ਵਿੱਚ ਕਰੀਬ 64,000 ਪੋਲਿੰਗ ਸਟੇਸਨ ਹਨ, ਜਦੋਂ ਕਿ ਗੁਆਂਢੀ ਸੂਬੇ ਉੱਤਰ ਪ੍ਰਦੇਸ ਵਿੱਚ ਕਰੀਬ 1.64 ਲੱਖ ਪੋਲਿੰਗ ਸਟੇਸਨ ਹਨ। ਇੱਕ ਹੋਰ ਆਗੂ ਨੇ ਕਿਹਾ ਕਿ ਭਾਜਪਾ ਵਿੱਚ ਅਜਿਹੀਆਂ ਮੁਹਿੰਮਾਂ ਤਹਿਤ ਪੁਰਾਣੇ ਮੈਂਬਰ ਦੀ ਮੈਂਬਰਸਿ਼ਪ ਹਰ ਛੇ ਸਾਲ ਬਾਅਦ ਰੀਨਿਊ ਕੀਤੀ ਜਾਂਦੀ ਹੈ। ਅਗਰਵਾਲ ਨੇ ਕਿਹਾ ਕਿ ਪਿਛਲੀ ਮੁਹਿੰਮ ਦੌਰਾਨ ਪਾਰਟੀ ਨੇ 96 ਲੱਖ ਦਾ ਅੰਕੜਾ ਹਾਸਲ ਕੀਤਾ ਸੀ ਅਤੇ ਇਕ ਕਰੋੜ ਦੇ ਅੰਕੜੇ ਨੂੰ ਛੂਹਣ ਵਿਚ ਅਸਫਲ ਰਹੀ ਸੀ। 2011 ਦੀ ਮਰਦਮਸੁਮਾਰੀ ਦੇ ਅਨੁਸਾਰ, ਮੱਧ ਪ੍ਰਦੇਸ ਵਿੱਚ 7.26 ਕਰੋੜ ਨਾਗਰਿਕ ਸਨ ਅਤੇ ਅਗਲੇ ਅਜਿਹੇ ਅਭਿਆਸ ਵਿੱਚ ਇਹ ਗਿਣਤੀ ਵਧ ਕੇ 8.50 ਕਰੋੜ ਹੋ ਜਾਣ ਦੀ ਸੰਭਾਵਨਾ ਹੈ। ਕੋਰੋਨਾ ਵਾਇਰਸ ਮਹਾਮਾਰੀ ਕਾਰਨ 2021 ਵਿੱਚ ਜਨਗਣਨਾ ਨਹੀਂ ਹੋ ਸਕੀ। ਇਸ ਸਾਲ ਦੇ ਸੁਰੂ ਵਿੱਚ ਹੋਈਆਂ ਆਮ ਚੋਣਾਂ ਵਿੱਚ ਭਾਜਪਾ ਨੇ ਮੱਧ ਪ੍ਰਦੇਸ ਦੀਆਂ ਸਾਰੀਆਂ 29 ਲੋਕ ਸਭਾ ਸੀਟਾਂ ਜਿੱਤੀਆਂ ਸਨ।

## ਪੰਜਾਬ ਵਿਜੀਲੈਂਸ ਬਿਊਰੋ ਵਲੋਂ ਪਟਵਾਰੀ ਗ੍ਰਿਫਤਾਰ

ਚੰਡੀਗੜ੍ਹ 29 ਸਤੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ ਜਿਲੇਦਰੀ ਸਾਖਾ, ਪਿੰਡ ਲਾਡਬੰਜਾਰਾ, ਜ਼ਿਲ੍ਹਾ ਸੰਗਰੂਰ ਵਿਖੇ ਤਾਇਨਾਤ ਨਹਿਰੀ ਪਟਵਾਰੀ ਕਰਮਜੀਤ ਸਿੰਘ ਨੂੰ 20,000 ਰਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਨੂੰ ਜਿ਼ਲ੍ਹਾ ਸੰਗਰੂਰ ਦੇ ਪਿੰਡ ਛਾਹੜ ਦੇ ਵਸਨੀਕ ਦਰਸਨ ਸਿੰਘ ਵੱਲੋਂ ਦਰਜ ਕਰਵਾਈ ਗਈ ਸਿ਼ਕਾਇਤ ਦੇ ਆਧਾਰ ‘ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਿ਼ਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਸ ਕੋਲ 25 ਏਕੜ ਜਮੀਨ ਹੈ ਜਿਸ ਵਿਚੋਂ ਸਾਢੇ 8 ਏਕੜ ਜਮੀਨ ਲਈ ਸਿੰਚਾਈ ਵਾਸਤੇ ਪਹਿਲਾਂ ਹੀ ਨਹਿਰੀ ਪਾਣੀ ਅਲਾਟ ਹੈ ਅਤੇ ਬਾਕੀ ਰਹਿੰਦੀ ਜਮੀਨ ਲਈ ਸਿੰਚਾਈ ਲਈ ਨਹਿਰੀ ਪਾਣੀ ਅਲਾਟ ਕਰਨ ਬਦਲੇ ਉਕਤ ਪਟਵਾਰੀ ਕਰਮਜੀਤ ਸਿੰਘ ਉਸ ਤੋਂ 2,600 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਿਸਵਤ ਮੰਗ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸਿ਼ਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਉਕਤ ਪਟਵਾਰੀ ਕਰਮਜੀਤ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 20,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

# ਜਿਨ੍ਹਾਂ ਪੁੱਤਾਂ ਨੇ ਘਰੋਂ ਕੱਢਿਆ, ਉਨ੍ਹਾਂ ਲਈ ਬਿਰਧ ਆਸ਼ਰਮ ‘ਚ ਮਾਵਾਂ ਨੇ ਰੱਖਿਆ ‘ਨਿਰਜਲਾ ਵਰਤ’

**ਕਿਸ਼ਨ ਪਾਲ**

ਭਾਗਲਪੁਰ 29 ਸਤੰਬਰ। ਮਾਂ ਦੀ ਮਮਤਾ ਦਾ ਅੰਦਾਜਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਪੁੱਤਰ ਨੇ ਮਾਂ ਨੂੰ ਬਿਰਧ ਆਸ਼ਰਮ ਭੇਜ ਦਿੱਤਾ ਹੈ ਪਰ ਮਾਂ ਉਸ ਪੁੱਤਰ ਲਈ ਨਿਰਜਲਾ ਵਰਤ ਰੱਖ ਰਹੀ ਹੈ। ਪੂਰਾ ਮਾਮਲਾ ਜਿ਼ਲ੍ਹੇ ਦੇ ਸਹਾਰਾ ਬਿਰਧ ਆਸ਼ਰਮ ਦਾ ਹੈ। ਦਰਅਸਲ ਬਿਰਧ ਆਸਰਮ ਵਿਚ ਮੌਜੂਦ ਮਾਵਾਂ ਨੇ ਆਪਣੇ ਪੁੱਤਾਂ ਲਈ ‘ਜਿਤੀਆ ਵਰਤ’ ਰੱਖਿਆ ਹੈ। ਇਸ ਬਿਰਧ ਆਸਰਮ ਵਿਚ 32 ਦੇ ਕਰੀਬ ਔਰਤਾਂ ਹਨ, ਜਿਨ੍ਹਾਂ ਵਿਚੋਂ 8 ਔਰਤਾਂ ਨੇ ਵਰਤ ਰੱਖਿਆ ਹੈ। ਹਨ। ਇੱਥੇ ਵਰਤ ਰੱਖਣ ਵਾਲੀਆਂ ਔਰਤਾਂ ਲਈ ਹਰ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ ਹੈ। ਬਿਰਧ ਆਸਰਮ ‘ਚ ਰਹਿਣ ਵਾਲੀ ਔਰਤ ਦ੍ਰੌਪਦੀ ਦੇਵੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਮਾਂ ਲਈ ਪੁੱਤਰ ਹੀ ਸਭ ਕੁਝ ਹੁੰਦਾ ਹੈ। ਹੁਣ ਅਸੀਂ ਕੀ ਕਰੀਏ ਜੇ ਸਾਡਾ ਪੁੱਤਰ ਇਹ ਗੱਲ ਨਾ ਸਮਝੇ? ਪਰ ਜਿੰਨਾ ਚਿਰ ਮੈਂ ਜਿਉਂਦੀ ਹਾਂ, ਉਸ ਲਈ ਮੇਰਾ ਪਿਆਰ ਘੱਟ ਨਹੀਂ ਸਕਦਾ। ਇਸੇ ਲਈ ਮੈਂ ਉਸ ਲਈ ਵਰਤ ਰੱਖਦੀ ਹਾਂ, ਤਾਂ ਜੋ ਉਹ ਲੰਮੀ ਉਮਰ ਜੀਵੇ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਕੀ ਉਸ ਨੂੰ ਘਰ ਦੀ ਯਾਦ



ਆਉਂਦੀ ਹੈ ਤਾਂ ਉਸ ਨੇ ਕਿਹਾ ਕਿ ਉਸ ਨੂੰ ਯਕੀਨਨ ਇਸ ਦੀ ਯਾਦ ਆਉਂਦੀ ਹੈ। ਹਰ ਕੋਈ ਘਰ ਨੂੰ ਯਾਦ ਕਰਦਾ ਹੈ ਪਰ ਜਦੋਂ ਹਾਲਾਤ ਇਹੋ ਜਿਹੇ ਹੋਣ ਤਾਂ ਅਸੀਂ ਕੀ ਕਰ ਸਕਦੇ ਹਾਂ? ਕਈ ਵਾਰ ਜਦੋਂ ਮੈਂ ਪਿੰਡ ਜਾਂਦੀ ਹਾਂ ਤਾਂ ਮੰਦਰ ਵਿਚ ਸਮਾਂ ਬਿਤਾਉਂਦੀ ਹਾਂ। ਇਸ ਤੋਂ ਬਾਅਦ ‘ਜਿਤੀਆ ਵਰਤ’ ਰੱਖਣ ਵਾਲੀ ਖੋਖੋ ਦੇਵੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਹ ਇਹ ਵਰਤ ਆਪਣੇ ਪੁੱਤਰ ਲਈ ਰੱਖਦੀ ਹੈ। ਉਸ ਨੂੰ ਵੀ ਦਿਲ ਦੀ ਸਮੱਸਿਆ ਹੈ। ਪੁੱਤਰ ਦਾ ਕੋਈ ਕਸੂਰ ਨਹੀਂ, ਮੇਰਾ ਇਕ ਹੀ ਪੁੱਤਰ ਹੈ ਪਰ ਮੇਰਾ ਪੋਤਾ ਤੇ ਉਸ ਦੀ ਘਰਵਾਲੀ ਮੈਨੂੰ ਰਹਿਣ ਨਹੀਂ ਦਿੰਦੇ। ਮੇਰਾ ਪੁੱਤਰ ਹੀਰਾ ਹੈ। 3 ਮਹੀਨੇ ਪਹਿਲਾਂ ਜਦੋਂ ਮੈਂ ਘਰ ਗਈ ਤਾਂ ਮੈਨੂੰ ਕੁੱਟ-ਕੁੱਟ ਕੇ ਘਰੋਂ ਕੱਢ ਦਿੱਤਾ ਗਿਆ। ਹਾਲਾਤ ਸਾਨੂੰ ਇੱਥੇ ਲੈ ਆਏ ਹਨ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਇੱਥੇ ਰਹਿਣਾ ਪਸੰਦ ਹੈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਪਸੰਦ ਹੈ ਜਾਂ ਨਹੀਂ, ਹੁਣ ਇਸ ਨੂੰ ਹੀ ਘਰ ਨੂੰ ਸਮਝਣਾ ਪਵੇਗਾ। ਇੱਥੇ ਵੀ ਕੋਈ ਸਮੱਸਿਆ ਨਹੀਂ ਹੈ। ਜਦੋਂ ਤੱਕ ਸਾਹ ਹੈ ਵਰਤ ਰੱਖਾਂਗੀ। ਪੁੱਤ ਤਾਂ ਪੁੱਤ ਹੁੰਦਾ ਹੈ। ਦੱਸ ਦੇਈਏ ਕਿ ‘ਜਿਤੀਆ ਵਰਤ’ ਬਹੁਤ ਮੁਸ਼ਕਲ ਵਰਤ ਹੁੰਦਾ ਹੈ।

# ਆਸਾਨ ਕਿਸ਼ਤਾਂ ‘ਤੇ ਮਿਲੇਗਾ ਸੋਨਾ, ਸਕੀਮ ਕਰੇਗੀ ਲੋਕਾਂ ਦੇ ਸੁਪਨੇ ਪੂਰੇ

ਨਵੀਂ ਦਿੱਲੀ 29 ਸਤੰਬਰ। ਸੋਨੇ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਅਜਿਹੇ ‘ਚ ਇਕ ਪਾਸੇ ਸੋਨਾ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ, ਦੂਜੇ ਪਾਸੇ ਮਹੀਨਾਵਾਰ ਸਕੀਮਾਂ ਲੋਕਾਂ ਨੂੰ ਸੋਨਾ ਖਰੀਦਣ ਦਾ ਸੁਪਨਾ ਪੂਰਾ ਕਰਨ ਦਾ ਮੌਕਾ ਦੇ ਰਹੀਆਂ ਹਨ। ਮਹੀਨਾਵਾਰ ਸਕੀਮ ਦੇ ਕਾਰਨ ਗਹਿਣੇ ਬਣਾਉਣ ਵਾਲੇ ਲੋਕਾਂ ਵਿੱਚ ਸੋਨਾ ਖਰੀਦਣ ਦਾ ਜਨੂੰਨ ਬਰਕਰਾਰ ਰੱਖ ਰਹੇ ਹਨ। ਇਹ ਸਕੀਮਾਂ ਨਵੇਂ ਗਾਹਕਾਂ ਨੂੰ ਆਕਰਸਿ਼ਤ ਕਰ ਰਹੀਆਂ ਹਨ। ਤਨਿਸਕ ਨੇ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਦੇ ਸਟੋਰਾਂ ‘ਤੇ ਮਹੀਨਾਵਾਰ ਜਮ੍ਹਾ ਵਿੱਤੀ ਸਾਲ 24 ਵਿੱਚ 10% ਵਧ ਕੇ 4,286 ਕਰੋੜ ਰੁਪਏ ਹੋ ਗਈ ਹੈ। ਪਿਛਲੇ ਵਿੱਤੀ ਸਾਲ ‘ਚ ਰਿਲਾਇੰਸ ਜਵੇਲਸ ਆਊਟਲੇਟ ‘ਤੇ ਮਾਸਿਕ ਡਿਪਾਜਿ਼ਟ 24 ਫੀਸਦੀ ਵਧ ਕੇ 349 ਕਰੋੜ ਰੁਪਏ ਹੋ ਗਿਆ ਹੈ। ਸੇਨਕੋ ਗੋਲਡ ਨੇ 216 ਕਰੋੜ ਰੁਪਏ ਦੇ ਨਾਲ 12 ਫੀਸਦੀ ਦਾ ਵਾਧਾ ਦਰਜ ਕੀਤਾ ਹੈ। ਪੀਐਨਜੀ ਜਵੈਲਰਜ ਦੇ ਮੈਨੇਜਿੰਗ ਡਾਇਰੈਕਟਰ ਸੌਰਭ ਗਾਡਗਿਲ ਨੇ ਕਿਹਾ ਕਿ ਵਿੱਤੀ ਸਾਲ 24 ਵਿੱਚ ਮਾਸਿਕ ਡਿਪਾਜਿ਼ਟ 23% ਵਧ ਕੇ 400 ਕਰੋੜ ਰੁਪਏ ਹੋ ਗਏ ਹਨ। ਭਾਰਤ ਵਿੱਚ ਦੀ ਖੋਜ ਮੁਖੀ ਕਵਿਤਾ ਚਾਕੋ ਦਾ ਕਹਿਣਾ ਹੈ ਕਿ ਮਾਰਕੀਟ ਰਿਪੋਰਟ ਦਰਸਾਉਂਦੀ ਹੈ ਕਿ ਇਸ ਸਮੇਂ ਖਰੀਦ ਦੀ ਰਫਤਾਰ ਚੰਗੀ ਹੈ। ਦਰਾਮਦ ਡਿਊਟੀ ‘ਚ ਕਟੌਤੀ ਤੋਂ ਪਹਿਲਾਂ ਦੀ ਮਿਆਦ ਦੇ ਮੁਕਾਬਲੇ ਮੰਗ ‘ਚ ਵਾਧਾ ਹੋਇਆ ਹੈ। ਕੇਂਦਰ ਸਰਕਾਰ ਨੇ ਵਿੱਤੀ ਸਾਲ 25 ਦੇ ਬਜਟ ‘ਚ ਸੋਨੇ ‘ਤੇ ਦਰਾਮਦ ਡਿਊਟੀ 15 ਫੀਸਦੀ ਤੋਂ ਘਟਾ ਕੇ 6 ਫੀਸਦੀ ਕਰ ਦਿੱਤੀ ਸੀ। ਇਸ ਕਦਮ ਨੇ ਗਾਹਕਾਂ ਨੂੰ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੇ ਵਿਆਹਾਂ ਅਤੇ ਆਉਣ ਵਾਲੇ ਤਿਉਹਾਰਾਂ ਦੇ ਸੀਜਨ ਲਈ ਭਾਰੀ ਗਹਿਣਿਆਂ ਲਈ ਅਗਾਊਂ ਆਰਡਰ ਦੇਣ ਲਈ ਪ੍ਰੇਰਿਤ ਕੀਤਾ ਹੈ। ਚਾਕੋ ਨੇ ਕਿਹਾ ਕਿ ਮਹੀਨਾਵਾਰ ਸੋਨਾ ਖਰੀਦ ਯੋਜਨਾ ਨੇ ਗਹਿਣਿਆਂ ਦੀ ਖਰੀਦ ਵਿੱਚ ਵਾਧਾ ਕੀਤਾ ਹੈ। ਇਹ ਸਕੀਮਾਂ ਉਹਨਾਂ ਦੀ ਵਿਕਰੀ ਦਾ 10-15% ਬਣਾਉਂਦੀਆਂ ਹਨ। ਚਾਕੋ ਨੇ ਕਿਹਾ ਕਿ ਜੋ ਲੋਕ ਗਹਿਣੇ ਖਰੀਦਣ ਲਈ ਇਨ੍ਹਾਂ ਸਕੀਮਾਂ ਵਿੱਚ ਨਿਵੇਸ ਕਰਦੇ ਹਨ, ਉਹ ਮਹਿੰਗਾਈ ਤੋਂ ਅਣਜਾਣ ਹਨ ਅਤੇ ਨਿਵੇਸ ਕਰਦੇ ਰਹਿੰਦੇ ਹਨ। ਇਸ ਲਈ, ਅਸੀਂ ਉਮੀਦ ਕਰਦੇ ਹਾਂ ਕਿ ਮਹੀਨਾਵਾਰ ਸਕੀਮਾਂ ਆਉਣ ਵਾਲੇ ਤਿਉਹਾਰਾਂ ਦੇ ਸੀਜਨ ਅਤੇ ਅਗਲੇ ਸਾਲ ਵਿੱਚ ਸੋਨੇ ਦੀ ਮੰਗ ਨੂੰ ਹੁਲਾਰਾ ਦੇਣਗੀਆਂ। ਬੁੱਧਵਾਰ ਨੂੰ ਦਿੱਲੀ ‘ਚ ਸੋਨੇ ਦੀ ਕੀਮਤ 900 ਰੁਪਏ ਵਧ ਕੇ 77,850 ਰੁਪਏ ਪ੍ਰਤੀ 10 ਗ੍ਰਾਮ ਦੇ ਨਵੇਂ ਰਿਕਾਰਡ ਪੱਧਰ ‘ਤੇ ਪਹੁੰਚ ਗਈ। ਮੰਗਲਵਾਰ ਨੂੰ ਸੋਨਾ 76,950 ਰੁਪਏ ਪ੍ਰਤੀ 10 ਗ੍ਰਾਮ ‘ਤੇ ਬੰਦ ਹੋਇਆ ਸੀ। ਇਸ ਦੇ ਨਾਲ ਹੀ ਚਾਂਦੀ 3,000 ਰੁਪਏ ਵਧ ਕੇ 93,000 ਰੁਪਏ ਪ੍ਰਤੀ ਕਿਲੋਗ੍ਰਾਮ ‘ਤੇ ਪਹੁੰਚ ਗਈ।

# ਅਮਰੀਕੀ ਕ੍ਰੈਡਿਟ ਕਾਰਡ ਬਣਵਾਉਣ ਦੇ ਚੱਕਰ ‘ਚ ਲੱਖਾਂ ਰੁਪਏ ਗੁਆ ਬੈਠਾ ਵਿਅਕਤੀ

ਲੁਧਿਆਣਾ 29 ਸਤੰਬਰ। ਸਾਈਬਰ ਠੱਗਾਂ ਨੇ ਆਪਣੀ ਚਲਾਕੀ ਦਾ ਜਾਲ ਇਸ ਤਰ੍ਹਾਂ ਵਿਛਾ ਦਿੱਤਾ ਹੈ ਕਿ ਕੋਈ ਨਾ ਕੋਈ ਵਿਅਕਤੀ ਹਮੇਸ਼ਾ ਉਨ੍ਹਾਂ ਦੇ ਜਾਲ ’ਚ ਫਸ ਹੀ ਜਾਂਦਾ ਹੈ। ਇਕ ਹੋਰ ਮਾਮਲਾ ਸਾਹਮਣੇ ਆਇਆ ਹੈ, ਜਿਸ ’ਚ ਸਾਈਬਰ ਠੱਗਾਂ ਨੇ ਅਮਰੀਕੀ ਕ੍ਰੈਡਿਟ ਕਾਰਡ ਬਣਾਉਣ ਦਾ ਬਹਾਨਾ ਲਗਾ ਕੇ ਇਕ ਵਿਅਕਤੀ ਦਾ ਬੈਂਕ ਖਾਤਾ ਖਾਲੀ ਕਰ ਦਿੱਤਾ। ਸਾਈਬਰ ਠੱਗਾਂ ਨੇ ਲਿੰਕ ਭੇਜ ਕੇ ਮੋਬਾਈਲ ਹੈਕ ਕਰ ਲਿਆ ਅਤੇ ਉਸ ਤੋਂ 3.96 ਲੱਖ ਰੁਪਏ ਕਢਵਾ ਲਏ। ਇਸ ਸਬੰਧੀ ਥਾਣਾ ਸਾਈਬਰ ਪੁਲਸ ਨੇ ਅਤੁਲ ਗੁਪਤਾ ਦੀ ਸ਼ਿਕਾਇਤ ’ਤੇ ਅਣਪਛਾਤੇ ਠੱਗਾਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਸ਼ਿਕਾਇਤ ’ਚ ਅਤੁਲ ਗੁਪਤਾ ਨੇ ਦੱਸਿਆ ਹੈ ਕਿ ਉਸ ਨੂੰ ਕੁਝ ਦਿਨ ਪਹਿਲਾਂ ਇਕ ਫੋਨ ਆਇਆ ਸੀ। ਮੁਲਜ਼ਮ ਨੇ ਉਸ ਨੂੰ ਅਮਰੀਕੀ ਕ੍ਰੈਡਿਟ ਕਾਰਡ ਲੈਣ ਦੀ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਅਤੁਲ ਨੇ ਉਕਤ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ ਪਰ ਮੁਲਜ਼ਮ ਨੇ ਉਸ ਨੂੰ ਆਪਣੀਆਂ ਗੱਲਾਂ ਨਾਲ ਲੁਭਾਇਆ ਅਤੇ ਉਸ ਨੂੰ ਲਿੰਕ ਭੇਜ ਦਿੱਤਾ। ਜਿਉਂ ਹੀ ਉਸ ਨੇ ਵੇਰਵੇ ਭਰਨ ਲਈ ਲਿੰਕ ਖੋਲ੍ਹਿਆ ਤਾਂ ਉਸ ਦੇ ਮੋਬਾਈਲ ’ਤੇ ਲੈਣ-ਦੇਣ ਹੋਣ ਲੱਗਾ। ਉਸ ਦੇ ਮੋਬਾਈਲ ਰਾਹੀਂ ਬੈਂਕ ’ਚੋਂ 3 ਲੱਖ 96 ਹਜ਼ਾਰ ਰੁਪਏ ਕਢਵਾ ਲਏ ਗਏ।

## ਕੈਨੇਡਾ ਤੋਂ ਮਿਲੀ ਖਬਰ ਨੇ ਘਰ ‘ਚ ਪੁਆਏ ਵੈਣ, ਪੰਜਾਬੀ ਨੌਜਵਾਨ ਦੀ ਸ਼ੱਕੀ ਹਾਲਾਤ ‘ਚ ਮੌਤ

ਸਾਦਿਕ 29 ਸਤੰਬਰ। ਕੈਨੇਡਾ ਤੋਂ ਮੰਦਭਾਗੀ ਖਬਰ ਸਾਹਮਣੇ ਆਈ ਹੈ। ਇਥੇ ਫਰੀਦਕੋਟ ਜਿ਼ਲ੍ਹੇ ਨਾਲ ਸਬੰਧਤ ਲਾਪਤਾ ਨੌਜਵਾਨ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਕਸਬਾ ਸਾਦਿਕ ਦੇ ਇਕ ਨੌਜਵਾਨ ਜੋ ਕੈਨੇਡਾ ਵਿਖੇ ਸਿਟੀਜ਼ਨ ਸੀ ਅਤੇ ਕੁਝ ਦਿਨਾਂ ਤੋਂ ਲਾਪਤਾ ਸੀ, ਦੀ ਲਾਸ ਮਿਲਣ ਨਾਲ ਪਰਿਵਾਰ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਸਾਦਿਕ ਦੇ ਆੜ੍ਹਤੀ ਪਵਨ ਬਜਾਜ ਦੇ ਬੇਟੇ ਅਤੇ ਸੇਂਟ ਸੋਲਜ਼ਰ ਸੀਨੀਅਰ ਸੈਕੰਡਰੀ ਸਕੂਲ ਸਾਦਿਕ ਦੇ ਪ੍ਰਿੰਸੀਪੀਲ ਸੰਜੀਵ ਬਜਾਜ ਦਾ ਭਤੀਜਾ ਵਿਸਾਲ ਕੁਮਾਰ ਬਜਾਜ ਲਗਭਗ 7 ਸਾਲ ਪਹਿਲਾਂ ਕੈਨੇਡਾ ਗਿਆ ਸੀ ਅਤੇ ਇਸ ਸਮੇਂ ਕੈਨੇਡਾ ਦਾ ਸਿਟੀਜਨ ਸੀ। ਸੰਜੀਵ ਬਜਾਜ ਨੇ ਭਰੇ ਮਨ ਨਾਲ ਦੱਸਿਆ ਕਿ ਵਿਸ਼ਾਲ ਦੇ ਮਾਲਕ ਨੇ 15 ਸਤੰਬਰ 2024 ਨੂੰ ਸਰੀ ਆਰ. ਸੀ. ਐੱਮ. ਪੀ. ਨੂੰ ਵੈਨਕੂਵਰ ਵਿੱਚ ਕੰਮ ਲਈ ਪੇਸ ਹੋਣ ਵਿੱਚ ਅਸਫਲ ਰਹਿਣ ਤੋਂ ਬਾਅਦ ਪੁਲਸ ਨੂੰ ਸੁਚੇਤ ਕੀਤਾ ਸੀ। ਵਿਸ਼ਾਲ ਨੂੰ ਆਖਰੀ ਵਾਰ 13 ਸਤੰਬਰ ਨੂੰ ਰਾਤ 8.41 ਵਜੇ ਦੇ ਕਰੀਬ ਸਰੀ ਵਿੱਚ 114 ਐਵੇਨਿਊ ਦੇ 142 ਬਲਾਕ ਵਿੱਚ ਆਪਣੀ ਰਿਹਾਇਸ ਛੱਡਦਿਆਂ ਵੇਖਿਆ ਗਿਆ ਸੀ। ਹੁਣ ਲਾਪਤਾ 27 ਸਾਲਾ ਵਿਸਾਲ ਬਜਾਜ ਦੀ ਲਾਸ ਡੈਲਟਾ ਤੋਂ ਮਿਲੀ ਹੈ। ਇਹ ਮੰਨਿਆ ਜਾਂਦਾ ਹੈ ਕਿ ਉਸ ਨੇ ਅਲੈਕਸ ਫਰੇਜਰ ਬ੍ਰਿਜ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। 15 ਸਤੰਬਰ ਨੂੰ ਪੁਲਸ ਨੂੰ ਰਿਪੋਰਟ ਮਿਲੀ ਸੀ ਕਿ 27 ਸਾਲਾ ਵਿਸਾਲ ਬਜਾਜ ਵੈਨਕੂਵਰ ਵਿੱਚ ਆਪਣੀ ਨੌਕਰੀ ਵਾਲੀ ਥਾਂ ‘ਤੇ ਨਹੀਂ ਪਹੁੰਚਿਆ ਹੈ। ਉਸੇ ਦਿਨ ਪਹਿਲਾਂ ਉਸ ਦਾ ਬੈਗਪੈਕ ਅਲੈਕਸ ਫਰੇਜਰ ਬ੍ਰਿਜ ‘ਤੇ ਪੈਦਲ ਚੱਲਣ ਵਾਲੇ ਰਸਤੇ ਨੇੜੇ ਮਿਲਿਆ ਸੀ। ਉਨ੍ਹਾਂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਕਰਦਿਆਂ ਕੈਨੇਡਾ ਦੇ ਪੁਲਸ ਨੇ ਸਾਦਿਕ ਰਹਿੰਦੇ ਮ੍ਰਿਤਕ ਦੇ ਮਾਪੇ ਜੰਡ ਸਾਹਿਬ ਦੇ ਆੜ੍ਹਤੀ ਪਵਨ ਬਜਾਜ ਨੂੰ ਸੂਚਿਤ ਕੀਤਾ ਸੀ। ਇਹ ਮੰਦਭਾਗੀ ਖਬਰ ਸੁਨਣ ਤੋਂ ਪਰਿਵਾਰ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਹੁਣ ਪਰਿਵਾਰ ਵਿਸਾਲ ਬਜਾਜ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਯਤਨਸੀਲ ਹੈ।

# ਪਟੜੀ ‘ਤੇ ਰੱਖੇ ਲੋਹੇ ਦੇ ਟੁਕੜੇ ਨਾਲ ਟਕਰਾਈ ਰੇਲਗੱਡੀ, ਟਲਿਆ ਵੱਡਾ ਹਾਦਸਾ

**ਏਜੰਸੀਆਂ**

ਨੈਸਨਲ ਡੈਸਕ 29 ਸਤੰਬਰ। ਗੁਜਰਾਤ ਦੇ ਬੋਟਾਦ ਵਿੱਚ ਬੁੱਧਵਾਰ ਤੜਕੇ ਇੱਕ ਯਾਤਰੀ ਰੇਲਗੱਡੀ ਉਸ ਸਮੇਂ ਰੁੱਕ ਗਈ, ਜਦੋਂ ਉਹ ਰੇਲਵੇ ਟਰੈਕ ਦੇ ਵਿਚਕਾਰ ਰੱਖੇ ਪੁਰਾਣੇ ਲੋਹੇ ਦੇ ਇੱਕ ਟੁਕੜੇ ਨਾਲ ਟਕਰਾ ਗਈ। ਪੁਲਸ ਨੇ ਦੱਸਿਆ ਕਿ ਇਹ ਟੁਕੜਾ ਕਿਸੇ ਨੇ ਤੋੜ-ਭੰਨ ਦੀ ਸਾਜਿ਼ਸ ਤਹਿਤ ਰੱਖਿਆ ਸੀ। ਇਸ ਘਟਨਾ ਵਿਚ ਕੋਈ ਜਖਮੀ ਨਹੀਂ ਹੋਇਆ। ਬੋਟਾਦ ਦੇ ਪੁਲਸ ਸੁਪਰਡੈਂਟ ਕਿਸੋਰ ਬਲੋਲੀਆ ਨੇ ਦੱਸਿਆ, “ਬੋਟਾਦ ਜਿ਼ਲ੍ਹੇ ਦੇ ਰਾਨਪੁਰ ਪੁਲਸ ਸਟੇਸਨ ਦੀ ਸੀਮਾ ਤੋਂ ਲੰਘ ਰਹੀ ਓਖਾ-ਭਾਵਨਗਰ ਪੈਸੰਜਰ ਟਰੇਨ (19210) ਤੜਕੇ 3 ਵਜੇ ਦੇ ਕਰੀਬ ਟਰੈਕ ‘ਤੇ ਰੱਖੇ ਚਾਰ ਫੁੱਟ ਲੰਬੇ ਲੋਹੇ ਦੇ ਟੁਕੜੇ ਨਾਲ ਟਕਰਾ ਗਈ।” ਉਨ੍ਹਾਂ ਨੇ ਕਿਹਾ, “ਟਰੇਨ ਟ੍ਰੈਕ ਦੇ ਵਿਚਕਾਰ ਰੱਖੇ ਲੋਹੇ ਦੇ ਟੁਕੜੇ ਨਾਲ ਟਕਰਾ ਗਈ, ਜਿਸ ਤੋਂ ਬਾਅਦ ਟਰੇਨ ਕਈ ਘੰਟੇ ਉੱਥੇ ਰੁਕੀ ਰਹੀ। ਇਸ ਸਬੰਧੀ ਸਥਾਨਕ ਪੁਲਸ ਮੁਲਾਜਮਾਂ ਨੂੰ ਸਵੇਰੇ 7.30 ਵਜੇ ਸੂਚਨਾ ਦਿੱਤੀ ਗਈ, ਜਿਸ ਤੋਂ ਬਾਅਦ ਪੁਲਸ ਨੇ ਮੌਕੇ ‘ਤੇ ਪਹੁੰਚ ਕੇ ਇਸ ਮਾਮਲੇ ਦੀ ਜਾਂਚ ਕਰਨੀ ਸੁਰੂ ਕੀਤੀ।



ਉਨ੍ਹਾਂ ਦੱਸਿਆ ਕਿ ਇਹ ਘਟਨਾ ਕੁੰਡਲੀ ਰੇਲਵੇ ਸਟੇਸਨ ਤੋਂ ਕਰੀਬ ਦੋ ਕਿਲੋਮੀਟਰ ਦੂਰ ਵਾਪਰੀ ਹੈ। ਪੁਲਸ ਮੁਤਾਬਕ ਇਹ ਕਿਸੇ ਤੋੜ-ਭੰਨ ਦੀ ਸਾਜਿ਼ਸ ਦਾ ਮਾਮਲਾ ਜਾਪਦਾ ਹੈ, ਹਾਲਾਂਕਿ ਇਸ ਸਬੰਧੀ ਜਾਂਚ ਜਾਰੀ ਹੈ। ਗੁਜਰਾਤ ਦੇ ਸੂਰਤ ਜਿ਼ਲ੍ਹੇ ਵਿੱਚ ਰੇਲਵੇ ਪਟੜੀਆਂ ਨਾਲ ਛੇੜਛਾੜ ਕਰਨ ਅਤੇ ਫਿਰ ਸੰਭਾਵਿਤ ਦੁਰਘਟਨਾ ਨੂੰ ਟਾਲਣ ਦਾ ਸਿਹਰਾ ਲੈਣ ਲਈ ਅਧਿਕਾਰੀਆਂ ਨੂੰ “ਭੰਨ-ਤੋੜ ਦੀ ਕੋਸਿ਼ਸ” ਬਾਰੇ ਸੂਚੇਤ ਕਰਨ ਦੇ ਦੋਸ਼ ਵਿਚ ਰੇਲਵੇ ਦੇ ਤਿੰਨ ਕਰਮਚਾਰੀਆਂ ਨੂੰ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਮੁਲਜਮਾਂ ਨੇ ਕੋਸੰਬਾ ਅਤੇ ਕਿਮ ਸਟੇਸ਼ਨਾਂ ਦੇ ਵਿਚਕਾਰ ਨਿਰੀਖਣ ਦੌਰਾਨ ਸ਼ਨੀਵਾਰ ਸਵੇਰੇ ਰੇਲਵੇ ਪ੍ਰਸ਼ਾਸਨ ਨੂੰ ਸੁਚੇਤ ਕੀਤਾ ਸੀ ਕਿ ਸ਼ਰਾਰਤੀ ਤੱਤ ਟਰੇਨ ਨੂੰ ਪਟੜੀ ਤੋਂ ਉਤਾਰਨ ਲਈ ਇਕ ਪਾਸੇ ਲਚਕੀਲੇ ਕਲਿੱਪ ਅਤੇ ਦੋ ਫਿਸ਼ ਪਲੇਟਾਂ ਨੂੰ ਹਟਾ ਕੇ ਉਹਨਾਂ ਨੂੰ ਦੂਜੀ ਪਟੜੀ ‘ਤੇ ਰੱਖ ਦਿੰਦੇ ਹਨ। ਉਹਨਾਂ ਦੱਸਿਆ ਸੀ ਕਿ ਮੁਲਜਮਾਂ ਨੇ ਅਜਿਹਾ ਇਸ ਲਈ ਕੀਤਾ ਸੀ ਕਿ ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ ਅਤੇ ਅੱਗੇ ਰਾਤ ਦੀ ਡਿਊਟੀ ‘ਤੇ ਤਾਇਨਾਤ ਕੀਤਾ ਜਾਵੇਗਾ, ਜਿਸ ਨਾਲ ਉਨ੍ਹਾਂ ਨੂੰ ਦਿਨ ਵੇਲੇ ਪਰਿਵਾਰ ਨਾਲ ਸਮਾਂ ਬਿਤਾਉਣ ਦਾ ਮੌਕਾ ਮਿਲੇਗਾ।

# ਪੰਜਾਬ ‘ਚ ਦਰਦਨਾਕ ਹਾਦਸਾ, ਖੇਡਦੇ ਸਮੇਂ 3 ਸਾਲਾ ਬੱਚੇ ਨਾਲ ਵਾਪਰੀ ਅਣਹੋਣੀ

**ਏਜੰਸੀਆਂ**

ਨਾਭਾ 29 ਸਤੰਬਰ। ਨਾਭਾ ਵਿਚ ਦਰਦਨਾਕ ਹਾਦਸਾ ਹੋਣ ਦੀ ਖਬਰ ਸਾਹਮਣੇ ਆਈ ਹੈ। ਨਾਭਾ ਦੀ ਅਨਾਜ ਮੰਡੀ ਅੰਦਰ ਐੱਸ. ਬੀ. ਆਈ. ਬੈਂਕ ਵੱਲੋਂ ਰੱਖੇ ਗਏ ਜਨਰੇਟਰ ਦੀਆਂ ਤਾਰਾਂ ਨੰਗੀਆਂ ਹੋਣ ਕਾਰਨ ਗਰੀਬ ਪਰਿਵਾਰ ਪ੍ਰਵਾਸੀ ਮਜਦੂਰ ਦੇ ਤਿੰਨ ਸਾਲਾ ਬੇਟੇ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ। ਗੁੱਸੇ ਵਿੱਚ ਆਏ ਮਜਦੂਰਾਂ ਵੱਲੋਂ ਬੈਂਕ ਦੇ ਬਾਹਰ ਬੱਚੇ ਦੀ ਲਾਸ ਰੱਖ ਕੇ ਧਰਨਾ ਲਗਾਇਆ ਗਿਆ। ਪੁਲਸ ਵੱਲੋਂ ਅਣਗਹਿਲੀ ਵਰਤਣ ਵਾਲਿਆਂ ਖਿ਼ਲਾਫ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਅਨਾਜ ਮੰਡੀ ਅੰਦਰ ਐੱਸ. ਬੀ. ਆਈ. ਬੈਂਕ ਦੀ ਸਾਖਾ ਨਾਭਾ ਵੱਲੋਂ ਖੋਲ੍ਹੀ ਗਈ ਬਰਾਂਚ ਦੀ ਇਮਾਰਤ ਦੇ ਪਿਛਲੇ ਪਾਸੇ ਨਾਜਾਇਜ ਤੌਰ ‘ਤੇ ਸਰਕਾਰੀ ਰਸਤੇ ਉੱਪਰ ਬੈਂਕ ਵੱਲੋਂ ਜਨਰੇਟਰ ਰੱਖਿਆ ਹੋਇਆ ਸੀ, ਜਿਸ ਦੀਆਂ ਤਾਰਾਂ ਨੰਗੀਆਂ ਸਨ। ਜਨਰੇਟਰ ਨੇੜੇ ਮਜਦੂਰ ਪਰਿਵਾਰ ਦੇ ਬੱਚੇ ਖੇਡ ਰਹੇ ਸਨ ਤਾਂ ਜਰਨੇਟਰ ਵਿੱਚ ਕਰੰਟ ਹੋਣ ਕਾਰਨ ਤਿੰਨ ਸਾਲਾ ਬੱਚੇ ਦੇ ਪੈਰਾਂ ‘ਤੇ ਕਰੰਟ ਲੱਗ ਗਿਆ ਅਤੇ ਉਸ ਦੀ ਤੜਫ-ਤੜਫ ਕੇ ਮੌਕੇ ‘ਤੇ ਮੌਤ ਹੋ ਗਈ।




ਇਸ ਘਟਨਾ ਤੋਂ ਬਾਅਦ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ ਅਤੇ ਸਥਿਤੀ ਤਣਾਅਪੂਰਨ ਬਣ ਗਈ। ਮੌਤ ਉਪਰੰਤ ਬੱਚੇ ਦੇ ਪਰਿਵਾਰ ਵਾਲੇ ਬੈਂਕ ਕੋਲ ਆਏ ਤਾਂ ਬੈਂਕ ਮੁਲਾਜਮਾਂ ਵੱਲੋਂ ਬੈਂਕ ਦਾ ਕੈਂਚੀ ਗੇਟ ਬੰਦ ਕਰ ਦਿੱਤਾ ਗਿਆ ਅਤੇ ਪਰਿਵਾਰ ਦੀ ਕੋਈ ਗੱਲ ਨਹੀਂ ਸੁਣੀ, ਜਿਸ ਕਾਰਨ ਭੜਕੇ ਮਜਦੂਰਾਂ ਨੇ ਇਨਸਾਫ ਦੀ ਮੰਗ ਕਰਦਿਆਂ ਬੈਂਕ ਅੱਗੇ ਬੱਚੇ ਦੀ ਲਾਸ ਰੱਖ ਧਰਨਾ ਲਗਾ ਦਿੱਤਾ। ਬੈਂਕ ਮੁਲਾਜਮਾਂ ਵੱਲੋਂ ਮੈਨੇਜਰ ਦੇ ਛੁੱਟੀ ‘ਤੇ ਗਏ ਹੋਣ ਦੀ ਗੱਲ ਕਹੀ ਗਈ ਅਤੇ ਸੀਨੀਅਰ ਦੇ ਆਉਣ ਉਪਰੰਤ ਹੀ ਗੱਲ ਕਰਨ ਦੀ ਗੱਲ ਆਖੀ ਗਈ। ਸੀਨੀਅਰ ਚੀਫ ਮੈਨੇਜਰ ਸੰਤੋਸ ਕੁਮਾਰ ਦੋ ਘੰਟੇ ਉਪਰੰਤ ਪਹੁੰਚੇ ਅਤੇ ਸਿੱਧੇ ਤੌਰ ‘ਤੇ ਕਿਹਾ ਕਿ ਬੈਂਕ ਨੇ ਜਨਰੇਟਰ ਠੇਕੇ ‘ਤੇ ਦਿੱਤਾ ਹੋਇਆ ਸੀ ਜਦਕਿ ਬੈਂਕ ਨੇ ਕੋਈ ਵੀ ਜਗ੍ਹਾ ਜਰਨੇਟਰ ਵਾਲੇ ਨੂੰ ਨਹੀਂ ਦਿੱਤੀ ਹੋਈ। ਸਰਕਾਰੀ ਗਲੀ ਵਿੱਚ ਪਿਛਲੇ ਪਾਸੇ ਜਨਰੇਟਰ ਰੱਖਿਆ ਹੋਇਆ ਹੈ। ਇਸ ਮੌਕੇ ‘ਤੇ ਯੂ. ਪੀ. ਦੇ ਮਜਦੂਰ ਫਈਮ ਦੇ ਤਿੰਨ ਸਾਲਾ ਮ੍ਰਿਤਕ ਆਹੀਲ ਦੀ ਮਾਂ ਨਿਖਤ ਮੁਤਾਬਕ ਬੀਤੇ ਦਿਨ ਜੋ ਵਿਅਕਤੀ ਜਨਰੇਟਰ ਠੀਕ ਕਰਨ ਆਇਆ ਸੀ ਉਸ ਵੱਲੋਂ ਤਾਰਾ ਨੰਗੀਆਂ ਛੱਡ ਦਿੱਤੀਆਂ ਗਈਆਂ ਸਨ। ਕਈ ਸਾਲਾਂ ਤੋਂ ਜਨਰੇਟਰ ਇਸੇ ਥਾਂ ‘ਤੇ ਪਿਆ ਹੈ ਪਹਿਲਾਂ ਕੋਈ ਵੀ ਅਜਿਹੀ ਮੁਸਕਿਲ ਜਨਰੇਟਰ ਦੇ ਪਏ ਹੋਣ ਕਾਰਨ ਨਹੀਂ ਆਈ। ਇਸ ਮੌਕੇ ‘ਤੇ ਨਾਭਾ ਦੀ ਸਬਜੀ ਮੰਡੀ ਵਿੱਚ ਕੰਮ ਕਰਦੇ ਇਸ ਮਜਦੂਰ ਪਰਿਵਾਰ ਨਾਲ ਸਬਜੀ ਮੰਡੀ ਦੇ ਆੜ੍ਹਤੀਏ ਮਦਦ ਲਈ ਪਹੁੰਚੇ ਅਤੇ ਉਨ੍ਹਾਂ ਦੱਸਿਆ ਕਿ ਬਿਲਕੁਲ ਵੀ ਬੈਂਕ ਮੁਲਾਜਮਾਂ ਵੱਲੋਂ ਬੱਚੇ ਦੀ ਮੌਤ ਹੋਣ ‘ਤੇ ਅਫਸੋਸ ਨਹੀਂ ਪ੍ਰਗਟਾਇਆ ਗਿਆ ਉਲਟਾ ਗੇਟ ਤੱਕਰ ਬੰਦ ਕਰ ਦਿੱਤਾ ਗਿਆ।

# ਪਾਰਕਾਂ ਅਤੇ ਸੜਕਾਂ ਕੰਢਿਓਂ ਬਾਗਬਾਨੀ ਦਾ ਕੂੜਾ ਹਟਾਉਣ ਦੇ ਨਿਰਦੇਸ਼

ਲੁਧਿਆਣਾ 29 ਸਤੰਬਰ। ਨਗਰ ਨਿਗਮ ਕਮਿਸਨਰ ਆਦਿਤਿਆ ਡੇਚਲਵਾਲ ਨੇ ਬਾਗਬਾਨੀ ਸਾਖਾ ਨੂੰ ਪਾਰਕਾਂ ਅਤੇ ਸੜਕਾਂ ਦੇ ਕਿਨਾਰਿਆਂ ਤੋਂ ਹਰੇ/ਬਾਗਬਾਨੀ ਦੇ ਕੂੜੇ ਨੂੰ ਹਟਾਉਣ ਨੂੰ ਯਕੀਨੀ ਬਣਾਉਣ ਲਈ ਨਿਰਦੇਸ ਦਿੱਤੇ ਹਨ। ਇਸ ਤੋਂ ਇਲਾਵਾ, ਸਿਹਤ ਸਾਖਾ ਦੇ ਅਧਿਕਾਰੀਆਂ ਨੂੰ ਘਰਾਂ ਅਤੇ ਸਟੈਟਿਕ ਕੰਪੈਕਟਰ ਸਾਈਟਾਂ ਤੋਂ ਸੁੱਕੇ ਅਤੇ ਗਿੱਲੇ ਕੂੜੇ ਨੂੰ ਵੱਖ-ਵੱਖ ਕਰਕੇ ਚੁੱਕਣ ਲਈ ਨਿਰਦੇਸ ਦਿੱਤੇ ਗਏ ਹਨ। ਇਹ ਹਦਾਇਤਾਂ ਬੁੱਧਵਾਰ ਨੂੰ ਨਗਰ ਨਿਗਮ ਕਮਿਸਨਰ ਡੇਚਲਵਾਲ ਵੱਲੋਂ ਨਗਰ ਨਿਗਮ ਜੋਨ ਏ ਦਫਤਰ ਵਿਖੇ ਹੋਈ ਮੀਟਿੰਗ ਦੌਰਾਨ ਜਾਰੀ ਕੀਤੀਆਂ ਗਈਆਂ। ਡੇਚਲਵਾਲ ਨੇ ਸਿਹਤ ਸਾਖਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਹਿਰ ਵਿਚ ਬਲਕ ਵੇਸਟ ਜਨਰੇਟਰਾਂ ਦੀ ਚੈਕਿੰਗ ਕਰਨ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਨਿਯਮਾਂ ਅਨੁਸਾਰ ਆਪਣੇ ਕੂੜੇ ਨੂੰ ਖੁਦ ਹੀ ਨਿਪਟਾਉਣ। ਸਹਿਰ ਵਿਚ ਚੱਲ ਰਹੇ ਸਫਾਈ ਅਭਿਆਨ ਦੌਰਾਨ ਕੂੜੇ ਦੇ ਵਲਨਰੇਬਲ ਪੁਆਇੰਟਾਂ (ਜੀ.ਵੀ.ਪੀ.) ਨੂੰ ਹਟਾਉਣ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਸਿਹਤ ਸਾਖਾ ਦੇ ਅਧਿਕਾਰੀਆਂ ਨੂੰ ਘਰਾਂ ਅਤੇ ਸਟੈਟਿਕ ਕੰਪੈਕਟਰ ਸਾਈਟਾਂ ਤੋਂ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ-ਵੱਖ ਕਰਕੇ ਇਕੱਠਾ ਕਰਨਾ ਯਕੀਨੀ ਬਣਾਉਣ ਦੇ ਨਿਰਦੇਸ ਦਿੱਤੇ ਗਏ ਹਨ। ਅਧਿਕਾਰੀਆਂ ਨੂੰ ਕੂੜਾ ਪ੍ਰਬੰਧਨ ਨਿਯਮਾਂ ਅਨੁਸਾਰ ਸੁੱਕੇ ਅਤੇ ਗਿੱਲੇ ਕੂੜੇ ਨੂੰ ਵੱਖ-ਵੱਖ ਕਰਕੇ ਕੂੜਾ



ਇਕੱਠਾ ਕਰਨ ਵਾਲਿਆਂ ਨੂੰ ਸੌਂਪਣ ਵਿੱਚ ਅਸਫਲ ਰਹਿਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੇ ਵੀ ਨਿਰਦੇਸ ਦਿੱਤੇ ਗਏ। ਡੇਚਲਵਾਲ ਨੇ ਦੱਸਿਆ ਕਿ ਸਿਹਤ ਸਾਖਾ ਦੇ ਅਧਿਕਾਰੀਆਂ ਨੂੰ ਸਹਿਰ ਭਰ ਵਿਚ ਸਫਾਈ ਨੂੰ ਯਕੀਨੀ ਬਣਾਉਣ ਲਈ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਨਾਲ ਹੀ ਬਾਗਬਾਨੀ ਸਾਖਾ ਨੂੰ ਇਕ ਸਮਾਂ-ਸਾਰਣੀ ਤਿਆਰ ਕਰਨ ਅਤੇ ਸਹਿਰ ਦੀਆਂ ਸੜਕਾਂ ਦੇ ਕਿਨਾਰਿਆਂ ਅਤੇ ਪਾਰਕਾਂ ਤੋਂ ਬਾਗਬਾਨੀ ਦੇ ਕੂੜੇ ਨੂੰ ਨਿਯਮਤ ਤੌਰ ‘ਤੇ ਚੁੱਕਣ ਨੂੰ ਯਕੀਨੀ ਬਣਾਉਣ ਲਈ ਨਿਰਦੇਸ ਦਿੱਤੇ ਗਏ ਹਨ।